PUNJAB VIDHAN SABHA

DEBATES

Thursday, the 19th March, 2015

Vol. X– No. 5

OFFICIAL REPORT

CONTENTS

Punjab Vidhan Sabha Secretariat, Chandigarh

Price : Rs._________.

ਪੰਜਾਬ ਮੰਤਰੀ ਮੰਡਲ ਦੀ ਸੂਚੀ
ਕੈਬਨਿਟ ਮੰਤਰੀ

ਕ੍ਰਮ ਨੰ:	ਨਾਮ	ਮਹਿਕਮਾ/ਮਹਿਕਮੇ
1)	ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ	ਆਮ ਪ੍ਰਸ਼ਾਸਨ,ਸਹਿਕਾਰਤਾ, ਸਾਇੰਸ ਤਕਨਾਲੋਜੀ, ਵਾਤਾਵਰਣ,ਵਿਜੀਲੈਂਸ ਅਤੇ ਸ਼ਹਿਰੀ ਹਵਾਬਾਜ਼ੀ
2)	ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ	ਗ੍ਰਿਹ ਮਾਮਲੇ, ਪ੍ਰਸ਼ਾਸਕੀ ਸੁਧਾਰ, ਹਾਊਸਿੰਗ, ਕਰ ਤੇ ਆਬਕਾਰੀ, ਖੇਡਾਂ ਤੇ ਯੁਵਕ ਸੇਵਾਵਾਂ, ਪੂੰਜੀ ਨਿਵੇਸ਼ ਅਤੇ ਬਿਜਲੀ
3)	ਸ਼੍ਰੀ ਚੂਨੀ ਲਾਲ ਭਗਤ	ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ
4)	ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ	ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤਕਨਾਲੋਜੀ ਮੰਤਰੀ
5)	ਸਰਦਾਰ ਅਜੀਤ ਸਿੰਘ ਕੋਹਾੜ	ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਅਤੇ ਰੋਜ਼ਗਾਰ ਪੈਦਾਕਰਨ ਮੰਤਰੀ
6)	ਸਰਦਾਰ ਗੁਲਜਾਰ ਸਿੰਘ ਰਣੀਕੇ	ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ
7)	ਸ਼੍ਰੀ ਮਦਨ ਮੋਹਨ ਮਿੱਤਲ	ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ
8)	ਸਰਦਾਰ ਪਰਮਿੰਦਰ ਸਿੰਘ ਢੀਂਡਸਾ	ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ
9)	ਸਰਦਾਰ ਜਨਮੇਜਾ ਸਿੰਘ ਸੇਖੋਂ	ਲੋਕ ਨਿਰਮਾਣ (ਭ ਤੇ ਮ) ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨਰਾਂ ਦੀ ਭਲਾਈ ਮੰਤਰੀ

10)	ਸ਼੍ਰੀ ਸੁਰਜੀਤ ਕੁਮਾਰ ਜਿਆਨੀ	ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ
11)	ਸਰਦਾਰ ਤੋਤਾ ਸਿੰਘ	ਖੇਤੀਬਾੜੀ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ
12)	ਸਰਦਾਰ ਬਿਕਰਮ ਸਿੰਘ ਮਜੀਠੀਆ	ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ
13)	ਸਰਦਾਰ ਸਿਕੰਦਰ ਸਿੰਘ ਮਲੂਕਾ	ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ
14)	ਸ਼੍ਰੀ ਅਨਿਲ ਜੋਸ਼ੀ	ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ
15)	ਸਰਦਾਰ ਸੁਰਜੀਤ ਸਿੰਘ ਰੱਖੜਾ	ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ
16)	ਸਰਦਾਰ ਸ਼ਰਨਜੀਤ ਸਿੰਘ ਢਿੱਲੋਂ	ਸਿੰਚਾਈ ਮੰਤਰੀ
17)	ਸਰਦਾਰ ਸੋਹਣ ਸਿੰਘ ਠੰਡਲ	ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ
18)	ਡਾਕਟਰ ਦਲਜੀਤ ਸਿੰਘ ਚੀਮਾ	ਸਿੱਖਿਆ ਮੰਤਰੀ

ਮੁੱਖ ਸੰਸਦੀ ਸਕੱਤਰ

ਕ੍ਰਮ ਨੰ:	ਨਾਮ	ਮਹਿਕਮਾ/ਮਹਿਕਮੇ
1)	ਚੌਧਰੀ ਨੰਦ ਲਾਲ	ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ
2)	ਸਰਦਾਰ ਬਲਬੀਰ ਸਿੰਘ ਘੁੰਨਸ	ਜੇਲ੍ਹਾਂ, ਸੈਰ-ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ
3)	ਸ਼੍ਰੀ ਦੇਸ ਰਾਜ ਧੁੱਗਾ	ਪਸ਼ੂ ਪਾਲਣ,ਮੱਛੀ ਪਾਲਣ ਅਤੇ ਡੇਅਰੀ ਵਿਕਾਸ
4)	ਸਰਦਾਰ ਹਰਮੀਤ ਸਿੰਘ ਸੰਧੂ	ਲੋਕ ਨਿਰਮਾਣ (ਭ ਤੇ ਮ)
5)	ਸਰਦਾਰ ਮਨਤਾਰ ਸਿੰਘ ਬਰਾੜ	ਪੇਂਡੂ ਵਿਕਾਸ ਅਤੇ ਪੰਚਾਇਤਾਂ
6)	ਸ਼੍ਰੀਮਤੀ ਮਹਿੰਦਰ ਕੌਰ ਜੋਸ਼	ਸਿੰਜਾਈ
7)	ਸ਼੍ਰੀ ਅਵਿਨਾਸ਼ ਚੰਦਰ	ਉਚੇਰੀ ਸਿੱਖਿਆ
8)	ਸ਼੍ਰੀ ਕੇ.ਡੀ.ਭੰਡਾਰੀ	ਸਹਿਕਾਰਤਾ
9)	ਸਰਦਾਰ ਇੰਦਰਬੀਰ ਸਿੰਘ ਬੁਲਾਰੀਆ	ਸਿੱਖਿਆ
10)	ਸਰਦਾਰ ਅਮਰਪਾਲ ਸਿੰਘ ਅਜਨਾਲਾ	ਤਕਨੀਕੀ ਸਿੱਖਿਆ ਅਤੇ ਸਨਅਤੀ ਸੰਸਥਾਵਾਂ
11)	ਸਰਦਾਰ ਗੁਰਬਚਨ ਸਿੰਘ ਬੱਬੇਹਾਲੀ	ਖੇਤੀਬਾੜੀ
12)	ਸਰਦਾਰ ਵਿਰਸਾ ਸਿੰਘ ਵਲਟੋਹਾ	ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ , ਸੁਰੱਖਿਆ ਸੇਵਾਵਾਂ ਭਲਾਈ
13)	ਸ਼੍ਰੀ ਐਨ.ਕੇ.ਸ਼ਰਮਾ	ਉਦਯੋਗ ਅਤੇ ਵਣਜ
14)	ਸ਼੍ਰੀਮਤੀ ਐਫ.ਨਿਸਾਰਾ ਖਾਤੂਨ (ਫਰਜ਼ਾਨਾ ਆਲਮ)	ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ
15)	ਡਾਕਟਰ ਨਵਜੋਤ ਕੌਰ ਸਿੱਧੂ	ਸਿਹਤ ਅਤੇ ਪਰਿਵਾਰ ਭਲਾਈ
16)	ਸ਼੍ਰੀ ਪ੍ਰਕਾਸ਼ ਚੰਦ ਗਰਗ	ਖੁਰਾਕ ਅਤੇ ਸਿਵਲ ਸਪਲਾਈ
17)	ਸ਼੍ਰੀ ਪਵਨ ਕੁਮਾਰ ਟੀਨੂੰ	ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ
18)	ਸ਼੍ਰੀ ਸਰੂਪ ਚੰਦ ਸਿੰਗਲਾ	ਆਬਕਾਰੀ ਅਤੇ ਕਰ
19)	ਸ਼੍ਰੀ ਸੋਮ ਪ੍ਰਕਾਸ਼	ਸਥਾਨਕ ਸਰਕਾਰ

PUNJAB VIDHAN SABHA

Thursday, the 19th March, 2015

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr Speaker (Doctor Charnjit Singh Atwal) in the Chair.

———————

STARRED QUESTIONS AND ANSWERS

ਮਾਨਯੋਗ ਸਪੀਕਰ : ਪ੍ਰਸ਼ਨ ਕਾਲ। ਸ਼੍ਰੀ ਪ੍ਰੇਮ ਮਿੱਤਲ ਜੀ।

ਲਿੰਕ ਸੜਕਾਂ ਦੀ ਮੁਰੰਮਤ ਕਰਨਾ

***1767. ਸ਼੍ਰੀ ਪ੍ਰੇਮ ਮਿੱਤਲ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਹਲਕਾ ਮਾਨਸਾ ਵਿੱਚ ਇਸ ਸਮੇਂ ਰਿਪੇਅਰ ਹੋਣ ਵਾਲੀਆਂ ਕਿੰਨੀਆਂ ਲਿੰਕ ਸੜਕਾਂ ਹਨ ਅਤੇ ਇਹ ਸੜਕਾਂ ਪਹਿਲਾਂ ਕਦੋਂ ਰਿਪੇਅਰ ਕੀਤੀਆਂ ਗਈਆਂ ਸਨ;

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਲਿੰਕ ਸੜਕਾਂ ਦੀ ਤੁਰੰਤ ਰਿਪੇਅਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਸਰਦਾਰ ਤੋਤਾ ਸਿੰਘ : (ੳ) ਹਲਕਾ ਮਾਨਸਾ ਵਿੱਚ ਰਿਪੇਅਰ ਹੋਣ ਵਾਲੀਆਂ ਲਿੰਕ ਸੜਕਾਂ ਦੀ ਗਿਣਤੀ 113 ਹੈ। ਜਿਨ੍ਹਾਂ ਦਾ ਵੇਰਵਾ ਅਨੁਲੱਗ (ੳ) ਵਿੱਚ ਦਿੱਤਾ ਗਿਆ ਹੈ।

(ਅ) ਫੰਡਾਂ ਦੀ ਉਪਲਬਧਤਾ ਨੂੰ ਧਿਆਨ ਵਿੱਚ ਰੱਖਦਿਆਂ ਉਪਰੋਕਤ ਸੜਕਾਂ ਦੀ ਰਿਪੇਅਰ ਦਾ ਕੰਮ ਇਨ੍ਹਾਂ ਦੀ ਪ੍ਰਾਥਮਿਕਤਾ ਤੈਅ ਕਰਨ ਉਪਰੰਤ ਕੀਤਾ ਜਾਵੇਗਾ।

[ਖੇਤੀਬਾੜੀ ਮੰਤਰੀ]

ਅਨੁਲੱਗ (ੳ)

ਮਿਤੀ 31.3.2009 ਤੱਕ ਰਿਪੇਅਰ ਲਈ ਡਿਊ ਸੜਕਾਂ ਵਿਧਾਨ ਸਭਾ ਹਲਕਾ ਮਾਨਸਾ, ਜ਼ਿਲ੍ਹਾ ਮਾਨਸਾ

ਲੜੀ ਨੰ.	ਮਾਰਕੀਟ ਕਮੇਟੀ ਦਾ ਨਾਂ	ਕੋਡ ਨੰ.	ਸੜਕ ਦਾ ਨਾਂ	ਲੰਬਾਈ (ਕਿ.ਮੀ. ਵਿੱਚ)	ਪਿਛਲੀ ਰਿਪੇਅਰ ਕਰਨ ਦੀ ਮਿਤੀ
1	ਮਾਨਸਾ	ਬੀ 05080	ਢੱਡੇ-ਬੁਰਜ ਢਿੱਲਵਾਂ-ਬੁਰਜ ਹਰੀ (ਸੈਕ: ਮਾਰਕਿਟ ਕਮੇਟੀ ਹੱਦ ਤੋਂ ਬੁਰਜ ਢਿੱਲਵਾਂ-ਉੱਭਾ ਰੋਡ)	6.61	ਮਾਰਚ-2004
2	ਮਾਨਸਾ	ਬੀ 05082	ਸੁੱਖਾ ਸਿੰਘ ਵਾਲਾ ਤੋਂ ਭਾਈ ਦੇਸਾ	1.15	ਮਾਰਚ-2004
3	ਮਾਨਸਾ	ਬੀ 05093	ਫਿਰਨੀ ਉਭਾ ਤੋਂ ਗੁਰਦੁਆਰਾ ਸਾਹਿਬ ਸ਼ਮਸ਼ਾਨਘਾਟ	1.30	ਜਨਵਰੀ-2007
4	ਮਾਨਸਾ	ਬੀ 05097	ਬੀ.ਐਸ.ਬੀ.ਕੇ. ਰੋਡ ਤੋਂ ਬੁਰਜ ਰਾਠੀ-ਭਾਈ ਦੇਸਾ ਗੁਰਦੁਆਰਾ ਸਾਹਿਬ	2.65	ਮਾਰਚ-2007
5	ਮਾਨਸਾ	ਬੀ 05098	ਬੀ.ਐਸ.ਬੀ.ਕੇ ਰੋਡ ਤੋਂ ਬੁਰਜ ਰਾਠੀ-ਉੱਭਾ	6.75	ਮਾਰਚ-2007
6	ਮਾਨਸਾ	ਐਮ 04001	ਬੀ.ਐਸ.ਬੀ.ਕੇ. ਰੋਡ ਤੋਂ ਖਿਆਲਾ ਮੱਲਕਪੁਰ-ਤਾਮਕੋਟ- ਬੁਰਜ ਹਰੀ-ਉੱਭਾ ਅੱਪਟੂ ਮਾਰਕਿਟ ਕਮੇਟੀ ਹੱਦ	8.79	ਅਕਤੂਬਰ-2005
7	ਮਾਨਸਾ	ਐਮ 04002	ਖਿਆਲਾ ਕਲਾਂ ਤੋਂ ਅੱਤਲਾਂ ਕਲਾਂ ਅੱਪਟੂ ਮਾਰਕਿਟ ਕਮੇਟੀ ਹੱਦ	2.85	ਅਗਸਤ-06
8	ਮਾਨਸਾ	ਐਮ 04003	ਮਾਨਸਾ ਤੋਂ ਐਨ.ਐਮ. ਕਾਲਜ ਮਾਨਸਾ	2.29	ਅਕਤੂਬਰ-07
9	ਮਾਨਸਾ	ਐਮ 04005	ਮਾਨਸਾ-ਕੋਟ ਲੱਲੂ-ਬੱਪੀਆਣਾ-ਫਫੜੇ ਭਾਈਕੇ ਅੱਪਟੂ ਮਾਰਕਿਟ ਕਮੇਟੀ ਹੱਦ	9.33	ਅਕਤੂਬਰ-08
10	ਮਾਨਸਾ	ਐਮ 04007	ਮਾਨਸਾ-ਚਕੇਰੀਆਂ-ਖਿੱਲਣ-ਫਫੜੇ ਭਾਈਕੇ ਅੱਪਟੂ ਮਾਰਕਿਟ ਕਮੇਟੀ ਹੱਦ	8.44	ਨਵੰਬਰ-07

11	ਮਾਨਸਾ	ਐਮ 04008	ਐਚ.ਐਸ. ਰੋਡ ਤੋਂ ਜਵਾਹਰਕੇ-ਬਰਨਾਲਾ-ਨਰਿੰਦਪੁਰਾ-ਬੁਢਲਾਡਾ ਅੱਪਟੂ ਮਾਰਕਿਟ ਕਮੇਟੀ ਹੱਦ	20.16	ਅਗਸਤ-07
12	ਮਾਨਸਾ	ਐਮ 04009	ਬਰਨਾਲਾ-ਖਾਰਾ-ਹੀਰੇਵਾਲਾ-ਪਿੱਪਲੀਆਂ ਅੱਪਟੂ ਮਾਰਕਿਟ ਕਮੇਟੀ ਹੱਦ	7.82	ਜੂਨ-06
13	ਮਾਨਸਾ	ਐਮ 04010	ਹੀਰੇਵਾਲਾ-ਸਹਾਰਨਾ	3.21	ਮਾਰਚ-06
14	ਮਾਨਸਾ	ਐਮ 04011	ਡੈਲੂਆਣਾ (ਨਰਾਇਣ ਗੜ੍ਹ)-ਸਹਾਰਨਾ-ਪਿੱਪਲੀਆਂ ਅੱਪਟੂ ਮਾਰਕਿਟ ਕਮੇਟੀ ਹੱਦ	3.52	ਸਤੰਬਰ-05
15	ਮਾਨਸਾ	ਐਮ 04018	ਮਾਨਸਾ ਤੋਂ ਠੂਠਿਆਵਾਲੀ	3.75	ਨਵੰਬਰ-05
16	ਮਾਨਸਾ	ਐਮ 04020	ਸੱਦਾ ਸਿੰਘ ਵਾਲਾ-ਮੂਸਾ-ਕਰਮਗੜ੍ਹ (ਔਤਾਵਾਲੀ-ਤਲਵੰਡੀ ਆਕਲੀਆਂ)	11.74	ਜੁਲਾਈ-07
17	ਮਾਨਸਾ	ਐਮ 04040	ਖਿਆਲਾ-ਮਲਕਪੁਰ-ਭੋਪਾਲ ਅੱਪਟੂ ਮਾਰਕਿਟ ਕਮੇਟੀ ਹੱਦ	4.90	ਅਕਤੂਬਰ-05
18	ਮਾਨਸਾ	ਐਮ 04041	ਬੀ.ਐਸ.ਬੀ.ਕੇ. ਰੋਡ ਤੋਂ ਮਲਕਪੁਰ-ਖਿਆਲਾ	1.52	ਮਈ-06
19	ਮਾਨਸਾ	ਐਮ 04043	ਬੀ.ਐਸ.ਬੀ.ਕੇ. ਰੋਡ ਤੋਂ ਪੁਰਾਣਾ ਮੰਦਰ ਖਿਆਲਾ	0.75	ਮਈ-06
20	ਮਾਨਸਾ	ਐਮ 04044	ਬੱਪੀਆਣਾ ਤੋਂ ਖਿਆਲਾ	7.50	ਜੁਲਾਈ-05
21	ਮਾਨਸਾ	ਐਮ 04046	ਮਾਨਸਾ ਖੁਰਦ ਤੋਂ ਸਿਨੇਮਾ	2.08	ਮਾਰਚ-07
22	ਮਾਨਸਾ	ਐਮ 04080	ਫਿਰਨੀ ਪਿੰਡ ਨਰਿੰਦਰਪੁਰਾ	0.76	ਦਸੰਬਰ-04
23	ਮਾਨਸਾ	ਐਮ 04083	ਫਿਰਨੀ ਪਿੰਡ ਸਹਾਰਨਾ	0.10	ਮਾਰਚ-06
24	ਮਾਨਸਾ	ਐਮ 04085	ਮਾਨਸਾ ਖੁਰਦ ਤੋਂ ਲੱਲੂਆਣਾ	3.90	ਅਗਸਤ-06
25	ਮਾਨਸਾ	ਐਮ 04092	ਪਿੰਡ ਖਾਰਾ ਤੋਂ ਗੁਰਦੁਆਰਾ ਸਾਹਿਬ	0.12	ਜੂਨ-07
26	ਮਾਨਸਾ	ਐਮ 04093	ਸਹਾਰਨਾਂ ਤੋਂ ਮੰਢਾਲੀ	1.92	ਨਵੰਬਰ-06

[ਖੇਤੀਬਾੜੀ ਮੰਤਰੀ]

27	ਮਾਨਸਾ	ਐਮ 04099	ਬੀ.ਐਸ.ਬੀ.ਕੇ. ਤਾਮਕੋਟ ਰੋਡ ਤੋਂ ਭੁਪਾਲ ਲਿੰਕ ਰੋਡ ਵਾਇਆ ਸ਼ਮਸ਼ਾਨਘਾਟ	0.75	ਅਗਸਤ-06
28	ਮਾਨਸਾ	ਐਮ 04100	ਭੁਪਾਲ-ਅੱਤਲਾ ਲਿੰਕ ਰੋਡ ਤੋਂ ਖਿਆਲਾ ਕਲਾਂ ਵਾਇਆ ਗੁ: ਸਾਹਿਬ ਨੌਵੀਂ ਪਾਤਸ਼ਾਹੀ	1.15	ਸਤੰਬਰ-08
29	ਮਾਨਸਾ	ਐਮ 04105	ਰਾਮਦਿੱਤੇਵਾਲਾ ਤੋਂ ਖੋਖਰ ਕਲਾਂ	5.00	ਅਪ੍ਰੈਲ-01
30	ਮਾਨਸਾ	ਐਮ 04110	ਭੈਣੀ ਬਾਘਾ ਤੋਂ ਖੋਖਰ ਕਲਾਂ	4.80	ਅਪ੍ਰੈਲ-01
31	ਮਾਨਸਾ	ਐਮ 04122	ਮਾਨਸਾ ਤੋਂ ਐਨ.ਐਮ. ਕਾਲਜ ਵਾਇਆ ਨਿਧਾਨ ਸਿੰਘ ਮਾਰਕੀਟ	0.60	ਨਵੰਬਰ-01
32	ਮਾਨਸਾ	ਐਮ 04133	ਖਿਆਲਾ ਬੱਪੀਆਣਾ ਰੋਡ ਤੋਂ ਖਿਆਲਾ ਖੁਰਦ	3.28	ਅਪ੍ਰੈਲ-02
33	ਮਾਨਸਾ	ਐਮ 04138	ਐਚ.ਐਸ. ਰੋਡ ਤੋਂ ਖਿਆਲਾ ਖੁਰਦ	2.20	ਸਤੰਬਰ-08
34	ਮਾਨਸਾ	ਐਮ 04154	ਬੱਸ ਸਟੈਂਡ ਤੋਂ ਭੈਣੀ ਬਾਘਾ ਤੋਂ ਫਿਰਨੀ ਭੈਣੀ ਬਾਘਾ	1.30	ਸਤੰਬਰ-06
35	ਮਾਨਸਾ	ਐਮ 04155	ਬਰਨਾਲਾ ਫਿਰਨੀ ਤੋਂ ਸਮਾਧ	1.15	ਫਰਵਰੀ-07
36	ਮਾਨਸਾ	ਐਮ 04156	ਫਿਰਨੀ ਪਿੰਡ, ਬੱਪੀਆਣਾ	0.85	ਅਕਤੂਬਰ-06
37	ਮਾਨਸਾ	ਐਮ 04163	ਮਾਨਸਾ ਖੁਰਦ ਰੋਡ ਤੋਂ ਸੇਂਟ ਜੇਵਿਅਰ ਸਕੂਲ ਮਾਨਸਾ	0.75	ਫਰਵਰੀ-07
38	ਮਾਨਸਾ	ਐਮ 04164	ਡੈਲੂਆਣਾ ਤੋਂ ਹੀਰੇਵਾਲਾ	3.30	ਫਰਵਰੀ-07
39	ਮਾਨਸਾ	ਐਮ 04174	ਕੋਠੇ ਭੈਣੀ ਬਾਘਾ	0.48	ਮਈ-07
40	ਮਾਨਸਾ	ਐਮ 04178	ਫਿਰਨੀ ਪਿੰਡ ਖਾਰਾ	0.95	ਮਈ-07
41	ਮਾਨਸਾ	ਐਮ 04179	ਲੱਲੂਆਣਾ ਰੋਡ ਤੋਂ ਹਰੀਜਨ ਬਸਤੀ ਮਾਨਸਾ ਖੁਰਦ	0.30	ਮਾਰਚ-07
42	ਮਾਨਸਾ	ਐਮ 04180	ਭੈਣੀ ਬਾਘਾ ਤੋਂ ਬੁਰਜ ਹਰੀ	2.50	ਜੂਨ-07
43	ਮਾਨਸਾ	ਐਮ 04183	ਤਾਮਕੋਟ ਰੋਡ ਤੋਂ ਗੁ: ਸਾਹਿਬ ਸ਼ਮਸ਼ਾਨਘਾਟ ਅਤੇ ਬੱਸ ਸਟੈਂਡ ਤੋਂ ਹਰੀਜਨ ਬਸਤੀ ਪਿੰਡ ਖਿਆਲਾ ਕਲਾਂ	1.00	ਮਾਰਚ-07

44	ਮਾਨਸਾ	ਐਮ 04188	ਭੈਣੀ ਬਾਘਾ ਤੋਂ ਕੋਠੇ ਭੈਣੀ ਬਾਘਾ	2.52	ਮਾਰਚ-04
45	ਮਾਨਸਾ	ਐਮ 04189	ਬੁਰਜ ਹਰੀ ਤੋਂ ਕੋਠੇ ਮੇਜਰ ਸਿੰਘ	0.61	ਮਾਰਚ-04
46	ਮਾਨਸਾ	ਐਮ 04192	ਕੋਟ ਲੱਲੂ ਤੋਂ ਡੇਰਾ ਉਦਾਸੀਆਂ	0.31	ਮਈ-07
47	ਭੀਖੀ	ਐਮ 02001 ਏ	ਫਿਰਨੀ ਸਮਾਉਖੀਵਾਂ ਕਲਾਂ-ਹੀਰੋ ਕਲਾਂ-ਬੀਰ ਕਲਾਂ ਅੱਪਟੂ ਮ.ਕ. ਹੱਦ (ਸੈਕ: ਸਮਾਊ ਤੋਂ ਹੀਰ ਕਲਾਂ)	11.60	ਮਾਰਚ-06
48	ਭੀਖੀ	ਐਮ 02002 ਬੀ	ਹੀਰੋ ਕਲਾਂ-ਖੀਵਾਂ ਖੁਰਦ-ਗੁਰਥੜੀ-ਮੱਤੀ-ਮੌਜੋ-ਅਲੀਸ਼ੇਰ ਕਲਾਂ- ਅਲੀਸ਼ੇਰ ਖੁਰਦ-ਅੱਤਲਾਂ ਕਲਾਂ-ਖਿਆਲਾ (ਸੈਕ:- ਖੀਵਾ ਖੁਰਦ ਤੋਂ ਮੱਤੀ)	4.54	ਜੁਲਾਈ-06
49	ਭੀਖੀ	ਐਮ 02002 ਸੀ	ਮੱਤੀ-ਮੌਜੋ-ਅਲੀਸ਼ੇਰ ਕਲਾਂ-ਅਲੀਸ਼ੇਰ ਖੁਰਦ- ਅੱਤਲਾਂ ਕਲਾਂ-ਖਿਆਲਾ (ਸੈਕ: ਮੱਤੀ ਤੋਂ ਅੱਤਲਾਂ ਕਲਾਂ ਸਮੇਤ ਫਿਰਨੀ ਪਿੰਡ ਅੱਤਲਾਂ ਕਲਾਂ)	8.35	ਸਤੰਬਰ-08
50	ਭੀਖੀ	ਐਮ 02002 ਡੀ	ਅੱਤਲਾ ਕਲਾਂ ਤੋਂ ਖਿਆਲਾ ਕਲਾਂ ਅੱਪਟੂ ਮ.ਕ. ਹੱਦ (ਸੈਕ: ਅੱਤਲਾ ਕਲਾਂ ਤੋਂ ਖਿਆਲਾ ਕਲਾਂ ਅੱਪਟੂ ਮ.ਕ. ਹੱਦ)	5.00	ਅਗਸਤ-06
51	ਭੀਖੀ	ਐਮ 02003	ਹੀਰੋ ਕਲਾਂ ਤੋਂ ਗੁਰੁਦੁਆਰਾ ਸਾਹਿਬ ਨੌਵੀਂ ਪਾਤਸ਼ਾਹੀ	0.10	ਜਨਵਰੀ-06
52	ਭੀਖੀ	ਐਮ 02004	ਹੀਰੋ ਕਲਾਂ ਤੋਂ ਗੁਰੁਦੁਆਰਾ ਸਾਹਿਬ	0.95	ਜਨਵਰੀ-06
53	ਭੀਖੀ	ਐਮ 02004	ਗੁਰਥੜੀ-ਖੀਵਾਂ ਦਿਆਲੂ ਵਾਲਾ	0.84	ਜਨਵਰੀ-06
54	ਭੀਖੀ	ਐਮ 02006	ਰੱਲਾ ਤੋਂ ਸਮਾਊ	18.58	ਨਵੰਬਰ-03
55	ਭੀਖੀ	ਐਮ 02006	ਰੱਲਾ ਤੋਂ ਸਮਾਊ	4.48	ਨਵੰਬਰ-03
56	ਭੀਖੀ	ਐਮ 02008	ਅਨੂਪਗੜ੍ਹ-ਮਾਖਾ ਚਹਿਲਾਂ-ਰੱਲਾ-ਉਭਾ ਅੱਪਟੂ ਮ.ਕ. ਹੱਦ	10.10	ਜੁਲਾਈ-05

[ਖੇਤੀਬਾੜੀ ਮੰਤਰੀ]

57	ਭੀਖੀ	ਐਮ 02009	ਬੁਰਜ ਝੱਬਰਾਂ-ਜੋਗਾ-ਅਨੂਪਗੜ੍ਹ-ਅਲੀਸ਼ੇਰ ਕਲਾਂ ਸਮੇਤ ਫਿਰਨੀ ਪਿੰਡ ਜੋਗਾ	11.07	ਮਾਰਚ-06
58	ਭੀਖੀ	ਐਮ 02011	ਜੋਗਾ ਤੋਂ ਪੁਲਾਹੜਾ ਅੱਪਟੂ ਮ.ਕ. ਹੱਦ	4.07	ਸਤੰਬਰ-08
59	ਭੀਖੀ	ਐਮ 02019	ਭੀਖੀ-ਬੁਢਲਾਡਾ ਰੋਡ ਤੋਂ ਮੂਲਾ ਸਿੰਘ ਵਾਲਾ-ਕੋਟ ਲੱਲੂ ਅੱਪਟੂ ਮ.ਕ. ਹੱਦ	8.45	ਜੂਨ-07
60	ਭੀਖੀ	ਐਮ 02020	ਭੀਖੀ-ਬੁਢਲਾਡਾ ਰੋਡ ਤੋਂ ਫਿਰਨੀ ਕਿਸ਼ਨਗੜ੍ਹ ਫਰਵਾਹੀ-ਬੱਪੀਆਣਾ ਅੱਪਟੂ ਮ.ਕ. ਹੱਦ	5.91	ਜਨਵਰੀ-06
61	ਭੀਖੀ	ਐਮ 02021	ਭੀਖੀ-ਬੁਢਲਾਡਾ ਰੋਡ ਤੋਂ ਕਿਸ਼ਨਗੜ੍ਹ ਫਰਵਾਹੀ-ਫਫੜੇ ਭਾਈਕੇ ਅੱਪਟੂ ਮ.ਕ. ਹੱਦ	1.50	ਮਈ-07
62	ਭੀਖੀ	ਐਮ 02022	ਅੱਤਲਾਂ ਕਲਾਂ-ਰੱਲਾ ਰੋਡ ਤੋਂ ਖਿਆਲਾ ਮਲਕਪੁਰ ਅੱਪਟੂ ਮ.ਕ. ਹੱਦ	2.25	ਜਨਵਰੀ-06
63	ਭੀਖੀ	ਐਮ 02023	ਬੀ.ਐਸ.ਬੀ.ਕੇ. ਰੋਡ ਤੋਂ ਨੈਸ਼ਨਲ ਕਾਲਜ ਭੀਖੀ	1.69	ਮਾਰਚ-06
64	ਭੀਖੀ	ਐਮ 02024	ਬੀ.ਐਸ.ਬੀ.ਕੇ. ਰੋਡ ਤੋਂ ਨਵੀਂ ਬਸਤੀ ਭੀਖੀ	0.59	ਮਾਰਚ-06
65	ਭੀਖੀ	ਐਮ 02026	ਹੋਡਲਾਂ ਕਲਾਂ ਸਕੂਲ	0.10	ਜਨਵਰੀ-06
66	ਭੀਖੀ	ਐਮ 02027	ਜੋਗਾ-ਮਾਖਾ ਚਹਿਲਾਂ-ਅਲੀਸ਼ੇਰ ਖੁਰਦ	7.90	ਅਗਸਤ-06
67	ਭੀਖੀ	ਐਮ 02028	ਖੀਵਾਂ ਕਲਾਂ-ਖੀਵਾ ਖੁਰਦ	3.00	ਜੁਲਾਈ-06
68	ਭੀਖੀ	ਐਮ 02029	ਜੋਗਾ ਤੋਂ ਕੋਟ ਦੁਨਾ ਅੱਪਟੂ ਜਿਲ੍ਹਾ ਬਾਊਂਡਰੀ	5.40	ਮਾਰਚ-04
69	ਭੀਖੀ	ਐਮ 02032	ਫਿਰਨੀ ਪਿੰਡ, ਬੁਰਜ ਝੱਬਰਾਂ	0.64	ਮਾਰਚ-04
70	ਭੀਖੀ	ਐਮ 02033	ਫਿਰਨੀ ਪਿੰਡ ਰੜ੍ਹ	0.70	ਜੁਲਾਈ-04
71	ਭੀਖੀ	ਐਮ 02035	ਕੋਟੜਾ ਤੋਂ ਗੁ: ਸਾਹਿਬ	0.32	ਦਸੰਬਰ-04
72	ਭੀਖੀ	ਐਮ 02038	ਕੋਟੜਾ ਕਲਾਂ ਤੋਂ ਮੂਲਾ ਸਿੰਘ ਵਾਲਾ	2.75	ਜੂਨ-06

73	ਭੀਖੀ	ਐਮ 02039	ਰੱਲਾ ਤੋਂ ਸਮਾਧ ਮਹੰਤਾਂ	3.68	ਨਵੰਬਰ-02
74	ਭੀਖੀ	ਐਮ 02040	ਹੋਡਲਾਂ ਕਲਾਂ ਤੋਂ ਜੱਸਰ ਸਿੰਘ ਵਾਲਾ	2.75	ਸਤੰਬਰ-08
75	ਭੀਖੀ	ਐਮ 02041	ਆਕਲੀਆਂ ਤੋਂ ਰੁੜੀਕੇ ਖੁਰਦ	2.92	ਸਤੰਬਰ-08
76	ਭੀਖੀ	ਐਮ 02042	ਗੁਰੂਘਰ ਤੋਂ ਮਾਖਾ ਚਹਿਲਾਂ	0.18	ਮਈ-2000
77	ਭੀਖੀ	ਐਮ 02046	ਖਿਆਲਾ ਭੋਪਾਲ ਲਿੰਕ ਰੋਡ ਤੋਂ ਗੁਰਦੁਆਰਾ ਅਟਕਸਰ ਸਾਹਿਬ	0.20	ਅਪ੍ਰੈਲ-01
78	ਭੀਖੀ	ਐਮ 02047	ਕੋਠੈ ਭੋਪਾਲ ਜੋਗੀਪੀਰ ਤੋਂ ਗੁਰਦੁਆਰਾ ਸਾਹਿਬ	1.45	ਜੂਨ-07
79	ਭੀਖੀ	ਐਮ 02051	ਫਿਰਨੀ ਪਿੰਡ ਗੁਰਥੜੀ	0.90	ਅਕਤੂਬਰ-01
80	ਭੀਖੀ	ਐਮ 02054	ਫਿਰਨੀ ਪਿੰਡ ਮੋਜੋ ਖੁਰਦ	0.70	ਅਕਤੂਬਰ-01
81	ਭੀਖੀ	ਐਮ 02056	ਫਿਰਨੀ ਪਿੰਡ ਹੋਡਲਾਂ ਕਲਾਂ	0.90	ਅਕਤੂਬਰ-01
82	ਭੀਖੀ	ਐਮ 02057	ਫਿਰਨੀ ਪਿੰਡ ਧਲੇਵਾ	1.34	ਅਕਤੂਬਰ-01
83	ਭੀਖੀ	ਐਮ 02059	ਬੱਸ ਸਟੈਡ ਤੋਂ ਫਿਰਨੀ ਪਿੰਡ ਅੱਤਲਾਂ ਖੁਰਦ	0.30	ਅਕਤੂਬਰ-02
84	ਭੀਖੀ	ਐਮ 02060	ਅਲੀਸ਼ੇਰ ਖੁਰਦ ਤੋਂ ਗੁਰਦੁਆਰਾ ਸਾਹਿਬ	0.80	ਮਈ-02
85	ਭੀਖੀ	ਐਮ 02067	ਜੋਗਾ ਤੋਂ ਅਨੂਪਗੜ੍ਹ	5.85	ਮਈ-02
86	ਭੀਖੀ	ਐਮ 02068	ਫਿਰਨੀ ਪਿੰਡ ਮਾਖਾ ਚਹਿਲਾਂ	0.61	ਮਈ-02
87	ਭੀਖੀ	ਐਮ 02070	ਬੀ.ਐਸ.ਬੀ.ਕੇ. ਰੋਡ ਤੋਂ ਕੋਠੇ ਦਿਵਾਨੇ	0.78	ਅਗਸਤ-02
88	ਭੀਖੀ	ਐਮ 02071	ਖੀਵਾਂ ਕਲਾਂ ਤੋਂ ਬੁਲੰਦ ਬਾਬਾ ਜੋਗੀ ਪੀਰ	0.32	ਮਈ-06
89	ਭੀਖੀ	ਐਮ 02072	ਕਿਸ਼ਨਗੜ੍ਹ ਫਰਵਾਹੀ ਤੋਂ ਡੇਰਾ ਬਾਬਾ ਆਤਮਾ ਰਾਮ	0.59	ਮਈ-06
90	ਭੀਖੀ	ਐਮ 02073	ਗੁਰਥੜੀ ਤੋਂ ਕੋਠੇ ਕੂਕੇ	0.62	ਮਈ-06
91	ਭੀਖੀ	ਐਮ 02075	ਫਿਰਨੀ ਪਿੰਡ ਮੱਤੀ	1.62	ਜੁਲਾਈ-06
92	ਭੀਖੀ	ਐਮ 02076	ਆਕਲੀਆਂ ਤੋਂ ਪੁਲਾਹੜਾ	2.85	ਜੂਨ-06
93	ਭੀਖੀ	ਐਮ 02077	ਫਿਰਨੀ ਪਿੰਡ ਜੋਗਾ ਤੋਂ ਅਨੂਪਗੜ੍ਹ ਰੋਡ	0.75	ਜੂਨ-06

[ਖੇਤੀਬਾੜੀ ਮੰਤਰੀ]

94	ਭੀਖੀ	ਐਮ 02078	ਰੱਲਾ ਸਮਾਧ ਰੋਡ ਤੋਂ ਗੁ: ਸਾਹਿਬ ਭੁਪਾਲ	0.20	ਜੂਨ-06
95	ਭੀਖੀ	ਐਮ 02079	ਭੀਖੀ ਧਨੌਲਾ ਰੋਡ ਤੋਂ ਮੱਤੀ	1.15	ਅਕਤੂਬਰ-06
96	ਭੀਖੀ	ਐਮ 02080	ਕਿਸ਼ਨਗੜ੍ਹ ਫਰਵਾਹੀ ਤੋਂ ਸਮਾਧ	1.00	ਅਕਤੂਬਰ-06
97	ਭੀਖੀ	ਐਮ 02082	ਸਮਾਉ ਤੋਂ ਸਮਾਧ ਸੁੱਚਾ ਸੂਰਮਾ ਕੋਠੇ	0.60	ਅਕਤੂਬਰ-06
98	ਭੀਖੀ	ਐਮ 02083	ਫਿਰਨੀ ਪਿੰਡ ਦਲੇਲ ਸਿੰਘ ਵਾਲਾ ਤੋਂ ਡੇਰਾ ਭੁੰਨ	2.20	ਅਕਤੂਬਰ-06
99	ਭੀਖੀ	ਐਮ 02084	ਫਿਰਨੀ ਪਿੰਡ ਜੋਗਾ ਤੋਂ ਗੁ: ਸਾਹਿਬ ਸੰਦਲੀ-ਧਰਮਸ਼ਾਲਾ ਅੱਪਟੂ ਰੈਸਟ ਹਾਊਸ ਜੋਗਾ	1.30	ਮਈ-07
100	ਭੀਖੀ	ਐਮ 02085	ਅਲੀਸ਼ੇਰ ਕਲਾਂ ਤੋਂ ਗੁ: ਸਾਹਿਬ ਅਤੇ ਅਪਰੋਚ ਰੋਡ ਕੋਠੇ	1.25	ਮਈ-07
101	ਭੀਖੀ	ਐਮ 02086	ਰੜ੍ਹ ਤੋਂ ਪੀਰਕੋਟ ਅੱਪਟੂ ਐਮ.ਸੀ. ਹੱਦ	3.10	ਅਕਤੂਬਰ-06
102	ਭੀਖੀ	ਐਮ 02087	ਪੁਲਾਹੜਾ ਰੋਡ ਤੋਂ ਰੈਸਟ ਹਾਊਸ ਜੋਗਾ	1.70	ਅਕਤੂਬਰ-06
103	ਭੀਖੀ	ਐਮ 02088	ਅਨੂਪਗੜ੍ਹ ਤੋਂ ਸਕੂਲ	0.10	ਮਈ-07
104	ਭੀਖੀ	ਐਮ 02089	ਹੀਰੋ ਕਲਾਂ ਤੋਂ ਖੀਵਾਂ ਕਲਾਂ ਰੋਡ	0.38	ਮਈ-07
105	ਭੀਖੀ	ਐਮ 02090	ਫਿਰਨੀ ਪਿੰਡ ਮੂਲਾ ਸਿੰਘ ਵਾਲਾ	0.60	ਮਈ-07
106	ਭੀਖੀ	ਐਮ 02091	ਅੱਤਲਾਂ ਖੁਰਦ ਤੋਂ ਕੋਟੜਾ ਰੋਡ	3.60	ਮਈ-07
107	ਭੀਖੀ	ਐਮ 02092	ਅਲੀਸ਼ੇਰ ਖੁਰਦ ਤੋਂ ਕੋਠੇ ਅਤੇ ਸ਼ਮਸ਼ਾਨਘਾਟ	0.70	ਮਈ-07
108	ਭੀਖੀ	ਐਮ 02094	ਫਿਰਨੀ ਪਿੰਡ ਖੀਵਾਂ ਕਲਾਂ	0.58	ਮਈ-07
109	ਭੀਖੀ	ਐਮ 02095	ਖੀਵਾਂ ਕਲਾਂ ਤੋਂ ਕੋਠੇ ਕੂਕੇ	1.75	ਮਈ-07
110	ਭੀਖੀ	ਐਮ 02096	ਮਨ ਰੋਡ ਮਾਨਸਾ-ਬਰਨਾਲ ਤੋਂ ਫਿਰਨੀ ਆਕਲੀਆਂ	0.60	ਮਈ-07
111	ਭੀਖੀ	ਐਮ 02097	ਗੁ: ਸਾਹਿਬ ਤੋਂ ਪ੍ਰਾਇਮਰੀ ਸਕੂਲ ਤੋਂ ਸ਼ਮਸ਼ਾਨਘਾਟ ਤੋਂ ਪਿੰਡ ਭੁਪਾਲ	1.00	ਜੂਨ-07
112	ਭੀਖੀ	ਐਮ 02098	ਰੱਲਾ ਉਭਾ ਰੋਡ ਤੋਂ ਲੜਕਿਆਂ ਦਾ ਸਕੂਲ	1.00	ਜੂਨ-07

113	ਬੁਢਲਾਡਾ	ਐਮ 3005	ਫਫੜੇ ਭਾਈਕੇ ਖਿੱਲਣ ਅੱਪਟੂ ਮ.ਕ. ਹੱਦ	2.60	ਮਾਰਚ-06
			ਕੁੱਲ ਜੋੜ	334.11	ਕਿ.ਮੀ

ਸ਼੍ਰੀ ਪ੍ਰੇਮ ਮਿੱਤਲ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਟੋਟਲ ਕਿੰਨੇ ਕਿਲੋਮੀਟਰ ਸੜਕਾਂ ਹਨ ਜਿਨ੍ਹਾਂ ਦੀ ਰਿਪੇਅਰ ਦਾ ਪ੍ਰੋਗਰਾਮ ਬਣਾਇਆ ਜਾਵੇਗਾ?

ਮਾਨਯੋਗ ਸਪੀਕਰ : ਤੁਸੀਂ ਸੜਕਾਂ ਦੀ ਮੁਰੰਮਤ ਬਾਰੇ ਪੁੱਛਿਆ ਹੈ ਤੇ ਉਨ੍ਹਾਂ ਨੇ 113 ਦੱਸ ਦਿੱਤਾ ਹੈ।

ਸ਼੍ਰੀ ਪ੍ਰੇਮ ਮਿੱਤਲ : ਇਨ੍ਹਾਂ ਨੇ ਮੁਰੰਮਤ ਵਾਲੀਆਂ ਸੜਕਾਂ 113 ਦੱਸੀਆਂ ਹਨ ਪਰ ਮੇਰੇ ਹਲਕੇ ਦੀਆਂ 525 ਕਿਲੋਮੀਟਰ ਸੜਕਾਂ ਹਨ। ਇਹ ਦੱਸਣ ਦੀ ਖੇਚਲ ਕਰਨ ਕਿ ਜਿਹੜੀਆਂ ਮੰਡੀਕਰਨ ਬੋਰਡ ਦੀਆਂ ਸੜਕਾਂ ਨਗਰ ਕੌਂਸਲ ਦੇ ਏਰੀਏ ਵਿਚੋਂ ਲੰਘਦੀਆਂ ਹਨ ਜਿਵੇਂ ਮਾਨਸਾ, ਭੀਖੀ ਹੈ ਜਾਂ ਹੋਰ ਨਗਰ ਕੌਂਸਲ ਹੈ, ਕੀ ਉਨ੍ਹਾਂ ਬਾਰੇ ਵੀ ਕੋਈ ਤਜਵੀਜ਼ ਹੈ?

ਮੰਤਰੀ : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਸ਼ਹਿਰ ਵਿਚੋਂ ਲੰਘਦੀਆਂ ਸੜਕਾਂ ਬਾਰੇ ਪੁੱਛਿਆ ਹੈ, ਇਸ ਬਾਰੇ ਇਹ ਵੱਖਰਾ ਸਵਾਲ ਦੇਣ ਤਾਂ ਕਿ ਪਤਾ ਕਰਕੇ ਦੱਸ ਸਕੀਏ ਕਿ ਕਿਹੜੀ ਸ਼ਹਿਰ ਦੇ ਵਿਚੋਂ ਲੰਘਦੀ ਹੈ ਅਤੇ ਕਿਹੜੀ ਨਹੀਂ ਲੰਘਦੀ। ਉਸ ਤਰ੍ਹਾਂ ਇਨ੍ਹਾਂ ਦੀਆਂ 334 ਕਿਲੋਮੀਟਰ ਸੜਕਾਂ ਬਣਦੀਆਂ ਹਨ, ਇਨ੍ਹਾਂ ਦੀਆਂ ਟੋਟਲ 334 ਡਿਊ ਹਨ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1770**

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ। ਇਸ ਦਾ ਜਵਾਬ ਡਿਪਟੀ ਸੀ.ਐਮ. ਸਾਹਿਬ ਇਕ ਦੋ ਦਿਨਾਂ ਦੇ ਵਿਚ ਦੇ ਦੇਣਗੇ ਕਿਉਂਕਿ ਉਨ੍ਹਾਂ ਨੂੰ ਅੱਜ ਕਿਤੇ ਜਾਣਾ ਪੈ ਗਿਆ ਹੈ।

** For Starred Question No. 1770 and reply thereto, please see Debates dated 24.3.2015.

ਸਾਬਕਾ ਫੌਜੀਆਂ ਦੇ ਪਰਿਵਾਰਾਂ ਨੂੰ ਪ੍ਰਾਪਰਟੀ ਟੈਕਸ ਤੋਂ ਛੋਟ

***1980. ਸਰਦਾਰ ਬਲਬੀਰ ਸਿੰਘ ਸਿੱਧੂ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਸਰਕਾਰ ਵੱਲੋਂ ਫੌਜੀਆਂ ਨੂੰ ਪ੍ਰਾਪਰਟੀ ਟੈਕਸ ਵਿੱਚ ਛੋਟ ਦਿੱਤੀ ਗਈ ਹੈ ਅਤੇ ਕੀ ਇਹ ਲਾਭ ਫੌਜੀ ਦੀ ਪਤਨੀ ਜਾਂ ਪਰਿਵਾਰ ਨੂੰ ਵੀ ਮਿਲੇਗਾ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ;

(ਅ) ਕੀ ਰਾਜ ਵਿਚ ਕਮਰਸ਼ੀਅਲ ਪ੍ਰਾਪਰਟੀ ਦੇ ਕਿਰਾਏ ਤੇ ਲਗਾਇਆ ਗਿਆ ਟੈਕਸ ਹਿੰਦੁਸਤਾਨ ਦੇ ਕਿਸੇ ਹੋਰ ਰਾਜ ਨੇ ਵੀ ਇਸੇ ਤਰਜ ਤੇ ਲਗਾਇਆ ਹੈ?

ਸ਼੍ਰੀ ਅਨਿਲ ਜੋਸ਼ੀ : (ੳ) ਰਾਜ ਦੇ ਸ਼ਹਿਰੀ ਖੇਤਰ ਵਿੱਚ ਫੌਜੀਆਂ ਅਤੇ ਸਾਬਕਾ ਫੌਜੀਆਂ ਨੂੰ ਇੱਕ ਅਪ੍ਰੈਲ, 2013 ਤੋਂ ਪ੍ਰਾਪਰਟੀ ਟੈਕਸ ਵਿਚ ਮੁਕੰਮਲ ਛੋਟ ਦੇਣ ਦਾ ਫੈਸਲਾ ਕੀਤਾ ਗਿਆ ਸੀ। ਕਾਨੂੰਨ ਅਨੁਸਾਰ ਇਹ ਲਾਭ ਅਜਿਹੇ ਵਿਅਕਤੀ ਦੀ ਪਤਨੀ ਜਾਂ ਪਰਿਵਾਰ ਨੂੰ ਨਹੀਂ ਹੈ।

(ਅ) ਹਰੇਕ ਰਾਜ ਸਰਕਾਰ ਵੱਲੋਂ ਪ੍ਰਾਪਰਟੀ ਟੈਕਸ ਲਗਾਉਣ ਬਾਰੇ ਆਪਣਾ ਆਪਣਾ ਕਾਨੂੰਨ ਬਣਾਇਆ ਜਾਂਦਾ ਹੈ। ਪੰਜਾਬ ਰਾਜ ਵਿੱਚ ਕਮਰਸ਼ੀਅਲ ਪ੍ਰਾਪਰਟੀ ਦੇ ਸਾਲਾਨਾ ਕਿਰਾਏ ਤੇ ਪਹਿਲਾਂ 15% ਦੀ ਦਰ ਨਾਲ ਇਹ ਟੈਕਸ ਲਗਦਾ ਸੀ, ਜਿਸ ਨੂੰ ਘਟਾ ਕੇ ਸਰਕਾਰ ਨੇ ਹੁਣ ਸਾਢੇ 7% ਕਰ ਦਿੱਤਾ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਕ ਆਦਮੀ ਜਿਹੜਾ ਦੇਸ਼ ਤੇ ਕੌਮ ਵਾਸਤੇ ਸੇਵਾ ਕਰਦਾ ਹੈ, ਫਰਜ਼ ਕਰੋ ਉਸ ਨੇ ਪਲਾਟ ਪਰਚੇਜ਼ ਕਰ ਲਿਆ ਤੇ ਉਸ ਵਿਚ ਆਪਣਾ ਤੇ ਆਪਣੀ ਵਾਈਫ ਦਾ ਨਾਂ ਪੁਆ ਦਿੱਤਾ। ਹੁਣ ਇਥੇ ਵਿਤਕਰਾ ਕੀ ਹੈ ਕਿ ਜਦੋਂ ਮੀਆਂ-ਬੀਵੀ ਇਕ ਫੈਮਿਲੀ ਗਿਣੇ ਗਏ ਹਨ ਫੇਰ ਕਿਉਂ ਹਸਬੈਂਡ ਨੂੰ ਟੈਕਸ ਮੁਆਫ਼ ਪਰ ਪਤਨੀ ਦੇ ਸ਼ੇਅਰ ਤੇ ਟੈਕਸ ਲਗਦਾ ਹੈ। ਮੇਰੇ ਕੋਲ ਇਕ ਰਸੀਦ ਹੈ, ਬ੍ਰਿਗੇਡੀਅਰ ਖੋਸਾ ਹਨ, ਜਿਨ੍ਹਾਂ ਨੂੰ ਕਿੰਨੇ ਅਵਾਰਡ ਮਿਲੇ ਹੋਏ ਹਨ ਉਨ੍ਹਾਂ ਦੀ ਵਾਈਫ ਤੋਂ 1142 ਰੁਪਏ ਟੈਕਸ ਵਸੂਲਿਆ ਗਿਆ, ਕੀ ਇਹ ਜਾਇਜ਼ ਹੈ? ਕੀ ਆਪਾਂ ਉਨ੍ਹਾਂ ਦੋਹਾਂ ਨੂੰ ਵੱਖਰੇ ਵੱਖਰੇ ਮੰਨਦੇ ਹਾਂ, ਇਕ ਫੈਮਿਲੀ ਨਹੀਂ ਮੰਨਦੇ। ਫੈਮਿਲੀ ਕੰਪਲੀਟ ਤਾਂ ਵਾਈਫ ਨਾਲ ਹੁੰਦੀ ਹੈ, ਇਸ ਦਾ

ਮੰਤਰੀ ਸਾਹਿਬ ਜਵਾਬ ਦੇਣ, ਦੂਜੀ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਕਹਿੰਦੇ ਹਨ ਕਿ ਸਾਢੇ ਸੱਤ ਪਰਸੈਂਟ ਕਰ ਦਿੱਤਾ ਹੈ...

ਮਾਨਯੋਗ ਸਪੀਕਰ : ਇਕ ਸਮੇਂ ਇਕ ਸਪਲੀਮੈਂਟਰੀ ਹੀ ਕਰੋ। ਹਾਂ ਜੀ, ਜੋਸ਼ੀ ਸਾਹਿਬ, ਮੀਆਂ-ਬੀਵੀ ਨੂੰ ਇਕ ਫੈਮਿਲੀ ਮੰਨਦੇ ਹਨ ਜਾਂ ਨਹੀਂ?

ਮੰਤਰੀ : ਸਪੀਕਰ ਸਾਹਿਬ, ਮੈਂ ਸਿੱਧੂ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਟੈਕਸ ਪ੍ਰਾਪਰਟੀ ਦੇ ਉਤੇ ਹੈ। ਜੇ ਫੌਜੀ ਨੂੰ ਮੁਆਫ਼ ਹੋਇਆ ਹੈ ਤਾਂ ਉਸ ਦੀ ਜਿੰਨੀ ਪ੍ਰਾਪਰਟੀ ਹੈ ਉਸ ਦੇ ਉਤੇ ਮੁਆਫ਼ ਹੈ, ਬਾਕੀ ਫੈਮਿਲੀ ਦੇ ਬਾਰੇ ਮੈਂ ਪਹਿਲਾਂ ਵੀ ਕਹਿ ਦਿੱਤਾ ਹੈ ਕਿ ਉਸ ਵਾਸਤੇ ਮੁਆਫ਼ ਨਹੀਂ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਦੂਜੀ ਸਪਲੀਮੈਂਟਰੀ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ by the way ਉਹ ਫੌਜੀ ਐਕਸਪਾਇਰ ਹੋ ਗਿਆ, ਕੀ ਉਸ ਦੀ ਵਿਧਵਾ ਨੂੰ ਹੱਕ ਹਾਸਲ ਨਹੀਂ ਹੈ? ਇਸ ਦਾ ਵੀ ਮੰਤਰੀ ਜੀ ਜਵਾਬ ਦੇਣ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਜਿਹੜੀ ਪ੍ਰਾਪਰਟੀ ਫੌਜੀਆਂ ਦੇ ਨਾਂ ਹੈ, ਭਾਵੇਂ ਉਹ ਰਿਟਾਇਰ ਹੈ, ਭਾਵੇਂ ਉਹ ਨੌਕਰੀ ਕਰ ਰਿਹਾ ਹੈ, ਉਨ੍ਹਾਂ ਵਾਸਤੇ ਮੁਆਫ਼ੀ ਹੈ। ਮੈਂ ਵਾਰ ਵਾਰ ਇਹੀ ਕਲੀਅਰ ਕਰ ਰਿਹਾ ਹਾਂ, ਬਾਕੀ ਪਰਿਵਾਰ ਦੇ ਜੀਅ ਪਤਨੀ ਜਾਂ ਬੇਟੇ ਵਾਸਤੇ ਕੋਈ ਮੁਆਫ਼ੀ ਨਹੀਂ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਜੋ ਜਵਾਬ ਦਿੱਤਾ ਹੈ, ਮੇਰਾ ਖਿਆਲ ਹੈ ਕਿ ਆਨਰੇਬਲ ਸੀ.ਐਮ. ਸਾਹਿਬ ਨੇ ਵੀ ਉਸ ਨੂੰ ਧਿਆਨ ਨਾਲ ਸੁਣਿਆ ਹੋਵੇਗਾ। ਮੈਂ ਸਮਝਦਾ ਹਾਂ ਕਿ ਇਹ ਟੋਟਲੀ ਇਲਲਾਜੀਕਲ ਹੈ। ਪਰਿਵਾਰ ਦਾ ਜੁਆਇੰਟ ਮਕਾਨ ਹੈ, ਮੀਆਂ-ਬੀਵੀ ਇਕ ਮਕਾਨ ਵਿੱਚ ਰਹਿ ਰਹੇ ਹਨ। ਇੱਕ ਪਾਸੇ ਤਾਂ ਆਪਾਂ ਇਹ ਐਗਜ਼ੰਪਸ਼ਨ ਦਿੰਦੇ ਹਾਂ ਕਿ ਲੇਡੀਜ਼ ਦੇ ਨਾਂ ਰਜਿਸਟਰੀ ਕਰਵਾਓਗੇ ਤਾਂ ਰਜਿਸਟ੍ਰੇਸ਼ਨ ਫ਼ੀਸ ਵਿੱਚ ਐਗਜ਼ੰਪਸ਼ਨ ਮਿਲੇਗੀ ਪਰੰਤੂ ਦੂਜੇ ਪਾਸੇ ਆਪਾਂ ਪ੍ਰਾਪਰਟੀ ਟੈਕਸ ਲਗਾ ਰਹੇ ਹਾਂ। We are trying to promote the girl child. ਔਰਤਾਂ ਵਾਸਤੇ year of woman ਮਨਾ ਰਹੇ ਹਾਂ ਪਰੰਤੂ ਦੂਜੇ ਪਾਸੇ ਅਸੀਂ ਇਸ ਤਰ੍ਹਾਂ ਦਾ ਵਿਤਕਰਾ ਕਰ ਰਹੇ ਹਾਂ। ਇਸ ਨਾਲ ਰੈਵੀਨਿਊ ਤੇ ਕੋਈ ਲੰਬਾ-ਚੌੜਾ ਫਰਕ ਨਹੀਂ ਪੈਣਾ ਜਾਂ ਫੇਰ ਸਰਕਾਰ ਕਹਿ ਦੇਵੇ ਕਿ ਸਾਡਾ ਬਿਲਕੁਲ ਹੀ ਦੀਵਾਲੀਆ ਨਿਕਲਿਆ ਹੋਇਆ ਹੈ and we are looking at every avenue of resource

[ਸ਼੍ਰੀ ਸੁਨੀਲ ਜਾਖੜ]

generation. ਮੈਂ ਸੀ.ਐਮ. ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਇਹ ਜਿਹੜੀ ਅਨਾਮਲੀ ਹੈ, ਇਸ ਨੂੰ ਖ਼ਤਮ ਕੀਤਾ ਜਾਵੇ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਇਸ ਤੇ 2-3 ਵਾਰ ਡਿਸਕਸ਼ਨ ਹੋ ਚੁੱਕੀ ਹੈ। ਪਹਿਲਾਂ ਹਾਊਸ ਟੈਕਸ ਅਤੇ ਉਸ ਤੋਂ ਬਾਅਦ ਪ੍ਰਾਪਰਟੀ ਟੈਕਸ ਤੇ ਇਸ ਹਾਊਸ ਵਿੱਚ ਬਹੁਤ ਲੰਬੀ ਡਿਸਕਸ਼ਨ ਹੋਈ ਹੈ। ਅਸੀਂ ਜੋ ਟੈਕਸ ਲਗਾਇਆ ਹੈ, ਇਹ ਬਹੁਤ ਮਿਨੀਮਮ ਹੈ। ਜਿਹੜੇ ਫੌਜੀ ਨੌਕਰੀ ਤੇ ਸਨ, ਉਨ੍ਹਾਂ ਨੂੰ ਇਹ ਟੈਕਸ ਨਹੀਂ ਲਗਦਾ ਸੀ, ਰਿਟਾਇਰੀਆਂ ਨੂੰ ਲਗਦਾ ਸੀ। ਅੰਮ੍ਰਿਤਸਰ ਵਿੱਚ ਫੌਜੀਆਂ ਦਾ ਪ੍ਰੋਗਰਾਮ ਹੋਇਆ ਸੀ, ਉਸ ਵਿੱਚ ਮਾਨਯੋਗ ਸੀ.ਐਮ. ਸਾਹਿਬ ਨੇ ਓਵਰ ਆਲ ਸਾਰਾ ਮਾਫ਼ ਕੀਤਾ ਸੀ। ਇਥੋਂ ਤੱਕ ਕਿ ਫੌਜੀਆਂ ਦੀ ਕਮਰਸ਼ੀਅਲ ਪ੍ਰਾਪਰਟੀ ਤੇ ਵੀ ਮਾਫ਼ ਕਰ ਦਿੱਤਾ, ਜਿਸ ਤੋਂ ਉਨ੍ਹਾਂ ਨੂੰ ਇਨਕਮ ਆਉਂਦੀ ਹੈ। ਇਹ ਬਹੁਤ ਵੱਡੀ ਰਾਹਤ ਹੈ, ਕੋਈ ਛੋਟੀ ਨਹੀਂ ਹੈ।

ਮਾਨਯੋਗ ਸਪੀਕਰ : ਇਹ 15% ਤੋਂ ਸਾਢੇ 7% ਤੇ ਲਿਆਂਦਾ ਹੈ।

ਮੰਤਰੀ : ਸਪੀਕਰ ਸਾਹਿਬ, ਇਹ ਓਵਰ ਆਲ ਸਾਢੇ 7% ਹੈ। ਫੌਜੀਆਂ ਨੂੰ ਬਿਲਕੁਲ ਮਾਫ਼ ਕੀਤਾ ਗਿਆ ਹੈ। ਜਿਹੜੀ ਰੈਜ਼ੀਡੈਂਸ਼ੀਅਲ ਅਤੇ ਕਮਰਸ਼ੀਅਲ ਪ੍ਰਾਪਰਟੀ ਫੌਜੀਆਂ ਦੇ ਨਾਂ ਹੈ, ਉਸ ਤੇ ਮਾਫ਼ ਹੈ।

ਮਾਨਯੋਗ ਸਪੀਕਰ : ਮੰਤਰੀ ਜੀ, ਉੱਤਰ ਵਿੱਚ ਲਿਖਿਆ ਹੈ –

> ਪੰਜਾਬ ਰਾਜ ਵਿੱਚ ਕਮਰਸ਼ੀਅਲ ਪ੍ਰਾਪਰਟੀ ਦੇ ਸਲਾਨਾ ਕਿਰਾਏ ਤੇ ਪਹਿਲਾਂ 15% ਦੀ ਦਰ ਨਾਲ ਇਹ ਟੈਕਸ ਲਗਦਾ ਹੈ, ਜਿਸ ਨੂੰ ਘਟਾ ਕੇ ਸਰਕਾਰ ਨੇ ਹੁਣ ਸਾਢੇ 7% ਕਰ ਦਿੱਤਾ ਹੈ।

ਮੰਤਰੀ : ਸਪੀਕਰ ਸਾਹਿਬ, ਇਹ (ੳ) ਭਾਗ ਦਾ ਜਵਾਬ ਹੈ। ਇਨ੍ਹਾਂ ਦਾ ਭਾਗ (ਅ) ਵਿੱਚ ਕੁਐਸਚਨ ਸੀ ਕਿ –

> ਕੀ ਰਾਜ ਵਿੱਚ ਕਮਰਸ਼ੀਅਲ ਪ੍ਰਾਪਰਟੀ ਦੇ ਕਿਰਾਏ ਤੇ ਲਗਾਇਆ ਗਿਆ ਟੈਕਸ ਹਿੰਦੁਸਤਾਨ ਦੇ ਕਿਸੇ ਹੋਰ ਰਾਜ ਨੇ ਵੀ ਇਸੇ ਤਰਜ ਤੇ ਲਗਾਇਆ ਹੈ?

ਇਸ ਦਾ ਜਵਾਬ ਇਹ ਹੈ –

> ਹਰੇਕ ਰਾਜ ਸਰਕਾਰ ਵੱਲੋਂ ਪ੍ਰਾਪਰਟੀ ਟੈਕਸ ਲਗਾਉਣ ਬਾਰੇ ਆਪਣਾ ਆਪਣਾ ਕਾਨੂੰਨ ਬਣਾਇਆ ਜਾਂਦਾ ਹੈ। ਪੰਜਾਬ ਰਾਜ ਵਿੱਚ

ਕਮਰਸ਼ੀਅਲ ਪ੍ਰਾਪਰਟੀ ਦੇ ਸਾਲਾਨਾ ਕਿਰਾਏ ਤੇ ਪਹਿਲਾਂ 15% ਦੀ ਦਰ ਨਾਲ ਇਹ ਟੈਕਸ ਲਗਦਾ ਸੀ, ਜਿਸ ਨੂੰ ਘਟਾ ਕੇ ਸਰਕਾਰ ਨੇ ਹੁਣ ਸਾਢੇ 7% ਕਰ ਦਿੱਤਾ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਕੁਐਸਚਨ ਹੈ। ਆਪਾਂ ਚੰਡੀਗੜ੍ਹ, ਮੁਹਾਲੀ ਅਤੇ ਪੰਚਕੂਲਾ ਨੂੰ ਟ੍ਰਾਈਸਿਟੀ ਦਾ ਦਰਜਾ ਦਿੰਦੇ ਹਾਂ। ਚੰਡੀਗੜ੍ਹ ਵਿੱਚ ਇਕ ਸ਼ੋਅਰੂਮ ਤੇ ਸਿਰਫ਼ 18,000/- ਰੁਪਿਆ ਸਾਲਾਨਾ ਪ੍ਰਾਪਰਟੀ ਟੈਕਸ ਲਗਦਾ ਹੈ ਅਤੇ ਹਰਿਆਣਾ ਵਿੱਚ ਸਾਢੇ 15,000/- ਰੁਪਿਆ ਲਗਦਾ ਹੈ ਜਦਕਿ ਇਨ੍ਹਾਂ ਫੌਜੀਆਂ ਨੂੰ ਕਮਰਸ਼ੀਅਲ ਪ੍ਰਾਪਰਟੀ ਦੇ ਕਿਰਾਏ ਤੇ ਸਾਢੇ 7% ਟੈਕਸ ਦੇਣਾ ਪੈ ਰਿਹਾ ਹੈ। ਮੰਨ ਲਓ, ਇਕ ਸ਼ੋਅਰੂਮ ਖਰੀਦਿਆ ਗਿਆ ਹੈ ਅਤੇ ਉਹ ਲੱਖ ਰੁਪਿਆ ਮਹੀਨਾ ਦੇ ਕਿਰਾਏ ਤੇ ਦਿੱਤਾ ਗਿਆ ਹੈ। ਸਾਢੇ 7% ਦੇ ਹਿਸਾਬ ਨਾਲ ਸਾਲ ਦਾ ਲੱਖ ਰੁਪਿਆ ਟੈਕਸ ਹੋ ਗਿਆ ਅਤੇ ਸਰਵਿਸ ਟੈਕਸ ਵੱਖਰਾ ਹੈ, ਇਨਕਮ ਟੈਕਸ ਵੱਖਰਾ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਸ਼ਹਿਰੀਆਂ ਨਾਲ ਬਹੁਤ ਵੱਡੀ ਜ਼ਿਆਦਤੀ ਕੀਤੀ ਹੈ। ਅੱਜ ਗਮਾਡਾ ਦੀਆਂ ਬਹੁਤ ਸਾਰੀਆਂ ਆਕਸ਼ਨਾਂ ਹੁੰਦੀਆਂ ਹਨ ਪਰੰਤੂ ਲੋਕਾਂ ਵੱਲੋਂ ਕੋਈ ਹੁੰਗਾਰਾ ਨਹੀਂ ਮਿਲਦਾ ਕਿ ਉਹ ਆਕਸ਼ਨ ਵਿੱਚ ਜਾਣ। ਉਹ ਕਹਿੰਦੇ ਹਨ ਇਨ੍ਹਾਂ ਨੂੰ ਸਾਰੇ ਪੈਸੇ ਕਿਉਂ ਫੜਾ ਦੇਈਏ।

ਇਸ ਦੇ ਨਾਲ ਹੀ ਇਕ ਸਪਲੀਮੈਂਟਰੀ ਹੋਰ ਹੈ ਕਿ ਜਿਹੜੇ ਪਲਾਟ ਖਾਲੀ ਪਏ ਹਨ, ਕੋਈ ਗਰੀਬ ਬੰਦਾ ਮਕਾਨ ਨਹੀਂ ਬਣਾਉਂਦਾ ਪਰੰਤੂ ਪਲਾਟ ਅਲਾਟ ਹੋ ਗਿਆ, ਉਸ ਤੋਂ ਵੀ ਟੈਕਸ ਲਈ ਜਾਂਦੇ ਹਨ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਹਾਊਸ ਨੂੰ ਬਿਲਕੁਲ ਗੁੰਮਰਾਹ ਕਰ ਰਹੇ ਹਨ। ਮੈਂ ਇਨ੍ਹਾਂ ਨੂੰ ਬਹੁਤ ਇੰਟੈਲੀਜੈਂਟ ਮੈਂਬਰ ਸਮਝਦਾ ਹਾਂ। ਹਾਊਸ ਟੈਕਸ ਬੜੇ ਲੰਬੇ ਸਮੇਂ ਤੋਂ ਲੱਗ ਰਿਹਾ ਹੈ ਅਤੇ ਪਹਿਲਾਂ ਤੋਂ ਹੀ ਰੈਂਟਲ ਪ੍ਰਾਪਰਟੀ ਤੇ 15% ਟੈਕਸ ਲਗਦਾ ਸੀ। ਅਸੀਂ ਤਾਂ ਉਲਟਾ ਘਟਾਇਆ ਹੈ। ਪਤਾ ਨਹੀਂ ਇਹ ਪਬਲਿਕ ਵਿੱਚ ਕੀ ਦੱਸਣਾ ਚਾਹੁੰਦੇ ਹਨ? ਜਦਕਿ ਅਸੀਂ ਕਮਰਸ਼ੀਅਲ ਪ੍ਰਾਪਰਟੀ ਤੇ ਟੈਕਸ ਅੱਗੇ ਨਾਲੋਂ ਅੱਧਾ ਕੀਤਾ ਹੈ।

ਦੂਜਾ, ਜਿਹੜਾ ਇਨ੍ਹਾਂ ਨੇ ਖਾਲੀ ਪਲਾਟ ਬਾਰੇ ਕਿਹਾ ਹੈ, ਉਸ ਉੱਤੇ ਬਿਲਕੁਲ ਮਾਫ਼ ਹੈ। 50 ਗਜ਼ ਦੇ ਮਕਾਨ ਵਿੱਚ ਕਿੰਨੀਆਂ ਮਰਜ਼ੀ ਸਟੋਰੀਜ਼ ਹੋਣ,

[ਸਥਾਨਕ ਸਰਕਾਰ ਮੰਤਰੀ]

ਉਸ ਨੂੰ ਟੈਕਸ ਬਿਲਕੁਲ ਮਾਫ਼ ਹੈ। ਸਵਾ ਸੌ ਗਜ਼ ਦੇ ਏਰੀਏ ਵਿੱਚ ਸਿੰਗਲ ਸਟੋਰੀ ਤੇ ਮਮਟੀ, ਟੈਂਕੀ ਬਣੀ ਹੋਵੇ, ਉਸ ਨੂੰ ਟੈਕਸ ਬਿਲਕੁਲ ਮਾਫ਼ ਹੈ।(ਵਿਘਨ, ਸ਼ੋਰ) ਸਪੀਕਰ ਸਾਹਿਬ, ਇਹ ਤਾਂ ਡਿਸਕਸ਼ਨ ਕਰਨ ਲੱਗ ਗਏ ਹਨ। ਜਿਹੜੀ ਇਨ੍ਹਾਂ ਨੂੰ ਜਾਣਕਾਰੀ ਚਾਹੀਦੀ ਹੈ, ਉਹ ਸਾਰੀ ਦੇ ਦਿੰਦੇ ਹਾਂ।

ਮਾਨਯੋਗ ਸਪੀਕਰ : ਨੈਕਸਟ ਕੁਐਸਚਨ।

ਗੋਲੇਵਾਲਾ ਵਿਖੇ ਲੜਕੀਆਂ ਲਈ ਕਾਲਜ ਖੋਲ੍ਹਣਾ

***1909. ਸ਼੍ਰੀ ਦੀਪ ਮਲਹੋਤਰਾ :** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਫਰੀਦਕੋਟ ਵਿਚ ਗੋਲੇਵਾਲਾ ਵਿਖੇ ਲੜਕੀਆਂ ਲਈ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜਿਸ ਲਈ ਪਿੰਡ ਗੋਲੇਵਾਲਾ ਗ੍ਰਾਮ ਪੰਚਾਇਤ ਵੱਲੋਂ ਜ਼ਮੀਨ ਦੇਣ ਲਈ ਮਤਾ ਵੀ ਪਾਸ ਕੀਤਾ ਹੋਇਆ ਹੈ?

ਸਰਦਾਰ ਸੁਰਜੀਤ ਸਿੰਘ ਰੱਖੜਾ : ਨਹੀਂ ਜੀ।

ਸ਼੍ਰੀ ਦੀਪ ਮਲਹੋਤਰਾ : ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਹੈ। ਮੈਂ ਇੱਕ-ਦੋ ਵਾਰੀ ਪਹਿਲਾਂ ਵੀ ਇਹ ਮੰਗ ਉਠਾ ਚੁੱਕਿਆ ਹਾਂ ਕਿ ਮੇਰਾ ਇਲਾਕਾ ਗਰੀਬ ਹੈ। ਉਥੇ ਲੜਕੀਆਂ ਦੇ ਪੜ੍ਹਨ ਵਾਸਤੇ ਕਾਲਜ ਦੀ ਕੋਈ ਵਿਵਸਥਾ ਨਹੀਂ ਹੈ। ਉਥੇ ਗੋਲੇਵਾਲਾ ਔਰ ਸਾਦਿਕ ਦੋ ਅਜਿਹੇ ਏਰੀਏ ਹਨ, ਜਿਨ੍ਹਾਂ ਵਿੱਚ 40-40, 50-50 ਪਿੰਡ ਆਉਂਦੇ ਹਨ। ਫਰੀਦਕੋਟ ਵਿੱਚ ਇੱਕ ਕਾਲਜ ਹੈ, ਉਸ ਵਿੱਚ ਵਿਦਿਆਰਥੀਆਂ ਦੀ ਤਕਰੀਬਨ 600 ਦੀ ਸਟਰੈਂਥ ਹੈ, ਜਦੋਂ ਉਥੇ ਐਡਮਿਸ਼ਨ ਸਟਾਰਟ ਹੁੰਦੀ ਹੈ ਤਾਂ 800-900 ਬੱਚਾ ਉਥੇ ਭਰਤੀ ਹੁੰਦਾ ਹੈ। ਲੜਕੀਆਂ ਵਾਸਤੇ ਉਥੇ ਕਾਲਜ ਹੋਣਾ ਬਹੁਤ ਜ਼ਰੂਰੀ ਹੈ। ਆਪਾਂ ਰੋਜ਼ ਇਹ ਡਿਸਕਸ਼ਨ ਕਰਦੇ ਹਾਂ ਕਿ ਲੇਡੀਜ਼ ਵਾਸਤੇ 35% ਰਿਜ਼ਰਵੇਸ਼ਨ ਕਰ ਦੇਣੀ ਹੈ ਪਰ ਇਹ ਤਾਂ ਹੀ ਮੁਮਕਿਨ ਹੈ ਜੇਕਰ ਆਪਾਂ ਬੱਚੀਆਂ ਨੂੰ ਪੜ੍ਹਾਵਾਂਗੇ। ਉਨ੍ਹਾਂ ਪਿੰਡਾਂ ਦੇ ਬੱਚਿਆਂ ਵਾਸਤੇ 10 ਜਮਾਤਾਂ ਤੋਂ ਅੱਗੇ ਪੜ੍ਹਨ ਲਈ ਜਾਣ ਵਾਸਤੇ ਨਾ ਤਾਂ ਕੋਈ ਬੱਸ ਦੀ ਵਿਵਸਥਾ ਹੈ, ਨਾ ਹੀ ਕੋਈ ਲੋਕਲ ਟਰਾਂਸਪੋਰਟੇਸ਼ਨ ਹੈ ਜਿਸ ਰਾਹੀਂ ਲੜਕੀਆਂ ਕਾਲਜ ਵਿੱਚ ਜਾ ਸਕਣ। ਸਪੀਕਰ ਸਾਹਿਬ, ਕੋਈ ਐਸੀ ਸਕੀਮ ਬਣਾਈ ਜਾਵੇ ਕਿ ਜਿਹੜਾ ਗਰੀਬ ਇਲਾਕਾ ਹੈ, ਉਥੇ ਲੜਕੀਆਂ ਵਾਸਤੇ ਕਾਲਜ ਜ਼ਰੂਰ ਬਣਨ। ਪੰਚਾਇਤ ਨੇ ਮਤਾ ਪਾਸ ਕਰ ਕੇ

ਦਿੱਤਾ ਹੋਇਆ ਹੈ ਅਤੇ ਆਪਣੀ ਜਗ੍ਹਾ ਵੀ ਦਿੱਤੀ ਹੋਈ ਹੈ। ਇਸ ਲਈ ਆਪਾਂ ਨੂੰ ਲੜਕੀਆਂ ਦੇ ਪੜ੍ਹਨ ਲਈ ਕੋਈ ਬੰਦੋਬਸਤ ਕਰਨ ਦੀ ਪਲਾਨਿੰਗ ਕਰਨੀ ਪਵੇਗੀ। ਮੰਤਰੀ ਜੀ ਦੱਸਣ।

Mr. Speaker : Thank you for your suggestion.

ਸ਼੍ਰੀ ਦੀਪ ਮਲਹੋਤਰਾ : ਸਪੀਕਰ ਸਾਹਿਬ, ਮੇਰੀ ਕਾਂਸਟੀਚੂਐਂਸੀ ਵਿੱਚ ਗਰੀਬ ਲੜਕੀਆਂ ਦੇ ਪੜ੍ਹਨ ਲਈ ਕੋਈ ਇੱਕ ਕਾਲਜ ਦੇ ਦਿਉ। ਸਾਰੀ ਜ਼ਮੀਨ ਉਥੇ ਦੇ ਦਿੱਤੀ ਜਾਵੇਗੀ ਜੇਕਰ 10, 20 ਜਾਂ 30 ਲੱਖ ਰੁਪਏ ਉਸ ਕਾਲਜ ਤੇ ਖਰਚਣੇ ਪੈਣੇ ਹਨ ਤਾਂ ਮੈਂ ਦੇਣ ਨੂੰ ਤਿਆਰ ਹਾਂ ਪਰ ਮੇਰੀ ਕਾਂਸਟੀਚੂਐਂਸੀ ਵਿੱਚ ਇੱਕ ਕਾਲਜ ਜ਼ਰੂਰ ਦਿਵਾ ਦਿਉ।

ਮਾਨਯੋਗ ਸਪੀਕਰ : ਮੰਤਰੀ ਜੀ, ਕੀ ਕੰਸਿਡਰ ਹੋ ਸਕਦਾ ਹੈ?

ਮੰਤਰੀ : ਸਪੀਕਰ ਸਾਹਿਬ, ਅਸੀਂ ਕੋਸ਼ਿਸ਼ ਕਰ ਲਵਾਂਗੇ ਜੇਕਰ ਕੋਈ ਪਰਪੋਜ਼ਲ ਬਣ ਗਈ। ਵੈਸੇ ਉਥੇ ਫਰੀਦਕੋਟ ਵਿੱਚ ਤਿੰਨ ਸਰਕਾਰੀ ਕਾਲਜ ਹਨ ਅਤੇ 9 ਅਨਏਡਿਡ ਕਾਲਜ ਹਨ।

ਮਾਨਯੋਗ ਸਪੀਕਰ : ਪਰੰਤੂ ਮੈਂਬਰ ਸਾਹਿਬ ਤਾਂ ਕਹਿੰਦੇ ਹਨ ਕਿ ਮੇਰੇ ਹਲਕੇ ਵਿੱਚ ਕਾਲਜ ਨਹੀਂ ਹਨ?

ਸ਼੍ਰੀ ਦੀਪ ਮਲਹੋਤਰਾ : ਸਪੀਕਰ ਸਾਹਿਬ, ਬੇਨਤੀ ਇਹ ਹੈ ਕਿ ਸਾਡਾ ਇਲਾਕਾ ਗਰੀਬ ਹੈ। ਪ੍ਰਾਈਵੇਟ ਕਾਲਜ ਖੁੱਲ੍ਹ ਕੇ ਵਾਇਬਿਲਟੀ ਵਿੱਚ ਨਹੀਂ ਆਉਂਦੇ। ਦੂਜੇ ਸ਼ਹਿਰਾਂ ਵਿੱਚ ਸ਼ਾਇਦ ਇਹ ਮੰਗ ਘੱਟ ਆਵੇ ਕਿਉਂਕਿ ਪ੍ਰਾਈਵੇਟ ਕਾਲਜ ਖੁੱਲ੍ਹ ਜਾਂਦੇ ਹਨ। ਸਾਡੇ ਇਲਾਕੇ ਵਾਸਤੇ ਲੜਕੀਆਂ ਦਾ ਇੱਕ ਕਾਲਜ ਬਣਾਉਣ ਲਈ ਜ਼ਰੂਰ ਕੰਸਿਡ੍ਰੇਸ਼ਨ ਰੱਖ ਲਵੋ ਕਿਉਂਕਿ ਜੇਕਰ ਸਰਕਾਰ ਮਦਦ ਕਰੇਗੀ ਤਾਂ ਲੜਕੀਆਂ 10ਵੀਂ ਜਮਾਤ ਤੋਂ ਬਾਅਦ ਅੱਗੇ ਪੜ੍ਹਨਗੀਆਂ ਅਤੇ ਤਾਂ ਹੀ ਉਨ੍ਹਾਂ ਦਾ ਮਿਆਰ ਉੱਚਾ ਹੋਣਾ ਹੈ। ਅਦਰਵਾਈਜ਼ ਜੇ ਆਪਾਂ ਹੀ ਕੋਈ ਪਲਾਨਿੰਗ ਨਹੀਂ ਕਰਾਂਗੇ ਤਾਂ ਲੜਕੀਆਂ ਕਿਵੇਂ ਪੜ੍ਹ ਸਕਣਗੀਆਂ। ਜੇ ਤੁਸੀਂ ਅੱਜ ਕਾਲਜ ਖੋਲ੍ਹੋਗੇ ਤਾਂ ਇਸ ਤੋਂ ਦੋ-ਚਾਰ ਸਾਲ ਬਾਅਦ ਕਾਲਜ ਤਿਆਰ ਹੋਣਾ ਹੈ, ਉਸ ਤੋਂ ਬਾਅਦ ਹੀ ਬੱਚੀਆਂ ਪੜ੍ਹਨ ਜਾ ਸਕਣਗੀਆਂ। ਫਿਰ ਕੋਈ ਡਿਗਰੀ ਉਨ੍ਹਾਂ ਨੂੰ ਮਿਲਣੀ ਹੈ, ਫਿਰ ਕਿਤੇ ਜਾ ਕੇ ਬੱਚੀਆਂ ਦੀ ਅਪਲਿਫਟਮੈਂਟ ਹੋਣੀ ਹੈ।

ਮਾਨਯੋਗ ਸਪੀਕਰ : ਧੰਨਵਾਦ ਜੀ।

ਸੀਨੀਅਰ ਸੈਕੰਡਰੀ ਸਕੂਲ, ਪਥਰਾਲਾ ਵਿੱਚ ਖਾਲੀ ਅਸਾਮੀਆਂ ਨੂੰ ਭਰਨਾ

***1872. ਸਰਦਾਰ ਦਰਸ਼ਨ ਸਿੰਘ ਕੋਟਫੱਤਾ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਸੀਨੀਅਰ ਸੈਕੰਡਰੀ ਸਕੂਲ, ਪਥਰਾਲਾ ਨੂੰ ਸਾਲ 2013-14 ਦੌਰਾਨ ਅਪਗ੍ਰੇਡ ਕੀਤਾ ਗਿਆ ਸੀ ਅਤੇ ਕੀ ਇਹ ਵੀ ਠੀਕ ਹੈ ਕਿ ਇਸ ਸਕੂਲ ਵਿੱਚ ਪ੍ਰਿੰਸੀਪਲ ਅਤੇ ਲੈਕਚਰਾਰਾਂ ਦੀਆਂ ਪੋਸਟਾਂ ਨੂੰ ਮਨਜ਼ੂਰੀ ਨਹੀਂ ਦਿੱਤੀ ਗਈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਪ੍ਰਿੰਸੀਪਲ ਅਤੇ ਲੈਕਚਰਾਰਾਂ ਦੀਆਂ ਪੋਸਟਾਂ ਨੂੰ ਵਿਭਾਗੀ ਪ੍ਰਵਾਨਗੀ ਦੇਣ ਵਿੱਚ ਹੋਈ ਦੇਰੀ ਦੇ ਕੀ ਕਾਰਨ ਹਨ ਅਤੇ ਲੋੜੀਂਦੀ ਪ੍ਰਵਾਨਗੀ ਜਾਰੀ ਕਰਕੇ ਇੱਥੇ ਪ੍ਰਿੰਸੀਪਲ ਅਤੇ ਲੈਕਚਰਾਰ ਕਦੋਂ ਤੱਕ ਨਿਯੁਕਤ ਕਰ ਦਿੱਤੇ ਜਾਣਗੇ?

ਡਾਕਟਰ ਦਲਜੀਤ ਸਿੰਘ ਚੀਮਾ : (ੳ) ਹਾਂ, ਇਹ ਠੀਕ ਹੈ ਕਿ ਸੀਨੀਅਰ ਸੈਕੰਡਰੀ ਸਕੂਲ, ਪਥਰਾਲਾ (ਬਠਿੰਡਾ) ਨੂੰ ਸਾਲ 2014 ਦੌਰਾਨ ਸਿਧਾਂਤਕ ਤੌਰ ਤੇ ਅਪਗ੍ਰੇਡ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸ ਸਕੂਲ ਲਈ ਇੱਕ ਪ੍ਰਿੰਸੀਪਲ ਅਤੇ 5 ਲੈਕਚਰਾਰ, ਕੁੱਲ 6 ਅਸਾਮੀਆਂ ਦੀ ਰਚਨਾ ਕਰਨ ਲਈ ਮਿਸਲ ਵਿੱਤ ਵਿਭਾਗ ਨੂੰ ਉਨ੍ਹਾਂ ਦੀ ਪ੍ਰਵਾਨਗੀ ਲਈ ਭੇਜੀ ਗਈ ਸੀ ਪਰੰਤੂ ਵਿੱਤ ਵਿਭਾਗ ਵੱਲੋਂ ਉਨ੍ਹਾਂ ਦੇ ਪੱਤਰ ਮਿਤੀ 2.2.2015 ਰਾਹੀਂ ਇਸ ਤਜਵੀਜ਼ ਨੂੰ ਮੰਨਣ ਤੋਂ ਅਸਮਰੱਥਤਾ ਪ੍ਰਗਟਾਈ ਗਈ ਹੈ।

(ਅ) ਉਪਰੋਕਤ ਸਕੂਲ ਵਾਸਤੇ ਇੱਕ ਪ੍ਰਿੰਸੀਪਲ ਅਤੇ 5 ਲੈਕਚਰਾਰਾਂ ਦੀਆਂ ਅਸਾਮੀਆਂ ਦੀ ਰਚਨਾ ਕਰਵਾਉਣ ਲਈ ਮਾਮਲਾ ਮੁੜ ਵਿੱਤ ਵਿਭਾਗ ਨਾਲ ਉਠਾਇਆ ਗਿਆ ਹੈ। ਉਨ੍ਹਾਂ ਵੱਲੋਂ ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਤੁਰੰਤ ਹੀ ਲੋੜੀਂਦੇ ਸਟਾਫ਼ ਦੀ ਨਿਯੁਕਤੀ ਕਰਦੇ ਹੋਏ ਅਸਾਮੀਆਂ ਭਰਨ ਸਬੰਧੀ ਲੋੜੀਂਦੀ ਕਾਰਵਾਈ ਕਰ ਲਈ ਜਾਵੇਗੀ।

ਸਰਦਾਰ ਦਰਸ਼ਨ ਸਿੰਘ ਕੋਟਫੱਤਾ : ਸਪੀਕਰ ਸਾਹਿਬ, ਪਥਰਾਲਾ ਤਕਰੀਬਨ 7000 ਦੀ ਅਬਾਦੀ ਵਾਲਾ ਪਿੰਡ ਹੈ, ਇਹ ਹਰਿਆਣੇ ਦੇ ਬਿਲਕੁਲ

ਨਾਲ ਜਾ ਲਗਦਾ ਹੈ। ਜੇ ਅਸੀਂ ਇਸ ਵਾਸਤੇ ਕੋਈ ਟੈਂਪਰੇਰੀ ਅਰੇਂਜਮੈਂਟ ਕਰਨ ਦੀ ਕੋਈ ਕੋਸ਼ਿਸ਼ ਕਰਦੇ ਹਾਂ ਤਾਂ ਉਸ ਪਾਸੇ ਕੋਈ ਜਾਣਾ ਨਹੀਂ ਚਾਹੁੰਦਾ। ਸੋ, ਮੇਰੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਜਿਹੜੇ ਅਜਿਹੇ ਨਿਗਲੈਕਟਿਡ ਏਰੀਆਜ਼ ਹਨ, ਉਨ੍ਹਾਂ ਵਾਸਤੇ ਕੀ ਇਹ ਕੋਈ ਕੋਸ਼ਿਸ਼ ਕਰਨਗੇ ਤਾਂ ਕਿ ਛੇਤੀ ਤੋਂ ਛੇਤੀ ਸਟਾਫ਼ ਭਰਤੀ ਕੀਤਾ ਜਾਵੇ ਕਿਉਂਕਿ ਪਹਿਲਾਂ ਹੀ ਇਕ ਸਾਲ ਤੋਂ ਅਸੀਂ ਬਿਨਾਂ ਪ੍ਰਿੰਸੀਪਲ ਅਤੇ ਸਟਾਫ਼ ਤੋਂ ਸਕੂਲ ਚਲਾ ਰਹੇ ਹਾਂ। ਇਹ ਕਦੋਂ ਤੱਕ ਹੋ ਜਾਵੇਗਾ?

ਮੰਤਰੀ : ਸਪੀਕਰ ਸਾਹਿਬ, ਇਹ ਕੇਸ ਵਿੱਤ ਵਿਭਾਗ ਕੋਲ ਪ੍ਰਵਾਨਗੀ ਵਾਸਤੇ ਭੇਜਿਆ ਹੋਇਆ ਹੈ, ਸਾਨੂੰ ਆਸ ਹੈ ਕਿ ਪ੍ਰਵਾਨਗੀ ਜ਼ਰੂਰ ਮਿਲ ਜਾਵੇਗੀ। ਮੈਂ ਇਨ੍ਹਾਂ ਦੀ ਗੱਲ ਨਾਲ ਸਹਿਮਤ ਹਾਂ ਕਿ ਇਹ ਇਲਾਕਾ ਪੱਛੜਿਆ ਹੋਇਆ ਹੈ। ਇਸੇ ਕਰਕੇ ਉਥੇ ਚਾਰ ਨਵੇਂ ਸੀਨੀਅਰ ਸੈਕੰਡਰੀ ਸਕੂਲ ਅਪਗ੍ਰੇਡ ਕਰਨ ਦਾ ਫੈਸਲਾ ਕੀਤਾ ਹੈ। ਸਾਡੀ ਪੂਰੀ ਕੋਸ਼ਿਸ਼ ਹੈ ਅਤੇ ਅਸੀਂ ਆਪ ਪੈਰਵੀ ਕਰਕੇ ਜਲਦੀ ਅਸਾਮੀਆਂ ਦੀ ਰਚਨਾ ਕਰਕੇ ਇਨ੍ਹਾਂ ਦੀ ਮੰਗ ਪੂਰੀ ਕਰਾਂਗੇ।

ਸਰਦਾਰ ਦਰਸ਼ਨ ਸਿੰਘ ਕੋਟਫੱਤਾ : ਧੰਨਵਾਦ ਜੀ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1882

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

ਨਿਸ਼ਾਨ ਵਾਲਾ ਪ੍ਰਸ਼ਨ ਨੰ: 1762**

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ।

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ,......

ਮਾਨਯੋਗ ਸਪੀਕਰ : ਉਪ ਮੁੱਖ ਮੰਤਰੀ ਜੀ ਅੱਜ ਕਿਤੇ ਬਾਹਰ ਹਨ। ਇਸ ਲਈ ਉਨ੍ਹਾਂ ਦੇ ਕੁਐਸਚਨ ਦੋ ਦਿਨ ਲਈ ਟਾਲੇ ਹਨ।

** For Starred Question No. 1762 and reply thereto, please see Debates dated 25.3.2015.

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਮੇਰੀ ਬੇਨਤੀ ਤਾਂ ਸੁਣ ਲਵੋ ਜੀ। ਪਿਛਲੇ ਸੈਸ਼ਨ ਵਿੱਚ ਵੀ ਇਹ ਕੁਐਸਚਨ ਆਇਆ ਸੀ। ਕੀ ਇਸ ਕੁਐਸਚਨ ਨੂੰ ਇਸੇ ਸੈਸ਼ਨ ਵਿੱਚ ਲਗਵਾ ਦਿਉਗੇ?

ਮਾਨਯੋਗ ਸਪੀਕਰ : ਉਨ੍ਹਾਂ ਨੇ ਬਾਹਰ ਜਾਣਾ ਸੀ। ਸਿਰਫ਼ ਇਸ ਕਰਕੇ ਹੀ ਐਕਸਟੈਨਸ਼ਨ ਦਿੱਤੀ ਹੈ। ਤੁਹਾਡਾ ਕੁਐਸਚਨ ਮੰਗਲਵਾਰ ਨੂੰ ਲੱਗੇਗਾ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1893**

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ।

ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ : ਸਪੀਕਰ ਸਾਹਿਬ, ਕਦੋਂ ਤੱਕ ਐਕਸਟੈਂਸ਼ਨ ਅਲਾਓ ਕੀਤੀ ਹੈ?

ਮਾਨਯੋਗ ਸਪੀਕਰ : ਮੰਤਰੀ ਜੀ ਨੇ 24 ਤਰੀਕ ਤੱਕ ਐਕਸਟੈਂਸ਼ਨ ਮੰਗੀ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਕ ਮਿੰਟ ਮੇਰੀ ਗੁਜ਼ਾਰਿਸ਼ ਸੁਣ ਲਓ। ਪੀ.ਡੀ.ਐਸ. ਸਿਸਟਮ ਰਾਹੀਂ ਖੰਡ ਦੀ ਸਪਲਾਈ ਦੇ ਮੁੱਦੇ ਤੇ ਤਿੰਨ ਸੈਸ਼ਨ ਹੋ ਚੁੱਕੇ ਹਨ। ਜਦੋਂ ਵੀ ਸਿਵਲ ਸਪਲਾਈ ਮਹਿਕਮੇ ਦਾ ਕੋਈ ਪ੍ਰਸ਼ਨ ਆਉਂਦਾ ਹੈ, ਚਾਹੇ ਸਰਕਾਰੀਆ ਜੀ ਨੇ ਪ੍ਰਸ਼ਨ ਲਗਾਇਆ ਹੈ ਚਾਹੇ ਮੈਂ ਲਗਾਇਆ ਹੈ ਪਰ ਹਰੇਕ ਵਾਰੀ ਇਸ ਦੀ ਐਕਸਟੈਂਸ਼ਨ ਦੇ ਦਿੱਤੀ ਜਾਂਦੀ ਹੈ। ਖੁਰਾਕ ਤੇ ਸਿਵਲ ਸਪਲਾਈ ਮੰਤਰੀ ਜੀ ਸਭ ਤੋਂ ਕਾਬਲ ਮੰਤਰੀ ਹਨ। ਜਦੋਂ ਉਹ ਜਾ ਕੇ ਕੈਸ਼ ਕਰੈਡਿਟ ਲਿਮਟ ਬਹਾਲ ਕਰਵਾ ਕੇ ਲਿਆਏ ਸਨ ਤਾਂ ਉਨ੍ਹਾਂ ਦੇ ਮਹਿਕਮੇ ਨੇ ਬਹੁਤ ਵੱਡੀਆਂ ਐਡਵਰਟਾਈਜ਼ਮੈਂਟਜ਼ ਲਗਾਈਆਂ ਹਨ। Department went to the extent of saying ਕਿ ਜੇ ਮੰਤਰੀ ਸਾਹਿਬ ਆਪ ਨਾ ਜਾਂਦੇ ਤਾਂ ਸਾਨੂੰ ਝੋਨੇ ਅਤੇ ਕਣਕ ਵਾਸਤੇ ਕੈਸ਼ ਕਰੈਡਿਟ ਲਿਮਟ ਨਹੀਂ ਮਿਲਣੀ ਸੀ। Now the credit is being going to our Civil Supply Minister ਕਿ ਉਨ੍ਹਾਂ ਨੇ ਕਣਕ, ਝੋਨੇ ਵਾਸਤੇ ਕੈਸ਼ ਕਰੈਡਿਟ ਲਿਮਟ ਬਹਾਲ ਕਰਵਾਈ ਹੈ। ਇਸ ਵਾਸਤੇ ਇਹ ਕਿਉਂ ਨਹੀਂ ਜਵਾਬ ਦਿੰਦੇ? ਇਸ ਤੋਂ

** For Starred Question No. 1893 and reply thereto, please see Debates dated 25.3.2015.

ਇਲਾਵਾ ਨੀਲੇ ਕਾਰਡਾਂ ਅਤੇ ਫੂਡ ਸਕਿਉਰਿਟੀ ਦਾ ਮਸਲਾ ਹੈ। ਮੈਂ ਆਪਣੇ ਹਲਕੇ ਬਾਰੇ ਦੱਸਦਾ ਹਾਂ। ਸਰਕਾਰੀਆ ਸਾਹਿਬ ਨੇ ਜ਼ਿਲ੍ਹੇਵਾਈਜ਼ ਡਿਟੇਲ ਮੰਗੀ ਸੀ ਉਸ ਵਿਚ ਫਾਜ਼ਿਲਕਾ ਵੀ ਸ਼ਾਮਲ ਹੈ। ਫਾਜ਼ਿਲਕਾ ਵਿਚ ਤਕਰੀਬਨ 36,000 ਐਪਲੀਕੇਸ਼ਨਜ਼ ਲੱਗੀਆਂ ਹਨ, I would like it to bring to the notice of the Hon'ble Chief Minister ਕਿ 18,000 ਕਾਰਡ ਬਣਾਏ ਹਨ।

ਮਾਨਯੋਗ ਸਪੀਕਰ : ਨਹੀਂ ਜੀ, ਇਹ ਕੁਐਸਚਨ ਆਵਰ ਹੈ। ਤੁਸੀਂ ਤਾਂ ਡਿਸਕਸ਼ਨ ਕਰ ਰਹੇ ਹੋ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਜੇ ਕੁਐਸਚਨ ਆਵਰ ਹੈ ਤਾਂ ਇਹ ਜਵਾਬ ਕਿਉਂ ਨਹੀਂ ਦਿੰਦੇ?** **

ਮਾਨਯੋਗ ਸਪੀਕਰ : ਨਹੀਂ ਜੀ, Not allowed. ਮੈਂ ਮੰਤਰੀ ਜੀ ਨੂੰ ਐਕਸਟੈਂਸ਼ਨ ਗਰਾਂਟ ਕਰ ਦਿੱਤੀ ਹੈ। ਉਨ੍ਹਾਂ ਨੇ 24 ਤਰੀਕ ਤੱਕ ਐਕਸਟੈਂਸ਼ਨ ਮੰਗੀ ਸੀ। (ਵਿਘਨ..ਸ਼ੋਰ) ਜਦੋਂ ਮੈਂ ਐਕਸਟੈਂਸ਼ਨ ਗਰਾਂਟ ਕਰ ਦਿੱਤੀ ਹੈ ਤਾਂ what can I say. Please sit down now. ਹਰਦਿਆਲ ਸਿੰਘ ਕੰਬੋਜ ਜੀ।

ਬੱਸ ਸਰਵਿਸ ਸ਼ੁਰੂ ਕਰਨਾ

***1896. ਸਰਦਾਰ ਹਰਦਿਆਲ ਸਿੰਘ ਕੰਬੋਜ :** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜਪੁਰਾ ਤਹਿਸੀਲ ਵਿਚ ਐਸ.ਵਾਈ.ਐਲ. ਨੇੜੇ ਪੈਂਦੇ ਪਿੰਡ ਗੁਰਦਿੱਤਪੁਰਾ ਨੂੰ ਜਾਣ ਲਈ ਕੋਈ ਵੀ ਪ੍ਰਾਈਵੇਟ ਜਾਂ ਸਰਕਾਰੀ ਬੱਸ ਸਰਵਿਸ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਬਨੂੜ, ਮੋਹਾਲੀ ਜਾਂ ਰਾਜਪੁਰੇ ਤੋਂ ਪ੍ਰਾਈਵੇਟ ਜਾਂ ਸਰਕਾਰੀ ਬੱਸ ਸਰਵਿਸ ਸ਼ੁਰੂ ਕਰਨ ਦੀ ਕੋਈ ਤਜਵੀਜ਼ ਰੱਖਦੀ ਹੈ?

ਸਰਦਾਰ ਅਜੀਤ ਸਿੰਘ ਕੋਹਾੜ : ਨਹੀਂ ਜੀ।

ਸਰਦਾਰ ਹਰਦਿਆਲ ਸਿੰਘ ਕੰਬੋਜ : ਸਪੀਕਰ ਸਾਹਿਬ, ਇਹ ਸਾਡੇ ਹਲਕੇ ਨਾਲ ਸਬੰਧਤ ਮਸਲਾ ਹੈ। ਖੇੜਾ ਗੱਜੂ, ਮਾਣਕਪੁਰ, ਗੁਰਦਿੱਤਪੁਰਾ ਤੋਂ ਬਹੁਤ ਸਾਰੇ ਇੰਪਲਾਇਜ਼ ਚੰਡੀਗੜ੍ਹ ਨੂੰ ਆਉਂਦੇ ਹਨ ਪਰੰਤੂ ਇਥੇ ਕੋਈ ਬੱਸ

** Not recorded as ordered by the Chair.

ਸਰਵਿਸ ਨਹੀਂ ਹੈ। ਇਹ ਇਲਾਕਾ ਵੈਜੀਟੇਬਲ ਗਰੋਇੰਗ ਏਰੀਆ ਹੈ। ਇਥੋਂ ਲੋਕ ਸਬਜੀ ਵਗੈਰਾ ਲੈ ਕੇ ਚੰਡੀਗੜ੍ਹ ਅਤੇ ਮੋਹਾਲੀ ਨੂੰ ਆਉਂਦੇ ਹਨ। ਸੋ, ਇਥੇ ਕੋਈ ਨਾ ਕੋਈ ਬੱਸ ਸਰਵਿਸ ਜ਼ਰੂਰ ਮੁਹੱਈਆ ਕਰਵਾਈ ਜਾਵੇ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਉਥੇ ਬੱਸ ਸਰਵਿਸ ਦੇਣ ਲਈ ਕੋਈ ਨਾ ਕੋਈ ਪ੍ਰੋਪੋਜ਼ਲ ਜ਼ਰੂਰ ਬਣਾਉਣ।

ਮੰਤਰੀ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਰਾਜਪੁਰਾ ਤਹਿਸੀਲ ਵਿਚ ਐਸ.ਵਾਈ.ਐਲ. ਨਹਿਰ ਦੇ ਨਜ਼ਦੀਕ ਪਿੰਡ ਗੁਰਦਿੱਤਪੁਰਾ ਤੱਕ ਸਿੱਧੀ ਕੋਈ ਪ੍ਰਾਈਵੇਟ ਜਾਂ ਸਰਕਾਰੀ ਬੱਸ ਸਰਵਿਸ ਮੌਜੂਦ ਨਹੀਂ ਹੈ। ਇਹ ਪਿੰਡ ਮਾਣਕਪੁਰ, ਖੇੜਾ ਗੱਜੂ ਨੂੰ ਜਾਣ ਵਾਲੀ ਲਿੰਕ ਸੜਕ ਤੋਂ ਇਕ ਪਾਸੇ ਹੱਟਵਾਂ ਹੋਣ ਕਾਰਨ ਇਥੇ ਕੋਈ ਬੱਸ ਸਰਵਿਸ ਨਹੀਂ ਹੈ ਪ੍ਰੰਤੂ ਇਸ ਪਿੰਡ ਤੋਂ ਦੋ ਕਿਲੋਮੀਟਰ ਦੀ ਦੂਰੀ ਤੇ ਸਰਕਾਰੀ ਅਤੇ ਪ੍ਰਾਈਵੇਟ ਬੱਸਾਂ ਕਾਫ਼ੀ ਆਉਂਦੀਆਂ ਹਨ। ਫਿਲਹਾਲ ਇਥੇ ਬੱਸ ਸਰਵਿਸ ਚਾਲੂ ਕਰਨ ਦੀ ਕੋਈ ਤਜਵੀਜ਼ ਨਹੀਂ ਹੈ ਫਿਰ ਵੀ ਇਸ ਪਿੰਡ ਤੱਕ ਬੱਸ ਸਰਵਿਸ ਚਾਲੂ ਕਰਨ ਲਈ ਵਿਭਾਗ ਵੱਲੋਂ ਸਰਵੇਖਣ ਕਰਵਾਉਣ ਅਤੇ ਲੋਕਾਂ ਦੀ ਰਾਇ ਜਾਣਨ ਲਈ ਯੋਗ ਕਾਰਵਾਈ ਕੀਤੀ ਜਾਵੇਗੀ। ਇਥੇ ਇਹ ਵੀ ਦੱਸਣਾ ਉਚਿਤ ਸਮਝਿਆ ਜਾਂਦਾ ਹੈ ਕਿ ਮਾਨਯੋਗ ਸੁਪਰੀਮ ਕੋਰਟ ਵੱਲੋਂ ਨਵੇਂ ਪਰਮਿਟ ਅਤੇ ਰੂਟਾਂ ਵਿਚ ਵਾਧੇ ਕਰਨ ਤੇ ਰੋਕ ਲਗਾਏ ਹੋਣ ਕਾਰਨ ਹਾਲ ਦੀ ਘੜੀ ਇਸ ਰੂਟ ਤੇ ਸਰਵਿਸ ਤੁਰੰਤ ਚਾਲੂ ਕਰਨੀ ਸੰਭਵ ਨਹੀਂ ਹੋਵੇਗੀ। ਸੁਪਰੀਮ ਕੋਰਟ ਵੱਲੋਂ ਲਗਾਈ ਰੋਕ ਹਟਾਏ ਜਾਣ ਉਪਰੰਤ ਸਰਵਿਸ ਚਾਲੂ ਕਰਨ ਲਈ ਤੁਰੰਤ ਕਾਰਵਾਈ ਕੀਤੀ ਜਾਵੇਗੀ।

ਸਰਦਾਰ ਹਰਦਿਆਲ ਸਿੰਘ ਕੰਬੋਜ : ਸਪੀਕਰ ਸਾਹਿਬ, ਜੇ ਨਵਾਂ ਨਹੀਂ ਚਲਾ ਸਕਦੇ ਤਾਂ ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਬੱਸ ਨੂੰ ਮਾਣਕਪੁਰ ਵਾਲੀ ਸੜਕ ਵੱਲੋਂ ਘੁੰਮਾ ਕੇ ਵਾਪਸ ਲੈ ਆਉਣ ਤਾਂ ਕਿ ਜਿਹੜੇ ਤਿੰਨ-ਚਾਰ ਪਿੰਡ ਹਨ, ਉਹ ਕਵਰ ਹੋ ਜਾਣ ਕਿਉਂਕਿ ਇਨ੍ਹਾਂ ਪਿੰਡਾਂ ਦੀਆਂ ਸੜਕਾਂ ਆਪਸ ਵਿੱਚ ਲਿੰਕਡ ਹੁੰਦੀਆਂ ਹਨ। ਮੰਤਰੀ ਜੀ ਜਲਦੀ ਤੋਂ ਜਲਦੀ ਇਹ ਸਰਵਿਸ ਚਲਾ ਦੇਣ ਤਾਂ ਕਿ ਲੋਕਾਂ ਦਾ ਭਲਾ ਹੋ ਸਕੇ।

ਮਾਨਯੋਗ ਸਪੀਕਰ : ਮੰਤਰੀ ਜੀ, ਕੀ ਇਹ ਕੰਸਿਡਰ ਕਰਨਾ ਹੈ?

ਮੰਤਰੀ : ਸਪੀਕਰ ਸਾਹਿਬ, ਸੁਪਰੀਮ ਕੋਰਟ ਨੇ ਰੋਕ ਲਾਈ ਹੋਈ ਹੈ, ਸਾਡੀ ਕੋਸ਼ਿਸ਼ ਹੈ ਕਿ ਜੇਕਰ ਅਸੀਂ ਛੇਤੀ ਤੋਂ ਛੇਤੀ ਫੈਸਲਾ ਕਰਵਾ ਦੇਈਏ।

ਜਦੋਂ ਰੋਕ ਹਟ ਜਾਏਗੀ ਤਾਂ ਬੱਸ ਸਰਵਿਸ ਚਲਾ ਦਿਆਂਗੇ।

ਸਰਦਾਰ ਹਰਦਿਆਲ ਸਿੰਘ ਕੰਬੋਜ : ਸਪੀਕਰ ਸਾਹਿਬ, ਦੂਜੀ ਸੜਕ ਤੋਂ ਬੱਸ ਨੂੰ ਘੁੰਮਾ ਕੇ ਲਿਆਉਣ ਤੇ ਤਾਂ ਕੋਈ ਰੋਕ ਨਹੀਂ ਲੱਗੀ ਜੀ।

ਅਨੁਸੂਚਿਤ ਜਾਤੀਆਂ ਨਾਲ ਸਬੰਧਤ ਕਰਜ਼ਦਾਰਾਂ ਦਾ ਕਰਜ਼ਾ ਮਾਫ਼ ਕਰਨਾ

***1793. ਜਸਟਿਸ ਨਿਰਮਲ ਸਿੰਘ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਨੁਸੂਚਿਤ ਜਾਤੀ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਪੰਜਾਬ ਵੱਲੋਂ ਮਰ ਚੁੱਕੇ ਅਨੁਸੂਚਿਤ ਜਾਤੀ ਨਾਲ ਸਬੰਧਤ ਕਰਜ਼ਦਾਰਾਂ ਦੇ ਵਾਰਸਾਂ ਕੋਲੋਂ ਲੈਣੀ ਬਣਦੀ ਕਰੀਬ 9 ਕਰੋੜ ਰੁਪਏ ਦੀ ਰਕਮ ਨੂੰ ਮੁਆਫ਼ ਕਰਨ ਸਬੰਧੀ ਸਰਕਾਰ ਵੱਲੋਂ ਐਲਾਨੇ ਫੈਸਲੇ ਅਨੁਸਾਰ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ, ਵੇਰਵੇ ਸਹਿਤ ਦੱਸਿਆ ਜਾਵੇ।

ਸਰਦਾਰ ਗੁਲਜਾਰ ਸਿੰਘ ਰਣੀਕੇ : ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਮ੍ਰਿਤਕ ਕਰਜ਼ਦਾਰਾਂ ਦੇ ਵਾਰਸਾਂ ਦਾ ਕਰਜ਼ਾ ਮਾਫ਼ ਕਰਨ ਲਈ ਮਾਨਯੋਗ ਮੁੱਖ ਮੰਤਰੀ ਜੀ, ਪੰਜਾਬ ਵੱਲੋਂ ਕਾਰਪੋਰੇਸ਼ਨ ਨੂੰ 11.00 ਕਰੋੜ ਰੁਪਏ ਦੀ ਰਾਸ਼ੀ ਮੁਹੱਈਆ ਕਰਾਉਣ ਲਈ ਵਿੱਤ ਵਿਭਾਗ ਨੂੰ ਨਿਰਦੇਸ਼ ਦੇ ਦਿੱਤੇ ਗਏ ਹਨ।

ਜਸਟਿਸ ਨਿਰਮਲ ਸਿੰਘ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਫਾਇਨਾਂਸ ਡਿਪਾਰਟਮੈਂਟ ਨੂੰ ਡਾਇਰੈਕਟ ਕੀਤਾ ਹੈ ਕਿ 11 ਕਰੋੜ ਰੁਪਏ ਦੀ ਰਾਸ਼ੀ, ਜਿਹੜੀ ਕਿ 1653 ਬੈਨੀਫਿਸ਼ਰੀਜ਼ ਦਾ ਕਰਜ਼ਾ ਹੈ, ਉਸ ਨੂੰ ਮੁਆਫ਼ ਕਰਨ ਵਾਸਤੇ ਲਿਖਿਆ ਗਿਆ ਹੈ। ਪਿਛਲੇ ਸੈਸ਼ਨ ਵਿੱਚ ਵੀ ਮੈਂ ਇਹ ਸਵਾਲ ਪੁੱਛਿਆ ਸੀ, ਉਦੋਂ ਮੰਤਰੀ ਸਾਹਿਬ ਨੇ ਦੱਸਿਆ ਸੀ ਕਿ ਵਿੱਤ ਵਿਭਾਗ ਕੋਲ ਫਾਈਲ ਪਈ ਹੈ। ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ 1653 ਬੈਨੀਫਿਸ਼ਰੀਜ਼ ਦਾ ਕਰਜ਼ਾ ਐਕਚੁਅਲੀ ਕਿਸ ਡੇਟ ਤੱਕ ਮੁਆਫ਼ ਹੋ ਜਾਵੇਗਾ?

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਇਹ ਕਰਜ਼ਾ ਮੈਂ ਮੁਆਫ਼ ਕਰ ਦਿੱਤਾ ਹੈ, ਇਸ ਦੀ ਫਾਈਲ ਤੇ ਮੈਂ ਦਸਤਖ਼ਤ ਕਰ ਦਿੱਤੇ ਹਨ। (ਥੰਪਿੰਗ)

ਜਸਟਿਸ ਨਿਰਮਲ ਸਿੰਘ : ਬਹੁਤ ਬਹੁਤ ਧੰਨਵਾਦ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1899*

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ।

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਆਪੋਜ਼ੀਸ਼ਨ ਬੈਂਚਾਂ ਦੇ ਤਿੰਨ ਸਵਾਲਾਂ ਦੀ ਤੁਸੀਂ ਕੱਲ੍ਹ ਐਕਸਟੈਂਸ਼ਨ ਦਿੱਤੀ ਜਦਕਿ ਪਰਸੋਂ ਦੋ ਸਵਾਲਾਂ ਦੀ ਦਿੱਤੀ ਗਈ ਸੀ ਅਤੇ ਅੱਜ ਫਿਰ ਤਿੰਨ ਸਵਾਲ ਐਕਸਟੈਂਡ ਕਰ ਦਿੱਤੇ ਹਨ।

ਮਾਨਯੋਗ ਸਪੀਕਰ : ਇੱਕ-ਦੋ ਤਾਂ ਹੋ ਹੀ ਜਾਂਦੇ ਹਨ। ਅੱਜ ਵੀ ਸਿਰਫ਼ ਦੋ ਕੁਐਸਚਨਾਂ ਦੀ ਐਕਸਟੈਂਸ਼ਨ ਦਿੱਤੀ ਹੈ। ਡਿਪਟੀ ਸੀ.ਐਮ. ਸਾਹਿਬ ਦੇ ਜਿੰਨੇ ਕੁਐਸਚਨ ਲੱਗੇ ਹਨ, ਮੰਗਲਵਾਰ ਨੂੰ ਉਨ੍ਹਾਂ ਦੇ ਜਵਾਬ ਆ ਜਾਣੇ ਹਨ।

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਮੈਂ ਤਾਂ ਕਹਿੰਦਾ ਹਾਂ ਕਿ ਆਪੋਜ਼ੀਸ਼ਨ ਬੈਂਚ ਫਿਰ ਤਾਂ ਕੋਈ ਸਵਾਲ ਲਗਾਏ ਹੀ ਨਾ। ਸਾਡੇ ਤਾਂ ਕੁਐਸਚਨ ਵੈਸੇ ਵੀ ਘੱਟ ਹੀ ਹੁੰਦੇ ਹਨ।

ਮਾਨਯੋਗ ਸਪੀਕਰ : ਕੋਈ ਮਜਬੂਰੀ ਹੁੰਦੀ ਹੈ ਤਾਂ ਐਕਸਟੈਂਸ਼ਨ ਦੇਣੀ ਪੈਂਦੀ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ** **

ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ : ** **

ਮਾਨਯੋਗ ਸਪੀਕਰ : ਜਿਹੜਾ ਕੁਝ without permission ਕਿਹਾ ਗਿਆ ਹੈ, ਉਹ ਐਕਸਪੰਜ ਕਰ ਦਿੱਤਾ ਜਾਵੇ। ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ ਅਤੇ ਸਰਦਾਰ ਚਰਨਜੀਤ ਸਿੰਘ ਚੰਨੀ ਜੀ ਨੇ ਵੀ ਜੋ ਬੋਲਿਆ ਹੈ, ਉਹ ਐਕਸਪੰਜ ਕਰ ਦੇਣਾ।

ਟਾਈਗਰ ਸਫ਼ਾਰੀ ਨੂੰ ਟੂਰਿਸਟ ਸਪਾਟ ਵਜੋਂ ਪ੍ਰਫੁੱਲਤ ਕਰਨਾ

***1891. ਸਰਦਾਰ ਰਣਜੀਤ ਸਿੰਘ ਢਿੱਲੋਂ :** ਕੀ ਸੈਰ ਸਪਾਟਾ ਮੰਤਰੀ

** Reply to this Starrd Question No. 1899 has not been received till 1.12.2015 i.e. the date on which this debates was sent to the Press for final printing.

** Expunged as ordered by the Chair.

ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਲੁਧਿਆਣਾ ਵਿੱਚ ਪਿੰਡ ਭੱਟੀਆਂ ਵਿਖੇ 40/50 ਏਕੜ ਵਿੱਚ ਬਣੀ ਟਾਈਗਰ ਸਫਾਰੀ ਨੂੰ ਟੂਰਿਸਟ ਸਪਾਟ ਵਜੋਂ ਪ੍ਰਫੁੱਲਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਦੇ ਵੇਰਵੇ ਕੀ ਹਨ?

ਸਰਦਾਰ ਸੋਹਣ ਸਿੰਘ ਠੰਡਲ : ਨਹੀਂ ਜੀ। ਅਜਿਹੀ ਕੋਈ ਤਜਵੀਜ਼ ਵਿਭਾਗ ਦੇ ਵਿਚਾਰ ਅਧੀਨ ਨਹੀਂ ਹੈ।

ਸਰਦਾਰ ਰਣਜੀਤ ਸਿੰਘ ਢਿੱਲੋਂ : ਸਪੀਕਰ ਸਾਹਿਬ, ਲੁਧਿਆਣਾ ਇੱਕ ਬਹੁਤ ਵੱਡਾ ਅਤੇ ਸਨਅਤੀ ਸ਼ਹਿਰ ਹੈ। ਇਸ ਵਿੱਚ ਕੋਈ ਵੀ ਟੂਰਿਸਟ ਪਲੇਸ ਨਹੀਂ ਹੈ ਜੀ। ਇਹੀ ਇੱਕੋ-ਇੱਕ ਟੂਰਿਸਟ ਪਲੇਸ ਹੈ ਜਿਹੜਾ ਲੁਧਿਆਣੇ ਵਿੱਚ ਬਣਿਆ ਹੋਇਆ ਹੈ ਜੀ। ਇਸ ਸਫ਼ਾਰੀ ਵਿੱਚ ਹੁਣ ਸਿਰਫ਼ 2 ਟਾਈਗਰ ਹਨ, ਪਹਿਲਾਂ 10 ਹੋਇਆ ਕਰਦੇ ਸਨ। ਸ਼ਹਿਰ ਦੇ ਲੋਕ ਉਥੇ ਟਾਈਗਰ ਦੇਖਣ ਲਈ ਜਾਂਦੇ ਹਨ ਪਰੰਤੂ ਉਨ੍ਹਾਂ ਨੂੰ ਉਥੇ ਟਾਈਗਰ ਦੇਖਣ ਨੂੰ ਨਹੀਂ ਮਿਲਦਾ ਅਤੇ ਲੋਕੀਂ ਘੁੰਮ-ਘੁੰਮਾ ਕੇ ਆ ਜਾਂਦੇ ਹਨ। ਉਥੇ ਜਾਣ ਲਈ 50/- ਰੁਪਏ ਐਂਟਰੀ ਫੀਸ ਵੀ ਰੱਖੀ ਹੋਈ ਹੈ। ਲੋਕ 50/- ਰੁਪਏ ਜਮ੍ਹਾਂ ਕਰਵਾ ਕੇ ਘੁੰਮਣ ਜਾਂਦੇ ਹਨ ਪਰ ਉਨ੍ਹਾਂ ਨੂੰ ਕੋਈ ਟਾਈਗਰ ਦੇਖਣ ਨੂੰ ਨਹੀਂ ਮਿਲਦਾ। ਇਸ ਲਈ ਇਸ ਸਫ਼ਾਰੀ ਨੂੰ ਪ੍ਰਫੁੱਲਤ ਕਰਨਾ ਬਹੁਤ ਜ਼ਰੂਰੀ ਹੈ।

ਮਾਨਯੋਗ ਸਪੀਕਰ : ਤੁਹਾਡੀ ਸੁਜੈਸ਼ਨ ਤਾਂ ਆ ਗਈ ਹੈ। ਹੁਣ ਕੋਈ ਸਪਲੀਮੈਂਟਰੀ ਵੀ ਪੁੱਛ ਲਉ।

ਸਰਦਾਰ ਰਣਜੀਤ ਸਿੰਘ ਢਿੱਲੋਂ : ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿੰਨੀ ਜਲਦੀ ਹੋ ਸਕੇ ਇਸ ਟਾਈਗਰ ਸਫ਼ਾਰੀ ਨੂੰ ਪ੍ਰਫੁੱਲਤ ਕੀਤਾ ਜਾਵੇ।

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ।)

ਨਿਸ਼ਾਨ ਵਾਲਾ ਪ੍ਰਸ਼ਨ ਨੰ: 1871**

ਮਾਨਯੋਗ ਸਪੀਕਰ : ਪ੍ਰਸ਼ਨ ਨੰਬਰ 1871 ਡਿਪਟੀ ਸੀ.ਐਮ. ਸਾਹਿਬ ਦਾ ਸਵਾਲ ਹੈ ਅਤੇ ਇਸ ਦਾ ਜਵਾਬ ਮੰਗਲਵਾਰ ਨੂੰ ਆ ਜਾਵੇਗਾ।

** For Starred Question No. 1871 and reply thereto, please see Debates dated 25.3.2015

ਨਵੀਆਂ ਸੜਕਾਂ ਬਣਾਉਣਾ

***1908. ਸ਼੍ਰੀ ਦੀਪ ਮਲਹੋਤਰਾ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਫਰੀਦਕੋਟ ਦੀ ਸਾਦਿਕ ਮਾਰਕੀਟ ਕਮੇਟੀ ਅਧੀਨ ਆਉਂਦੀਆਂ ਨਵੀਆਂ ਸੜਕਾਂ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਸਰਦਾਰ ਤੋਤਾ ਸਿੰਘ : ਨਹੀਂ ਜੀ।

(ਇੱਕ ਅਵਾਜ਼ : ਕਦੇ ਹਾਂ ਵੀ ਕਹਿ ਦਿਆ ਕਰੋ।) (ਹਾਸਾ)

ਸ਼੍ਰੀ ਦੀਪ ਮਲਹੋਤਰਾ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਜਿਹੜਾ ਸਾਦਿਕ ਦਾ ਇਲਾਕਾ ਹੈ, ਉਥੇ ਅਜ਼ਾਦੀ ਮਿਲਣ ਤੋਂ 50-60 ਸਾਲ ਬਾਅਦ ਵੀ ਕਈ ਅਜਿਹੇ ਪਿੰਡ ਹਨ ਜਿੱਥੇ ਜਾਣ ਵਾਸਤੇ 4-5 ਕਿਲੋਮੀਟਰ ਘੁੰਮ ਕੇ ਜਾਣਾ ਪੈਂਦਾ ਹੈ। ਇਹ 10 ਕਿਲੋਮੀਟਰ ਜਾਂ 15 ਕਿਲੋਮੀਟਰ ਸੜਕਾਂ ਅਤਿ ਜ਼ਰੂਰੀ ਹਨ ਕਿਉਂਕਿ ਅੱਜ ਵੀ ਉਥੇ ਪਿੰਡ ਆਪਸ ਵਿੱਚ ਕੁਨੈਕਟਿਡ ਨਹੀਂ ਹਨ, ਉਨ੍ਹਾਂ ਨੂੰ ਘੁੰਮ ਕੇ ਜਾਣਾ ਪੈਂਦਾ ਹੈ, bare minimum ਕੋਈ 10-15 ਕਿਲੋਮੀਟਰ ਸੜਕਾਂ ਹੀ ਤਿਆਰ ਕਰ ਦੇਣ। ਮੈਂ ਸਾਲ-ਛੇ ਮਹੀਨੇ ਪਹਿਲਾਂ ਵੀ ਬੇਨਤੀ ਕੀਤੀ ਸੀ ਅਤੇ ਸੀ.ਐਮ. ਸਾਹਿਬ ਨੇ ਮੈਨੂੰ ਆਸ਼ਵਾਸਨ ਦਿੱਤਾ ਸੀ ਕਿ ਜਿਹੜੀਆਂ ਤੁਹਾਡੀਆਂ ਅਤਿ ਜ਼ਰੂਰੀ ਸੜਕਾਂ ਹੋਣਗੀਆਂ, ਉਹ ਅਸੀਂ ਤਿਆਰ ਕਰ ਦੇਵਾਂਗੇ। ਸਿਰਫ਼ ਤਿੰਨ-ਚਾਰ ਪਿੰਡਾਂ ਦੀ ਦਿੱਕਤ ਹੈ। ਮਿਹਰਬਾਨੀ ਕਰਕੇ ਇਹ 10-15 ਕਿਲੋਮੀਟਰ ਸੜਕ ਜ਼ਰੂਰ ਤਿਆਰ ਕਰ ਦਿੱਤੀ ਜਾਵੇ।

ਮੈਂ ਤੁਹਾਡੇ ਰਾਹੀਂ ਇੱਕ ਬੇਨਤੀ ਇਹ ਵੀ ਕਰਨੀ ਚਾਹੁੰਦਾ ਹਾਂ ਕਿ ਸੀ.ਐਮ. ਸਾਹਿਬ ਨੇ ਮਿਹਰਬਾਨੀ ਕਰਕੇ ਮੇਰੇ ਹਲਕੇ ਵਿੱਚ ਸੜਕਾਂ ਦੀ ਰਿਪੇਅਰ ਵਾਸਤੇ ਪੈਸੇ ਦਿੱਤੇ ਸਨ, ਭਾਵੇਂ ਉਸ ਵਿੱਚੋਂ 10-15 ਕਰੋੜ ਰੁਪਿਆ ਰੱਖ ਕੇ ਇਨ੍ਹਾਂ 2-3 ਪਿੰਡਾਂ ਦੀਆਂ ਸੜਕਾਂ ਦਾ ਮਸਲਾ ਹੱਲ ਕਰਵਾਇਆ ਜਾਵੇ।

ਮੰਤਰੀ : ਸਪੀਕਰ ਸਾਹਿਬ, ਪੰਜਾਬ ਸਰਕਾਰ ਦੀ ਨੀਤੀ ਅਨੁਸਾਰ ਪੰਜਾਬ ਵਿੱਚ 60,244 ਕਿਲੋਮੀਟਰ ਸੜਕਾਂ ਨਵੀਆਂ ਬਣ ਚੁੱਕੀਆਂ ਹਨ। ਸਾਲ 2009 ਤੋਂ ਪਹਿਲਾਂ 25,000 ਕਿਲੋਮੀਟਰ ਸੜਕਾਂ ਰਿਪੇਅਰ ਹੋਈਆਂ ਸਨ, ਉਨ੍ਹਾਂ ਦਾ ਸਾਨੂੰ ਫਿਕਰ ਹੈ। ਲੋਕਾਂ ਦੀ ਬਹੁਤ ਵੱਡੀ ਮੰਗ ਅਤੇ ਜ਼ਰੂਰਤ ਹੈ ਕਿ ਉਹ ਰਿਪੇਅਰ ਕੀਤੀਆਂ ਜਾਣ। ਇਸ ਲਈ ਪਾਲਿਸੀ ਬਣ ਗਈ ਸੀ ਕਿ ਇਸ

ਸਾਲ ਕੋਈ ਸੜਕ ਨਵੀਂ ਨਹੀਂ ਬਣੇਗੀ। ਜੇਕਰ ਅਗਲੇ ਸਾਲ ਵਿੱਚ ਵਿਚਾਰ ਬਣਿਆ ਤਾਂ ਉਸ ਵਿੱਚ ਇਸ ਸੜਕ ਨੂੰ ਜ਼ਰੂਰ ਵਿਚਾਰ ਲਵਾਂਗੇ।

ਸ਼੍ਰੀ ਦੀਪ ਮਲਹੋਤਰਾ : ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਹੈ ਕਿ ਜੇ ਕੋਈ ਪਹਿਲਾਂ ਹੀ ਪਿੱਛੇ ਰਹਿ ਗਿਆ ਹੋਵੇ ਤਾਂ ਕੀ ਅਸੀਂ ਉਸ ਨੂੰ ਅੱਗੇ ਦੀਆਂ ਸਕੀਮਾਂ ਵਾਸਤੇ at par ਟ੍ਰੀਟ ਕਰਾਂਗੇ। ਅਸੀਂ ਪੰਜਾਬ ਵਿੱਚ ਰਹਿਣ ਵਾਲੇ ਹਾਂ ਅਤੇ ਸਾਨੂੰ ਪਤਾ ਹੈ ਕਿ ਉਸ ਇਲਾਕੇ ਵਿੱਚ ਕਿਸੇ ਵਜ੍ਹਾ ਕਰਕੇ ਸੜਕ ਬਣਨ ਤੋਂ ਰਹਿ ਗਈ ਹੈ ਤਾਂ ਕੀ ਇਸ ਦਾ ਮਤਲਬ ਇਹ ਹੈ ਕਿ ਜੇਕਰ ਨਵੀਂ ਪਲਾਨਿੰਗ ਨਹੀਂ ਆਵੇਗੀ ਤਾਂ ਉਥੇ ਸੜਕ ਨਹੀਂ ਬਣੇਗੀ? ਇਹ ਸਿਰਫ਼ 10-15 ਕਿਲੋਮੀਟਰ ਦੀ ਸੜਕ ਦਾ ਕੋਈ ਹੱਲ ਕਰ ਦੇਣ। ਘੱਟੋ-ਘੱਟ ਉਸ ਇਲਾਕੇ ਵਿੱਚ ਲਿੰਕ ਰੋਡ ਤਾਂ ਬਣ ਜਾਵੇ। ਸਾਨੂੰ ਸਭ ਨੂੰ ਪਤਾ ਹੈ ਕਿ ਅਸੀਂ ਚੰਡੀਗੜ੍ਹ, ਰੋਪੜ ਅਤੇ ਲੁਧਿਆਣੇ ਦੇ ਇਲਾਕੇ ਨਾਲ ਫਰੀਦਕੋਟ ਦੇ ਇਲਾਕੇ ਨਾਲ ਮੁਕਾਬਲਾ ਨਹੀਂ ਕਰ ਸਕਦੇ। ਮੈਂ ਤਾਂ ਸਿਰਫ਼ 10-15 ਕਿਲੋਮੀਟਰ ਸੜਕ ਦੀ ਮੰਗ ਕਰ ਰਿਹਾ ਹਾਂ ਕਿਉਂਕਿ ਉਹ ਪਿੰਡ ਆਪਸ ਵਿੱਚ ਕੁਨੈਕਟਿਡ ਵੀ ਨਹੀਂ ਹਨ। ਜੇ ਲੋਕਾਂ ਨੇ ਅਨਾਜ ਵੀ ਢੋਣਾ ਹੁੰਦਾ ਹੈ ਤਾਂ ਉਹ ਜਾਂ ਤਾਂ ਕੱਚੇ ਰਸਤੇ ਤੋਂ ਜਾਂਦੇ ਹਨ ਜਾਂ ਦੂਰ ਤੋਂ ਘੁੰਮ ਕੇ ਜਾਂਦੇ ਹਨ।

ਮਾਨਯੋਗ ਸਪੀਕਰ : ਮੰਤਰੀ ਜੀ, ਇਨ੍ਹਾਂ ਨੇ ਇਹ ਗੱਲ ਪੁੱਛੀ ਹੈ ਕਿ ਜਿਹੜਾ ਹਲਕੇ ਵਿੱਚ 10-15 ਕਰੋੜ ਰੁਪਿਆ ਲਗਾਉਣਾ ਹੈ, ਕੀ ਉਸ ਵਿੱਚੋਂ ਇਹ ਸੜਕ ਬਣ ਸਕਦੀ ਹੈ?

ਮੰਤਰੀ : ਸਪੀਕਰ ਸਾਹਿਬ, ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿੱਛੇ ਜਿਹੇ ਇਨ੍ਹਾਂ ਨੇ 97 ਕਿਲੋਮੀਟਰ ਸੜਕਾਂ ਦੀ ਰਿਪੇਅਰ ਲਈ ਬੇਨਤੀ ਕੀਤੀ ਸੀ, ਉਸ ਵਿੱਚੋਂ 94 ਕਿਲੋਮੀਟਰ ਸੜਕਾਂ ਰਿਪੇਅਰ ਕਰ ਦਿੱਤੀਆਂ ਹਨ ਅਤੇ ਸਿਰਫ਼ 3 ਕਿਲੋਮੀਟਰ ਸੜਕ ਬਾਕੀ ਹੈ। ਉਹ ਵੀ 30.4.2015 ਤੋਂ ਪਹਿਲਾਂ ਰਿਪੇਅਰ ਕਰ ਦੇਣੀ ਹੈ। ਇਸ ਲਈ ਇਹ ਕਹਿੰਦੇ ਹਨ ਕਿ ਰਿਪੇਅਰ ਦੀ ਰਾਸ਼ੀ ਵਿੱਚੋਂ ਕੱਟ ਲਵੋ। ਇਹ ਤਾਂ ਅਸੀਂ ਵਿਚਾਰ ਲਵਾਂਗੇ ਪਰ ਜੇਕਰ ਅਸੀਂ ਇਨ੍ਹਾਂ ਦੇ ਹਲਕੇ ਵਿੱਚ ਇਸ ਤਰ੍ਹਾਂ ਕਰਦੇ ਹਾਂ ਤਾਂ ਬਾਕੀ ਮਾਨਯੋਗ ਮੈਂਬਰ ਵੀ ਕਹਿਣਗੇ ਕਿ ਸਾਡੇ ਹਲਕੇ ਵਿੱਚ ਕਿਉਂ ਨਹੀਂ ਬਣਾਉਂਦੇ। ਮੁਸ਼ਕਲ ਤਾਂ ਇਸ ਪਾਲਿਸੀ ਦੀ ਹੈ। ਇਸ ਲਈ ਅਸੀਂ ਸੀ.ਐਮ. ਸਾਹਿਬ ਨਾਲ ਵਿਚਾਰ ਕਰ ਲਵਾਂਗੇ।

Mr. Speaker : Thank You.

ਇੰਟਰਲੌਕਿੰਗ ਟਾਈਲਾਂ ਲਗਾਉਣ ਬਾਰੇ

***1914. ਡਾਕਟਰ ਰਾਜ ਕੁਮਾਰ ਵੇਰਕਾ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਅੰਮ੍ਰਿਤਸਰ ਸ਼ਹਿਰ ਵਿੱਚ ਸੜਕਾਂ ਦੇ ਦੋਵੇਂ ਪਾਸੇ ਇੰਟਰਲੌਕਿੰਗ ਟਾਈਲਜ਼ ਲਗਾਉਣ ਦਾ ਕੀ ਉਦੇਸ਼ ਹੈ;

(ਅ) ਉਪਰੋਕਤ ਟਾਈਲਾਂ ਨੂੰ ਲਾਉਣ ਵਾਸਤੇ ਸਰਕਾਰ ਨੇ ਕਿਹੜੀ ਕਿਹੜੀ ਕੰਪਨੀ ਤੋਂ ਟੈਂਡਰ ਮੰਗੇ ਅਤੇ ਕਿਸ ਕੰਪਨੀ ਨੂੰ ਇਹ ਠੇਕਾ ਦਿੱਤਾ ਗਿਆ ਅਤੇ ਹੁਣ ਤੱਕ ਸਬੰਧਤ ਮਹਿਕਮੇ ਨੇ ਟਾਈਲਜ ਲਗਾਉਣ ਵਾਸਤੇ ਕਿੰਨੀ ਰਕਮ ਖਰਚ ਕੀਤੀ ਹੈ?

ਸ਼੍ਰੀ ਅਨਿਲ ਜੋਸ਼ੀ : (ੳ) ਅੰਮ੍ਰਿਤਸਰ ਇੱਕ ਇਤਿਹਾਸਕ ਅਤੇ ਧਾਰਮਿਕ ਮਹੱਤਤਾ ਵਾਲਾ ਸ਼ਹਿਰ ਹੋਣ ਦੇ ਨਾਤੇ ਵਿਸ਼ਵ ਭਰ ਵਿੱਚ ਪ੍ਰਸਿੱਧ ਹੈ ਜਿੱਥੇ ਦੁਨੀਆ ਭਰ ਦੇ ਮੁਲਕਾਂ ਤੋਂ ਸਾਰਾ ਸਾਲ ਭਾਰੀ ਗਿਣਤੀ ਵਿੱਚ ਯਾਤਰੂ ਆਉਂਦੇ ਰਹਿੰਦੇ ਹਨ। ਯਾਤਰੂਆਂ ਦੀ ਭਾਰੀ ਗਿਣਤੀ ਦੇ ਮੱਦੇਨਜ਼ਰ ਇਸ ਸ਼ਹਿਰ ਵਿੱਚ ਬਾਹਰਲੇ ਮੁਲਕਾਂ ਦੀ ਤਰ੍ਹਾਂ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਦੇ ਨਾਲ–ਨਾਲ ਇਸ ਦੀ ਸੁੰਦਰਤਾ ਵਧਾਉਣ ਦੇ ਉਪਰਾਲੇ ਵੀ ਕੀਤੇ ਜਾ ਰਹੇ ਹਨ। ਧੂੜ ਰਹਿਤ ਵਾਤਾਵਰਣ ਬਣਾਈ ਰੱਖਣ ਦੇ ਉਦੇਸ਼ ਨਾਲ ਐਂਡ–ਟੂ–ਐਂਡ ਸੜਕਾਂ ਬਣਾ ਕੇ ਉਨ੍ਹਾਂ ਦੇ ਆਲੇ–ਦੁਆਲੇ ਦੋਵੇਂ ਪਾਸੇ ਇੰਟਰਲੌਕਿੰਗ ਟਾਈਲਾਂ ਲਗਾਈਆਂ ਜਾ ਰਹੀਆਂ ਹਨ ਜਿਨ੍ਹਾਂ ਨਾਲ ਸੜਕਾਂ ਦੇ ਬਰਮਜ਼ ਹੇਠਾਂ ਵਾਟਰ ਸਪਲਾਈ, ਸੀਵਰੇਜ ਦੀਆਂ ਪਾਈਪਾਂ, ਦੂਰ–ਸੰਚਾਰ ਸੇਵਾਵਾਂ ਮੁਹੱਈਆ ਕਰਵਾਉਣ ਵਾਲੀਆਂ ਕੰਪਨੀਆਂ ਦੇ ਕੁਨੈਕਸ਼ਨਾਂ ਲਈ ਤਾਰਾਂ ਅਤੇ ਬਿਜਲੀ ਦੀਆਂ ਤਾਰਾਂ ਅੰਡਰ ਗਰਾਉਂਡ ਪਾਈਆਂ ਜਾ ਰਹੀਆਂ ਹਨ ਜਿਨ੍ਹਾਂ ਵਿੱਚ ਕਿਸੇ ਕਿਸਮ ਦੀ ਖਰਾਬੀ ਹੋਣ ਤੇ ਮੁਰੰਮਤ ਲਈ, ਇੰਟਰਲੌਕਿੰਗ ਟਾਈਲਾਂ ਜੋ ਕਿ ਮੇਨਟੀਨੈਂਸ ਫਰੀ ਹੁੰਦੀਆਂ ਹਨ, ਨੂੰ ਹਟਾ ਕੇ ਲੋੜੀਂਦੀ ਮੁਰੰਮਤ ਕਰਨ ਵਿੱਚ ਸੁਵਿਧਾ ਰਹਿੰਦੀ ਹੈ। ਮੁਰੰਮਤ ਉਪਰੰਤ ਇਨ੍ਹਾਂ ਨੂੰ ਦੁਬਾਰਾ ਉਸੇ ਤਰ੍ਹਾਂ ਫਿੱਟ ਕਰਨਾ ਸੌਖਾ ਰਹਿੰਦਾ ਹੈ। ਜੇਕਰ ਸੀ.ਸੀ. ਫਲੋਰਿੰਗ /ਬੀ.ਐਮ. ਅਤੇ ਪੀ.ਸੀ. ਨਾਲ ਬਰਮਜ਼ ਪੱਕੇ ਕੀਤੇ ਜਾਂਦੇ ਹਨ ਤਾਂ ਕਿਸੇ ਵੀ ਖਰਾਬੀ ਨੂੰ ਠੀਕ ਕਰਨ ਲਈ ਉਨ੍ਹਾਂ ਨੂੰ ਮੁਕੰਮਲ ਤੌਰ

ਤੇ ਤੋੜਨਾ ਪੈਂਦਾ ਹੈ ਜਿਸ ਨਾਲ ਕਾਫੀ ਵਿੱਤੀ ਨੁਕਸਾਨ ਵੀ ਹੁੰਦਾ ਹੈ।

(ਅ) ਅੰਮ੍ਰਿਤਸਰ ਸ਼ਹਿਰ ਵਿਚ ਇੰਟਰਲੌਕਿੰਗ ਟਾਈਲਾਂ ਲਈ ਈ. ਟੈਂਡਰ ਰਾਹੀਂ ਨਗਰ ਸੁਧਾਰ ਟਰੱਸਟ, ਅੰਮ੍ਰਿਤਸਰ, ਨਗਰ ਨਿਗਮ ਅੰਮ੍ਰਿਤਸਰ, ਪੀ.ਡਬਲਿਊ.ਡੀ ਵਿਭਾਗ ਅਤੇ ਹੋਰ ਵਿਭਾਗਾਂ ਦੇ ਦਫ਼ਤਰਾਂ ਵਿਚ ਰਜਿਸਟਰਡ ਠੇਕੇਦਾਰਾਂ ਪਾਸੋਂ ਟੈਂਡਰ ਮੰਗੇ ਗਏ ਸਨ। ਜਿਨ੍ਹਾਂ ਕੰਪਨੀਆਂ ਨੂੰ ਟੈਂਡਰਾਂ ਉਪਰੰਤ ਕੰਮ ਅਲਾਟ ਕੀਤੇ ਗਏ ਹਨ ਉਨ੍ਹਾਂ ਦਾ ਵੇਰਵਾ ਅਨੁੱਲਗ 'ੳ' ਤੇ ਹੈ। ਹੁਣ ਤੱਕ ਪੇਵਰ ਟਾਈਲਾਂ ਲਾਉਣ ਦੇ ਕੰਮਾਂ ਲਈ ਸਾਲ 2013-14 ਅਤੇ 2014-15 ਦੌਰਾਨ 21.07 ਕਰੋੜ ਰੁਪਏ ਦੀ ਰਕਮ ਖਰਚੀ ਗਈ ਹੈ।

ਅਨੁਲੱਗ 'ੳ'

ਸਾਲ 2013-14 ਅਤੇ ਸਾਲ 2014-15

ਲੜੀ ਨੰ:	ਕੰਮ ਦਾ ਨਾਂ	ਅੰਦਾਜਨ	ਟੈਂਡਰ ਦੀ ਮਿਤੀ	% ਲੈਸ	ਫਰਮ ਦਾ ਨਾਂ
1.	ਅਜਨਾਲਾ ਰੋਡ ਸਕੀਮ ਅਧੀਨ ਐਸ.ਸੀ.ਓ. ਨੰ: 101 ਤੋਂ ਐਮ.ਕੇ. ਹੋਟਲ ਤੱਕ ਪਾਰਕਿੰਗ ਅਤੇ ਪੇਵਮੈਂਟਸ ਦੀ ਉਸਾਰੀ	99.67 ਲੱਖ	22.4.13	28%	ਜੀ.ਕੇ. ਕੰਸਟ੍ਰਕਸ਼ਨ, ਅੰਮ੍ਰਿਤਸਰ
2.	ਐਸ.ਸੀ.ਓ. ਨੰ: 49-69 ਅਤੇ 98 ਤੋ 106 ਬਲਾਕ ਬੀ, 340 ਏਕੜ ਸਕੀਮ ਪੇਵਮੈਂਟਸ ਦੀ ਉਸਾਰੀ	27.44	7.6.13	29.82%	ਦੀ ਓਕਾਰ ਕੋਆਪ੍ਰੇਟਿਵ ਅੰਮ੍ਰਿਤਸਰ
3	ਕਮਰਸ਼ੀਅਲ ਪਾਕੇਟ ਇੰਨ 97 ਏਕੜ ਸਕੀਮ ਪੇਵਮੈਂਟਸ ਦੀ ਉਸਾਰੀ	70.31	7.6.13	26.13%	ਅਬਿੰਕਾ ਕੋਆਪ੍ਰੇਟਿਵ ਅੰਮ੍ਰਿਤਸਰ
4	ਐਸ.ਐਲ. ਸਕੂਲ ਦੇ ਨਾਲ ਅਤੇ ਵੱਖਰੀਆਂ ਲੋਕੇਸ਼ਨ ਆਫ ਵਾਰਡ ਨੰ: 22 ਫੁਟਪਾਥ ਦੀ ਉਸਾਰੀ	16.45	28.6.13	27%	ਯੂਥ ਕੋਆਪ੍ਰੇਟਿਵ ਅੰਮ੍ਰਿਤਸਰ
5	ਕਮਰਸ਼ੀਅਲ ਪਾਕੇਟ ਵਿੱਚ 97 ਏਕੜ ਸਕੀਮ ਪੇਵਮੈਂਟਸ ਦੀ ਉਸਾਰੀ	70.31	7.6.13	23%	ਅਬਿੰਕਾ ਕੋਆਪ੍ਰੇਟਿਵ ਅੰਮ੍ਰਿਤਸਰ

[ਸਥਾਨਕ ਸਰਕਾਰ ਮੰਤਰੀ]

6	ਦਯਾ ਨਗਰ ਵਾਰਡ ਨੰ: 50 ਦੀ ਵੱਖਰੀ ਗਲੀਆਂ ਵਿੱਚ ਪੀ./ਐਫ. ਟਾਈਲ	13.12	28.6.13	24%	ਸ਼ਰੀਫਪੁਰਾ ਕੋਆਪ੍ਰੇਟਿਵ ਅੰਮ੍ਰਿਤਸਰ
7	ਮੇਨ ਰੋਡ ਵਿੱਚ ਲਾਰੰਸ ਰੋਡ ਤੋਂ ਪੁਲਿਸ ਲਾਈਨ ਤੋਂ ਡੀ.ਏ.ਵੀ. ਕਾਲਜ ਵਾਰਡ ਨੰ: 50 ਵਿੱਚ ਪੀ./ਐਫ. ਟਾਈਲਜ	19.92	28.6.13	23.71%	ਸ਼ਰੀਫਪੁਰਾ ਕੋਆਪ੍ਰੇ-ਟਿਵ ਅੰਮ੍ਰਿਤਸਰ
8	ਲਾਰੰਸ ਹੋਟਲ ਵਾਰਡ ਨੰ: 50 ਦੀ ਗਲੀਆਂ ਵਿੱਚ ਪੀ/ਐਲ ਟਾਈਲ	9.23	28.6.13	26%	ਅਬਿੰਕਾ ਕੋਆਪ੍ਰੇਟਿਵ ਅੰਮ੍ਰਿਤਸਰ
9	ਐਸ.ਸੀ.ਓ. ਨੰ: 1 ਤੋ 14, 32 ਤੋ 44,45 ਤੋ 58 ਅਤੇ ਅਰਾਉਂਡ ਪਾਰਕਿੰਗ ਦੇ ਸਾਹਮਣੇ ਐਸ.ਸੀ.ਓ. ਨੰ: 45 ਅਤੇ ਅਰਾਉਂਡ ਐਡਮ. ਬਲਾਕ ਡਿਸਟ੍ਰਿਕਟ ਸ਼ਾਪਿੰਗ ਸੈਂਟਰ	99.96	7.6.13	23%	ਗੀਤਾ ਨਗਰ ਕੋਆਪ੍ਰੇ-ਟਿਵ ਹੁਸ਼ਿਆਰਪੁਰ
10	ਐਸ.ਸੀ.ਓ. ਨੰ: 64-79, 129 ਤੋ 136, 129 ਤੋ 63 ਡਿਸਟ੍ਰਿਕਟ ਸ਼ਾਪਿੰਗ ਸੈਂਟਰ ਸਕੀਮ ਪ੍ਰੋਵਾਇਡਿੰਗ ਐਂਡ ਲੇਇੰਗ 60 ਐਮ.ਐਮ. ਥਿਕ ਇੰਟਰਲੋਕਿੰਗ ਪੇਵਰ ਟਾਈਲ ਆਨ ਪੇਵਮੈਂਟ	73.14	7.6.13	27%	ਗੀਤਾ ਨਗਰ ਕੋਆਪ੍ਰੇ-ਟਿਵ ਹੁਸ਼ਿਆਰਪੁਰ
11	ਬੈਕਸਾਈਡ ਐਸ.ਸੀ.ਓ. ਨੰ: 45-58 ਐਂਡ ਪਾਰਕਿੰਗ ਡਿਸਟ੍ਰਿਕਟ ਸ਼ਾਪਿੰਗ ਸੈਂਟਰ ਪ੍ਰੋਵਾਇਡਿੰਗ ਐਂਡ ਲੇਇੰਗ 60 ਐਮ.ਐਮ. ਐਂਡ 80 ਐਮ.ਐਮ. ਥਿਕ ਇੰਟਰਲੋਕਿੰਗ ਪੇਵਰਟਾਈਲਜ ਆਨ ਪੇਵਮੈਂਟ	99.02	7.6.13	28%	ਅਨਿਲ ਕੁਮਾਰ ਸ਼ਰਮਾ ਹੁਸ਼ਿਆਰਪੁਰ

12	ਬੈਕਸਾਈਡ ਐਸ.ਸੀ.ਓ. ਨੰ: 1 ਤੋ 14 ਐਂਡ ਇਨ ਫਰੰਟ ਆਫ਼ ਐਸ.ਸੀ.ਓ. ਨੰ: 32 ਤੋ 44 ਇੰਨ ਡਿਸਟ੍ਰਿਕਟ ਸ਼ਾਪਿੰਗ ਸੈਂਟਰ ਸਕੀਮ ਪ੍ਰੋਵਾਇਡਿੰਗ ਐਂਡ ਲੇਇੰਗ 80 ਐਮ.ਐਮ. ਥਿਕ ਇੰਟਰਲਾਕਿੰਗ ਪੇਵਰ ਟਾਈਲਜ	99.00	7.6.13	30%	ਕੋਟਲੀ ਜੱਟਾਂ ਕੋਆਪ੍ਰੇ- ਟਿਵ ਅੰਮ੍ਰਿਤਸਰ
13	ਗਲੀ ਸਾਈਂ ਮੰਦਰ ਅਕਾਸ਼ ਐਵੀਨਿਊ ਵਾਰਡ ਨੰ: 7 ਪੀ./ਐਫ ਇੰਟਰਲਾਕਿੰਗ ਪੇਵਰ ਟਾਈਲਜ	8.39	28.6.13	29.33%	ਅਬਿੰਕਾ ਕੋਆਪ੍ਰੇਟਿਵ ਅੰਮ੍ਰਿਤਸਰ
14	ਗੁਰਦੁਆਰਾ ਨਾਨਕਸਰ ਸਾਹਿਬ ਜੀ.ਟੀ. ਰੋਡ ਵੇਰਕਾ ਵਾਰਡ ਨੰ: 16 ਵਿੱਚ ਪੀ./ਐਲ 60 ਐਮ.ਐਮ. ਥਿਕ ਇੰਟਰਲਾਕਿੰਗ ਪੇਵਰ ਟਾਈਲਜ	13.42	18.10.13	22%	ਬਟਾਲਾ ਮੁਹੱਲਾ ਕੂਪਰੀ ਗੇਟ, ਸਹਿਕਾਰੀ ਕਿਰਤ ਗੁਰਦਾਸਪੁਰ
15	97 ਏਕੜ ਸਕੀਮ ਵਿੱਚ ਫੁੱਟਪਾਥ ਤੇ 80 ਫੁਟ ਵਾਈਡ 60 ਫੁੱਟ ਰੋਡ ਦੀ ਉਸਾਰੀ	99. 74	31.10.13	28.89%	ਗਹਿਰਪ੍ਰੀਤ ਐਸੋਸੀਏ- ਟਸ ਅੰਮ੍ਰਿਤਸਰ
16	ਰਿਸ਼ੀ ਵਿਹਾਰ ਮੇਨ ਰੋਡ ਬਰਮਜ ਤੇ ਪੀ/ਐਲ ਇੰਟਰਲਾਕਿੰਗ ਪੇਵਰ ਟਾਈਲਜ	63.61	24.12.13	27%	ਬਟਾਲਾ ਮੁਹੱਲਾ ਕਪੂਰੀ ਸਹਿਕਾਰੀ ਕਿਰਤ, ਗੁਰਦਾਸਪੁਰ
17	ਅਕਾਸ਼ ਐਵੀਨਿਊ ਅਤੇ ਮਜੀਠੀਆ ਰੋਡ ਦੇ ਰੋਡ ਬਰਮਜ ਅਤੇ ਵੱਖਰੀ ਰੋਡਜ਼ ਤੇ ਪੀ./ਐਫ. ਪੇਵਰ ਟਾਈਲ	99.88	24.12.13	23%	ਅੰਬਿਕਾ ਕੋਆਪ੍ਰੇਟਿਵ ਅੰਮ੍ਰਿਤਸਰ ਤੇ ਉਸਾਰੀ ਸਭਾ ਅੰਮ੍ਰਿਤਸਰ
18	ਮਜੀਠਾ ਰੋਡ ਐਂਡ ਬਟਾਲਾ ਰੋਡ ਦੇ ਰੋਡ ਬਰਮਜ ਅਤੇ ਵੱਖਰੀ ਰੋਡ ਦੇ ਪੀ/ਐਫ ਪੇਵਰ ਟਾਈਲਜ਼	98.39	24.12.13	29.33%	ਪੇਵਿੰਗ ਸਟੋਨ ਇੰਡੀਆ ਚੰਡੀਗੜ੍ਹ

[ਸਥਾਨਕ ਸਰਕਾਰ ਮੰਤਰੀ]

19	ਰਿਸ਼ੀ ਵਿਹਾਰ ਦੇ ਮੇਨ ਰੋਡ ਬਰਮਜ ਪੀ/ਐਫ ਇੰਟਰਲਾਕਿੰਗ ਪੇਵਰ ਟਾਈਲਜ	63.61	24.12.13	27.42%	ਬਟਾਲਾ ਮੁਹੱਲਾ ਕਪੂਰੀ ਸਹਿਕਾਰੀ ਕਿਰਤ, ਗੁਰਦਾਸਪੁਰ
20	ਗੋਪਾਲ ਮੰਦਰ ਤੋਂ ਮਜੀਠੀਆ ਰੋਡ ਤੱਕ ਰੋਡ ਬਰਮਜ ਤੇ ਪੀ./ਐਫ ਪੇਵਰ ਟਾਈਲਜ	88.48	21.1.14	28.12%	ਸਹਿਗਲ ਬ੍ਰਦਰਜ ਅੰਮ੍ਰਿਤਸਰ
21	ਗੁਰੂ ਗੋਬਿੰਦ ਨਗਰ ਤੋਂ ਅਮਨ ਐਵੀਨਿਊ ਤੋਂ ਐਟ ਦੀ ਬੈਕ ਸਾਈਡ ਆਫ 88' ਰੋਡ ਪਾਸਿੰਗ ਥਰੂ ਵਾਰਡ ਨੰ: 9,10,13 ਅਤੇ 14 ਇੰਟਰਲਾਕਿੰਗ ਟਾਈਲਜ਼	80.30	21.2.14	29%	ਐਕੁਰੇਟ ਕੰਕਰੀਟ ਅੰਮ੍ਰਿਤਸਰ
22	ਅਮਨ ਐਵੀਨਿਊ ਤੋਂ ਗੰਦਾ ਨਾਲਾ ਮੁਸਤਫਾਬਾਦ ਅਤੇ ਸਾਈਡਜ ਆਫ਼ 88' ਰੋਡ ਪਾਸਿੰਗ ਥਰੂ ਵਾਰਡ ਨੰ: 13, 14 ਅਤੇ 15 ਪੀ/ਐਲ ਇੰਟਰਲਾਕਿੰਗ ਟਾਈਲਜ	75.65	21.2.14	23%	ਅੰਬਿਕਾ ਸਹਿਕਾਰੀ ਕਿਰਤ ਸਭਾ ਅੰਮ੍ਰਿਤਸਰ
23	ਮਾਡਲ ਟਾਊਨ ਵਾਰਡ ਨੰ: 51 ਵਿੱਚ ਗਲੀ ਨੰ: 1,2,3,4 ਵਿੱਚ ਸਟਰੀਟ ਲਾਈਟ, ਸੀ.ਸੀ. ਫਲੋਰਿੰਗ ਇੰਟਰਲਾਕਿੰਗ ਟਾਈਲਜ਼	30.00	21.2.14	28%	ਅੰਬਿਕਾ ਸਹਿਕਾਰੀ ਕਿਰਤ ਉਸਾਰੀ ਸਭਾ ਅੰਮ੍ਰਿਤਸਰ
24	ਸੀ ਬਲਾਕ ਮਾਰਕੀਟ ਰਣਜੀਤ ਐਵੀਨਿਊ ਸਾਹਮਣੇ ਐਸ.ਸੀ.ਓ. ਨੰ: 20 ਅਤੇ 38 ਵਿੱਚ ਪੀ.ਐਲ. 50 ਐਮ.ਐਮ. ਇੰਟਰਲਾਕਿੰਗ ਪੇਵਮੈਂਟ	22.77	21.2.14	23%	ਮੋਗਾ ਮੋਹਲਾ ਸਹਿਕਾਰੀ ਕਿਰਤ ਤੇ ਉਸਾਰੀ ਸਭਾ ਮੋਗਾ
25	ਵਾਰਡ ਨੰ: 52 ਦੀਆਂ ਵੱਖਰੀ ਗਲੀਆਂ ਵਿੱਚ ਸੀ.ਸੀ. ਫਲੋਰਿੰਗ/ਪੇਵਰ ਟਾਈਲ/ਡੈਕੋਰੇਟਿਵ ਪਾਰਕ ਲਾਈਟ/ਸੀਵਰੇਜ਼ ਵਰਕ	19.55	21.2.14	28%	ਅਸ਼ੀਰਵਾਦ ਸਹਿਕਾਰੀ ਕਿਰਤ ਉਸਾਰੀ ਸਭਾ ਅੰਮ੍ਰਿਤਸਰ

26	ਸੀ ਬਲਾਕ ਮਾਰਕੀਟ ਰਣਜੀਤ ਐਵੀਨਿਊ ਸਾਹਮਣੇ ਐਸ.ਸੀ.ਐਫ. ਨੰ: 20 ਅਤੇ 38 ਵਿੱਚ ਪੀ.ਐਲ. 50 ਐਮ.ਐਮ. ਇੰਟਰਲਾਕਿੰਗ ਪੇਵਮੈਂਟ	27.77	21.2.14	32%	ਮੋਗਾ ਮੋਹਲਾ ਸਹਿਕਾਰੀ ਕਿਰਤ ਤੇ ਉਸਾਰੀ ਸਭਾ ਮੋਗਾ
27	ਬਿਊਟੀ ਐਵੀਨਿਊ ਵਾਰਡ ਨੰ: 9 ਵਿੱਚ ਫੁੱਟਪਾਥ ਤੇ ਪੀ/ਐਫ 40 ਐਮ.ਐਮ. ਪੇਵਰ ਟਾਈਲਜ	5.00	19.9.14	32%	ਕਿਸ਼ਨ ਵਰਕਰ ਕੋਆਪ੍ਰੇਟਿਵ ਅੰਮ੍ਰਿਤਸਰ
28	ਵਾਈਡ ਰੋਡ ਬਲਾਕ ਸੀ ਅਤੇ ਈ ਅਜਨਾਲਾ ਰੋਡ ਵਿੱਚ ਗਰੀਨ ਬੈਲਟ ਨਾਲ 120 ਫੁੱਟ ਚੋੜੀ ਰੋਡ ਤੇ ਪੇਵਮੈਂਟ ਦੀ ਉਸਾਰੀ	55.49	19.9.14	29%	ਕਿਸ਼ਨ ਵਰਕਰ ਕੋਆਪ੍ਰੇਟਿਵ ਅੰਮ੍ਰਿਤਸਰ
29	ਗੋਬਿੰਦ ਪਾਰਕ ਤੋਂ ਰਾਮ ਪਾਰਕ ਵਾਰਡ ਨੰ: 8 ਰੋਡ ਦੀਆ ਸਾਈਡਾਂ ਤੇ ਪੀ/ਐਲ 60 ਐਮ. ਇੰਟਰਲਾਕਿੰਗ ਪੇਵਰ	49.00	28.10.14	27%	ਸੁਰਜੀਤ ਸਿੰਘ ਐਂਡ ਕੋਆਪ੍ਰੇਟਿਵ ਅੰਮ੍ਰਿਤਸਰ
30	ਬਲਾਕ ਬੀ 340 ਏਕੜ ਸਕੀਮ ਵਿੱਚ ਫੁੱਟਪਾਥ ਤੇ ਪੀ./ਐਲ ਇੰਟਰਲਾਕਿੰਗ ਟਾਈਲਜ਼	169.90	26.2.14	28%	ਟੀ.ਕੇ. ਐਸੋਸੀਏਸ਼ਨ ਅੰਮ੍ਰਿਤਸਰ
31	ਵਾਰਡ ਨੰ: 8 ਵਿੱਚ ਬਸੰਤ ਪਾਰਕ ਤੋਂ ਕੋਠੀ ਨੰ: 520 ਤੇ ਅਤੇ ਗੁਰੂ ਰਾਮਦਾਸ ਪਾਰਕ ਤੋ ਕੋਠੀ 597 ਦੇ ਪੀ/ਐਲ 60 ਐਮ ਪੇਵਰ ਟਾਈਲਜ	49.50	28.2.14	28%	ਰਮੇਸ਼ ਕੁਮਾਰ ਤਲਵਾੜ ਅੰਮ੍ਰਿਤਸਰ
32	ਵਾਰਡ ਨੰ: 8 ਗੋਬਿੰਦ ਪਾਰਕ ਤੋਂ ਮਹਾਂਵੀਰ ਪਾਰਕ ਵਿੱਚ ਸਟਰੀਟ ਰੋਡ ਪੀ./ਐਲ 60 ਐਮ ਪੇਵਰ	49.50	28.10.14	27%	ਸੁਰਜੀਤ ਸਿੰਘ ਐਂਡ ਕੋਆਪ੍ਰੇਟਿਵ ਅੰਮ੍ਰਿਤਸਰ

[ਸਥਾਨਕ ਸਰਕਾਰ ਮੰਤਰੀ]

33	ਅੰਮ੍ਰਿਤਸਰ ਮਜੀਠੀਆ ਰੋਡ ਫੋਰ ਲੇਨ ਤੇ ਬਲਾਕ ਐਂਡ ਫੁਟਪਾਥ ਤੇ ਇੰਟਰਲਾਕਿੰਗ ਤੇ ਪੇਵਰ ਬਲਾਕ	245.00	26.2.14	24%	ਪੇਵਿੰਗ ਸਟੋਨ ਇੰਡੀਆ ਪ੍ਰਾਈਵੇਟ ਲਿ: ਚੰਡੀਗੜ੍ਹ।
	ਕੁੱਲ	**2107.52**			

ਡਾਕਟਰ ਰਾਜ ਕੁਮਾਰ ਵੇਰਕਾ : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਵਿਕਾਸ ਦਾ ਕੋਈ ਹੋਰ ਕੰਮ ਇੰਨੀ ਤੇਜ਼ੀ ਨਾਲ ਨਹੀਂ ਚੱਲ ਰਿਹਾ ਜਿੰਨਾ ਕਿ ਇੰਟਰਲੌਕਿੰਗ ਟਾਈਲਾਂ ਲਗਾਉਣ ਦਾ ਕੰਮ ਚੱਲ ਰਿਹਾ ਹੈ। ਅਜੇ ਸੜਕ ਵੀ ਨਹੀਂ ਬਣਦੀ, ਫੁਟਪਾਥ ਵੀ ਨਹੀਂ ਬਣਦੇ ਪ੍ਰੰਤੂ ਟਾਈਲਾਂ ਲਗਾਉਣ ਦਾ ਕੰਮ ਧੜਾ-ਧੜ ਸ਼ਹਿਰ ਵਿਚ ਸ਼ੁਰੂ ਕੀਤਾ ਹੋਇਆ ਹੈ। ਸਪੀਕਰ ਸਾਹਿਬ, ਜੇਕਰ ਪੜਤਾਲ ਕਰਵਾਈ ਜਾਵੇ ਤਾਂ 50% ਟਾਈਲਾਂ ਥੱਲੇ ਧਸ ਚੁੱਕੀਆਂ ਹਨ। ਬਾਕੀਆਂ ਉੱਪਰ ਘਾਹ ਉੱਗਣਾ ਸ਼ੁਰੂ ਹੋ ਗਿਆ ਹੈ। ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਇਹ ਗੱਲ ਜਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਈ. ਟੈਂਡਰਿੰਗ ਪ੍ਰਕ੍ਰਿਆ ਕੀ ਹੈ? ਇਹ ਟਾਈਲਾਂ ਫੁਟਪਾਥ ਵਾਸਤੇ ਹੁੰਦੀਆਂ ਹਨ ਪਰੰਤੂ ਫੁਟਪਾਥ ਤੋਂ 3 ਫੁੱਟ ਅੱਗੇ ਸੜਕ ਤੱਕ ਵੀ ਉਹ ਟਾਈਲਾਂ ਲਗਾਈਆਂ ਜਾ ਰਹੀਆਂ ਹਨ। ਇਥੋਂ ਤੱਕ ਕਿ ਪ੍ਰਭਾਵਸ਼ਾਲੀ ਲੋਕਾਂ ਦੇ ਘਰਾਂ ਅੱਗੇ ਵੀ ਟਾਈਲਾਂ ਲਗਾਈਆਂ ਜਾ ਰਹੀਆਂ ਹਨ। ਮੈਂ ਇਹ ਗੱਲ ਜਾਣਨਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਟਾਈਲਾਂ ਲੱਗ ਰਹੀਆਂ ਹਨ, ਇਨ੍ਹਾਂ ਦਾ ਕੀ ਫਾਇਦਾ ਹੈ।

ਮਾਨਯੋਗ ਸਪੀਕਰ : ਫਾਇਦਾ ਤਾਂ ਉਨ੍ਹਾਂ ਨੇ ਦੱਸ ਦਿੱਤਾ ਹੈ ਜੇਕਰ ਤਾਰਾਂ ਜਾਂ ਹੋਰ ਕੁਝ ਪਾਉਣਾ ਹੋਵੇ ਤਾਂ ਟਾਈਲਾਂ ਨੂੰ ਨਿਕਾਲ ਕੇ ਦੁਬਾਰਾ ਲਗਾਉਣਾ ਸੌਖਾ ਹੁੰਦਾ ਹੈ। ਹਾਂ ਜੀ, ਜੋਸ਼ੀ ਸਾਹਿਬ ਜੀ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਦੱਸ ਚੁੱਕਾ ਹਾਂ ਫੁਟਪਾਥ ਤੋਂ ਬਾਹਰ ਜਿਹੜੇ ਬਰਮ ਹੁੰਦੇ ਹਨ ਜਾਂ ਸੀਵਰੇਜ ਪਾਈਪਾਂ ਜਾਂ ਪਾਣੀ ਦੀ ਸਪਲਾਈ ਦੀਆਂ ਪਾਈਪਾਂ ਜਾਂ ਤਾਰਾਂ ਵਗੈਰਾ ਪਾਉਣੀਆਂ ਪੈਂਦੀਆਂ ਹਨ ਤਾਂ ਟਾਈਲਾਂ ਨੂੰ ਪੁੱਟ ਕੇ ਲਗਾਇਆ ਜਾਂ ਪਾਇਆ ਜਾ ਸਕਦਾ ਹੈ। ਬਾਕੀ ਜਿਹੜੀ ਈ. ਟੈਂਡਰਿੰਗ ਦੀ ਪ੍ਰਕ੍ਰਿਆ ਬਾਰੇ ਪੁੱਛਦੇ ਹਨ, ਕੰਪਨੀਆਂ ਦਾ ਨਾਂ ਇਨ੍ਹਾਂ ਨੂੰ ਦੱਸ ਦਿੱਤਾ ਹੈ। ਜੇਕਰ ਇਹ ਕਹਿੰਦੇ ਹਨ ਕਿ ਇਸ ਵਿਚ ਕਿਹੜੇ ਕਿਹੜੇ ਠੇਕੇਦਾਰਾਂ ਨੇ ਹਿੱਸਾ ਲਿਆ ਹੈ, ਈ. ਟੈਂਡਰਿੰਗ ਸਿਸਟਮ ਚਲਦਾ ਹੈ। ਮੈਂ ਆਪਣਾ ਵਿਭਾਗ

ਸੰਭਾਲਣ ਤੋਂ ਬਾਅਦ ਪਹਿਲੀ ਵਾਰ ਦੋ ਲੱਖ ਰੁਪਏ ਦੀ ਈ. ਟੈਂਡਰਿੰਗ ਕੀਤੀ ਹੈ। ਦੋ ਲੱਖ ਤੋਂ ਉਪਰ ਭਾਵੇਂ 3 ਲੱਖ ਰੁਪਏ ਦਾ ਟੈਂਡਰ ਹੋਵੇ ਜਾਂ ਵਧੇਰੇ ਦਾ ਹੋਵੇ, ਕੋਈ ਵੀ ਠੇਕੇਦਾਰ ਚੰਡੀਗੜ੍ਹ ਤੋਂ ਬੈਠਾ ਜਾਂ ਕਿਧਰੋਂ ਵੀ ਬੈਠਾ ਈ. ਟੈਂਡਰਿੰਗ ਪਾ ਸਕਦਾ ਹੈ। ਐਲ-1 ਵਿੱਚ ਜਿਸ ਦਾ ਰੇਟ ਸਭ ਤੋਂ ਘੱਟ ਹੁੰਦਾ ਹੈ, ਉਸ ਨੂੰ ਅਸੀਂ ਟੈਂਡਰ ਦਿੰਦੇ ਹਾਂ।

ਜਿਹੜੀ ਇਹ ਪੜਤਾਲ ਦੀ ਗੱਲ ਕਰਦੇ ਹਨ, ਮੈਂ ਇਨ੍ਹਾਂ ਨੂੰ ਹੀ ਕਹਿ ਦਿੰਦਾ ਹਾਂ ਕਿ ਤੁਸੀਂ ਉਥੇ ਜਾ ਕੇ ਜਿਸ ਅਫ਼ਸਰ ਦਾ ਨਾਂ ਲਵੋਗੇ, ਉਸ ਕੋਲੋਂ ਹੀ ਪੜਤਾਲ ਕਰਵਾ ਲਵਾਂਗੇ। ਪਿਛਲੇ ਦੋ-ਤਿੰਨ ਦਿਨਾਂ ਤੋਂ ਟੈਕਨੀਕਲ ਐਡਵਾਈਜ਼ਰ ਟੂ ਸੀ.ਐਮ. ਜਨਰਲ ਵੀ.ਕੇ. ਭੱਟ ਆਪਣੀ ਪੂਰੀ ਟੀਮ ਨਾਲ ਉਥੇ ਗਏ ਹੋਏ ਹਨ ਅਤੇ ਸੜਕਾਂ ਚੈੱਕ ਕਰ ਰਹੇ ਹਨ। ਮੈਂ ਮਾਨਯੋਗ ਸਪੀਕਰ ਸਾਹਿਬ ਰਾਹੀਂ ਤੁਹਾਨੂੰ ਆਪ ਕਹਿੰਦਾ ਹਾਂ ਕਿ ਤੁਸੀਂ ਆਪ ਵਿਚ ਇਨਵਾਲਵ ਹੋ ਕੇ ਜਿਥੋਂ ਵੀ ਪੜਤਾਲ ਕਰਾਉਣਾ ਚਾਹੁੰਦੇ ਹੋ, ਕਰਵਾ ਲਵੋ। ਜੇਕਰ ਤੁਸੀਂ ਟੈਂਡਰ ਪ੍ਰਕ੍ਰਿਆ ਵਿਚ ਕੋਈ ਗੜਬੜ ਸਮਝਦੇ ਹੋ ਤਾਂ ਤੁਸੀਂ ਜਿਥੋਂ ਚਾਹੁੰਦੇ ਹੋ, ਪੜਤਾਲ ਕਰਵਾਵਾਂਗੇ ਅਤੇ ਤੁਹਾਡੀ ਪੂਰੀ ਤਸੱਲੀ ਕਰਵਾਵਾਂਗੇ। (ਵਿਘਨ)

ਮਾਨਯੋਗ ਸਪੀਕਰ : ਰਾਣਾ ਜੀ, ਤੁਹਾਡਾ ਜ਼ਿਲ੍ਹਾ ਹੋਰ ਹੈ, ਉਨ੍ਹਾਂ ਦਾ ਹੋਰ ਹੈ।

ਰਾਣਾ ਗੁਰਜੀਤ ਸਿੰਘ : ** ** **

ਮਾਨਯੋਗ ਸਪੀਕਰ : ਨਹੀਂ ਜੀ। Not to be recorded. ਅਗਲਾ ਸਵਾਲ, ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ ਜੀ।

ਅਧਿਆਪਕਾਂ ਦੀ ਗਿਣਤੀ

***1894. ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਰਕਾਰੀ ਹਾਈ ਸਕੂਲ, ਸਰਾਂਗੜਾ, ਬਲਾਕ ਚੋਗਾਵਾਂ (ਅੰਮ੍ਰਿਤਸਰ) ਵਿੱਚ ਇਸ ਸਮੇਂ ਕੰਮ ਕਰ ਰਹੇ ਅਧਿਆਪਕਾਂ ਦੀ ਵਿਸ਼ਾ-ਵਾਰ ਕੁੱਲ ਗਿਣਤੀ ਕਿੰਨੀ ਹੈ;

** Not recorded as ordered by the Chair.

[ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ]

(ਅ) ਉਪਰੋਕਤ ਸਕੂਲ ਵਿੱਚ ਇਸ ਸਮੇਂ ਪੜ੍ਹ ਰਹੇ ਵਿਦਿਆਰਥੀਆਂ ਦੀ ਕਲਾਸ-ਵਾਰ ਕੁੱਲ ਗਿਣਤੀ ਕਿੰਨੀ ਹੈ?

ਡਾਕਟਰ ਦਲਜੀਤ ਸਿੰਘ ਚੀਮਾ : (ੳ) ਸਰਕਾਰੀ ਹਾਈ ਸਕੂਲ, ਸਰਾਂਗੜਾ, ਬਲਾਕ ਚੋਗਾਵਾਂ (ਅੰਮ੍ਰਿਤਸਰ) ਵਿੱਚ ਇਸ ਸਮੇਂ ਕੰਮ ਕਰ ਰਹੇ ਅਧਿਆਪਕਾਂ ਦੀ ਵਿਸ਼ਾ-ਵਾਰ ਕੁੱਲ ਗਿਣਤੀ ਹੇਠ ਲਿਖੇ ਅਨੁਸਾਰ ਹੈ:-

ਸਾਇੰਸ ਵਿਸ਼ੇ ਦੇ ਅਧਿਆਪਕ	ਪੀ.ਟੀ.ਆਈ	ਕੰਪਿਊਟਰ ਅਧਿਆਪਕ
1	1	3

(ਅ) ਉਪਰੋਕਤ ਸਕੂਲ ਵਿੱਚ ਇਸ ਸਮੇਂ ਵਿਦਿਆਰਥੀਆਂ ਦੀ ਜਮਾਤ ਅਨੁਸਾਰ ਕੁੱਲ ਗਿਣਤੀ ਹੇਠ ਲਿਖੇ ਅਨੁਸਾਰ ਹੈ:

ਜਮਾਤ-6ਵੀਂ	ਜਮਾਤ-7ਵੀਂ	ਜਮਾਤ-8ਵੀਂ	ਜਮਾਤ-9ਵੀਂ	ਜਮਾਤ-10ਵੀਂ
47	63	48	59	44

ਕੁੱਲ ਵਿਦਿਆਰਥੀ - 261

ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ : ਸਪੀਕਰ ਸਾਹਿਬ, ਮੰਤਰੀ ਜੀ ਨੇ ਉਹੀ ਜਵਾਬ ਦੇ ਦਿੱਤਾ ਹੈ, ਜਿਹੜਾ ਥੱਲਿਓਂ ਬਣ ਕੇ ਆਇਆ ਹੈ। ਸਾਡਾ ਇਹ ਪਿੰਡ ਬਾਰਡਰ ਤੇ ਹੈ ਔਰ ਮੈਂ ਪਿਛਲੇ ਛੇ ਮਹੀਨਿਆਂ ਤੋਂ ਵਾਚ ਕਰ ਰਿਹਾ ਹਾਂ। ਮੈਂ ਤਿੰਨ-ਚਾਰ ਵਾਰੀ ਉਥੇ ਜਾ ਕੇ ਵੀ ਵੇਖਿਆ ਹੈ, ਉਥੇ ਸਿਰਫ਼ ਇੱਕ ਟੀਚਰ ਸੀ। ਚਲੋ ਮੰਨ ਲੈਂਦੇ ਹਾਂ, ਇਨ੍ਹਾਂ ਨੇ ਕਿਹਾ ਹੈ ਕਿ ਉਥੇ 261 ਬੱਚੇ ਹਨ। ਇਹ ਹਾਈ ਸਕੂਲ ਹੈ ਤੇ ਉਥੇ ਪਿਛਲੇ ਛੇ ਮਹੀਨਿਆਂ ਤੋਂ ਸਿਰਫ਼ ਇੱਕ ਟੀਚਰ ਹੀ ਜਾ ਰਿਹਾ ਹੈ। ਛੇ ਕਲਾਸਾਂ ਲੱਗਦੀਆਂ ਹਨ। ਹੁਣ ਤੁਸੀਂ ਆਪ ਹੀ ਦੱਸੋ ਕਿ ਇਹ ਕਿਸ ਤਰ੍ਹਾਂ ਪਾਸੀਬਲ ਹੈ? 20 ਦਿਨ ਪਹਿਲਾਂ ਮੈਂ ਉਥੇ ਕਹਿ ਕੇ ਆਇਆ ਸੀ ਕਿ ਮੈਂ ਇਸ ਸਬੰਧੀ ਵਿਧਾਨ ਸਭਾ ਵਿੱਚ ਸਵਾਲ ਰੱਖਣਾ ਹੈ ਤੇ ਮੈਨੂੰ ਨਹੀਂ ਪਤਾ ਕਿ ਉਸ ਤੋਂ ਬਾਅਦ ਉਥੇ ਕੀ ਐਡਜਸਟਮੈਂਟ ਕੀਤੀ ਗਈ ਹੈ। ਕਿਰਪਾ ਕਰਕੇ ਇਹ ਦੱਸ ਦੇਣ ਕਿ ਜਿਨ੍ਹਾਂ ਨੇ ਇਹ ਕੁਤਾਹੀ ਵਰਤੀ ਹੈ ਜਾਂ ਸਦਨ ਨੂੰ ** ** ** ਦੀ ਕੋਸ਼ਿਸ਼ ਕੀਤੀ ਹੈ, ਉਨ੍ਹਾਂ ਦੇ ਖਿਲਾਫ਼ ਇਹ ਕੀ ਕਾਰਵਾਈ ਕਰਨਗੇ?

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੀ ਭਾਵਨਾ ਦਾ ਸਤਿਕਾਰ ਕਰਦਾ ਹਾਂ। ਮੈਨੂੰ ਆਪ ਇਸ ਗੱਲ ਦਾ ਅਫ਼ਸੋਸ ਹੈ ਕਿ ਜਿਹੜੀ

** Expunged as ordered by the Chair.

ਸਾਡੀ ਬਾਰਡਰ ਬੈਲਟ ਹੈ, ਉਥੇ ਟੀਚਰਜ਼ ਘੱਟ ਹਨ ਪਰੰਤੂ ਜੋ ਮੈਂ ਪੁਜ਼ੀਸ਼ਨ ਦੱਸੀ ਹੈ, ਉਹ ਬਿਲਕੁਲ ਫੈਕਚੂਅਲ ਹੈ। ਇਨ੍ਹਾਂ ਨੇ ਜਿਹੜਾ ਐਡਜਸਟਮੈਂਟ ਬਾਰੇ ਜ਼ਿਕਰ ਕੀਤਾ ਹੈ, ਸ਼ਾਇਦ ਇਸੇ ਕਰਕੇ ਹੀ ਨੇੜੇ ਦੇ ਸਕੂਲਾਂ ਵਿੱਚੋਂ ਇੱਕ ਪੰਜਾਬੀ ਦਾ ਅਧਿਆਪਕ, ਇੱਕ ਹਿੰਦੀ ਦਾ ਅਧਿਆਪਕ ਤੇ ਇੱਕ ਸੋਸ਼ਲ ਸਾਇੰਸ ਦਾ ਅਧਿਆਪਕ ਕਲਸਟਰ ਵਿੱਚੋਂ ਇੱਥੇ ਐਡਜਸਟ ਕੀਤੇ ਹਨ। ਇਨ੍ਹਾਂ ਦੀ ਜੋ ਭਾਵਨਾ ਹੈ, ਜਦੋਂ ਮੈਂ ਵੈਰੀਫਾਈ ਕੀਤਾ ਸੀ, ਮੇਰੀ ਵੀ ਇਹੀ ਭਾਵਨਾ ਸੀ। ਇਸ ਕਰਕੇ ਮੈਂ ਇਸ ਕੇਸ ਵਿੱਚ ਡੀ.ਈ.ਓ. (ਸੈਕੰਡਰੀ) ਨੂੰ ਚਾਰਜਸ਼ੀਟ ਕੀਤਾ ਹੈ ਕਿਉਂਕਿ ਉਨ੍ਹਾਂ ਨੂੰ ਇਸ ਬਾਰੇ ਸੀਰੀਅਸ ਹੋਣਾ ਚਾਹੀਦਾ ਸੀ। ਉਨ੍ਹਾਂ ਕੋਲ 6038 ਸਿੱਖਿਆ ਪ੍ਰੋਵਾਈਡਰ ਮੌਜੂਦ ਹਨ। ਉਨ੍ਹਾਂ ਨੂੰ ਜਿੱਥੇ ਮਹਿਸੂਸ ਹੋਵੇ ਕਿ ਇੱਥੇ ਐਮਰਜੰਸੀ ਹੈ, ਉਨ੍ਹਾਂ ਸਿੱਖਿਆ ਪ੍ਰੋਵਾਈਡਰਜ਼ ਵਿੱਚੋਂ ਯੂਜ਼ ਕਰ ਸਕਦੇ ਸੀ ਕਿਉਂਕਿ ਐਮਰਜੰਸੀ ਵਾਸਤੇ ਉਨ੍ਹਾਂ ਕੋਲ ਇਹ ਹੁੰਦੇ ਹਨ ਕਿ ਜਿੱਥੇ ਇਹੋ ਜਿਹੇ ਹਾਲਾਤ ਹੋਣ, ਉਥੇ ਉਨ੍ਹਾਂ ਨੂੰ ਪੋਸਟ ਕੀਤਾ ਜਾਵੇ। ਉਨ੍ਹਾਂ ਨੇ ਕੁਤਾਹੀ ਕੀਤੀ ਹੈ ਤੇ ਇਸ ਕਰਕੇ ਸਖ਼ਤੀ ਨਾਲ ਐਕਸ਼ਨ ਲਿਆ ਗਿਆ ਹੈ ਅਤੇ ਉਨ੍ਹਾਂ ਨੂੰ ਚਾਰਜਸ਼ੀਟ ਕੀਤਾ ਗਿਆ ਹੈ।

ਮਾਨਯੋਗ ਸਪੀਕਰ : ਉਨ੍ਹਾਂ ਨੇ ਤਾਂ ਐਕਸ਼ਨ ਲੈ ਲਿਆ ਹੈ।

ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ : ਸਪੀਕਰ ਸਾਹਿਬ, ਮੈਂ ਮੰਨਦਾ ਹਾਂ ਪਰ ਮੈਂ ਦੂਜੀ ਗੱਲ ਕਰਨ ਲੱਗਾ ਹਾਂ। ਮੈਨੂੰ ਇਹ ਦੱਸ ਦੇਣ ਕਿ ਨਾਲ ਨਾਲ ਛੋਟੇ ਛੋਟੇ ਪਿੰਡ ਹਨ, ਕਿਤੇ ਸਿਰਫ਼ 37 ਬੱਚੇ ਤੇ ਉਨ੍ਹਾਂ ਵਾਸਤੇ 3 ਟੀਚਰ ਹਨ, ਕਿਤੇ 40 ਬੱਚੇ ਤੇ ਉਥੇ 2 ਟੀਚਰ ਹਨ ਤੇ ਇਹ ਕਹਿੰਦੇ ਹਨ ਕਿ ਉਥੇ ਟੀਚਰਾਂ ਦੀ ਘਾਟ ਹੈ। ਲਾਗੇ ਹੀ ਪੰਡੋਰੀ ਪਿੰਡ ਦੇ ਸਕੂਲ ਵਿੱਚ ਸੌ ਦੇ ਕਰੀਬ ਬੱਚੇ ਹਨ ਤੇ ਉਥੇ 5 ਟੀਚਰ ਹਨ। ਇਸ ਲਈ ਮੰਤਰੀ ਜੀ ਦੱਸਣ ਕਿ ਸਾਡੇ ਸਕੂਲ ਵਿੱਚ ਪੱਕਾ ਬੰਦੋਬਸਤ ਕਦੋਂ ਤੱਕ ਕਰ ਦਿੱਤਾ ਜਾਵੇਗਾ ਕਿਉਂਕਿ ਬੱਚਿਆਂ ਦਾ ਪਿਛਲਾ ਅਕਾਦਮਿਕ ਸਾਲ ਸਾਰਾ ਖਰਾਬ ਹੋ ਗਿਆ ਹੈ। ਇਸ ਲਈ ਇਹ ਦੱਸਣ ਕਿ ਆਉਣ ਵਾਲੇ ਸਮੇਂ ਵਿੱਚ ਉੱਥੇ ਕਦੋਂ ਤੱਕ ਪੱਕਾ ਇੰਤਜ਼ਾਮ ਕਰ ਦੇਣਗੇ?

ਮੰਤਰੀ : ਸਪੀਕਰ ਸਾਹਿਬ, ਮੈਂ ਕੱਲ੍ਹ ਵੀ ਇੱਕ ਕੁਐਸਚਨ ਦੇ ਜਵਾਬ ਵਿੱਚ ਜ਼ਿਕਰ ਕੀਤਾ ਸੀ ਕਿ 31 ਮਾਰਚ ਨੂੰ ਸਾਰੇ ਪੰਜਾਬ ਦੀ ਰੈਸ਼ਨੇਲਾਈਜ਼ੇਸ਼ਨ ਮੁਕੰਮਲ ਹੋ ਜਾਣੀ ਹੈ। ਉਸ ਵਿੱਚ ਬੱਚਿਆਂ ਦੀ ਗਿਣਤੀ ਅਨੁਸਾਰ, ਜਿੱਥੇ ਵੱਧ ਟੀਚਰ ਚਾਹੀਦੇ ਹਨ, ਉਥੇ ਵੱਧ ਟੀਚਰ ਦਿੱਤੇ ਜਾਣਗੇ। ਉਸ ਵਿੱਚ ਸਾਰੇ ਸਕੂਲਾਂ

ਦੇ ਸਟਾਫ਼ ਦੀ ਕਮੀ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰਾਂਗੇ। ਜਿਹੜੀ ਭਰਤੀ ਚੱਲ ਰਹੀ ਹੈ, ਸਾਡੀ ਕੋਸ਼ਿਸ਼ ਹੋਵੇਗੀ ਕਿ ਵੱਧ ਤੋਂ ਵੱਧ ਟੀਚਰਜ਼ ਇਨ੍ਹਾਂ ਦੇ ਬਾਰਡਰ ਏਰੀਏ ਵਿੱਚ ਦਿੱਤੇ ਜਾਣ। ਮੈਂ ਇਨ੍ਹਾਂ ਦੀ ਗੱਲ ਨਾਲ ਸਹਿਮਤ ਹਾਂ।

ਤਪਾ ਮੰਡੀ ਵਿਖੇ ਤਹਿਸੀਲ ਕੰਪਲੈਕਸ ਬਣਾਉਣਾ

***1979. ਸਰਦਾਰ ਬਲਬੀਰ ਸਿੰਘ ਸਿੱਧੂ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵੱਲੋਂ ਤਪਾ ਮੰਡੀ ਵਿਖੇ ਤਹਿਸੀਲ ਕੰਪਲੈਕਸ ਬਣਾਇਆ ਗਿਆ ਹੈ; ਜੇਕਰ ਬਣਾਇਆ ਗਿਆ ਹੈ ਤਾਂ ਕੀ ਉਹ ਮੁਕੰਮਲ ਹੋ ਗਿਆ ਹੈ; ਜੇਕਰ ਨਹੀਂ ਤਾਂ ਇਹ ਕਦੋਂ ਤੱਕ ਮੁਕੰਮਲ ਹੋ ਜਾਵੇਗਾ?

ਸਰਦਾਰ ਬਿਕਰਮ ਸਿੰਘ ਮਜੀਠੀਆ : ਜੀ ਹਾਂ। ਤਪਾ ਮੰਡੀ ਵਿਖੇ ਤਹਿਸੀਲ ਕੰਪਲੈਕਸ ਦਾ ਕੰਮ ਉਸਾਰੀ ਅਧੀਨ ਹੈ। ਲਗਭਗ 65% ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਬਾਕੀ ਰਹਿੰਦਾ ਕੰਮ ਜਲਦੀ ਮੁਕੰਮਲ ਹੋਣ ਦੀ ਸੰਭਾਵਨਾ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸਾਲ 2010-11 ਵਿੱਚ ਇਹ ਤਹਿਸੀਲ ਕੰਪਲੈਕਸ ਬਣਨਾ ਸ਼ੁਰੂ ਹੋਇਆ ਸੀ। ਇਹ ਜ਼ਮੀਨ ਸਾਡੇ ਪਿੰਡ ਦੇ ਡੇਰੇ ਨੇ ਫ਼ਰੀ ਆਫ਼ ਕਾਸਟ ਸਰਕਾਰ ਨੂੰ ਪ੍ਰੋਵਾਈਡ ਕਰਵਾਈ ਸੀ ਜੋ ਕਿ ਬੜੀ ਹੀ ਫਰਟਾਈਲ ਲੈਂਡ ਹੈ। ਇਸ ਤੋਂ ਸਰਕਾਰ ਨੂੰ ਪੰਜਾਹ-ਸੱਠ ਹਜ਼ਾਰ ਰੁਪਿਆ ਮਹੀਨੇ ਦੀ ਆਮਦਨ ਹੋ ਸਕਦੀ ਹੈ ਪਰ ਅੱਜ ਹਾਲਾਤ ਇਹ ਹਨ, ਮੈਂ ਉਥੋਂ ਦੀ ਇੱਕ ਫੋਟੋ ਲੈ ਕੇ ਆਇਆ ਹਾਂ।

(ਇਸ ਸਮੇਂ ਸਰਦਾਰ ਬਲਬੀਰ ਸਿੰਘ ਸਿੱਧੂ ਸਦਨ ਵਿੱਚ ਫੋਟੋ ਲਹਿਰਾ ਰਹੇ ਸਨ।)

ਮਾਨਯੋਗ ਸਪੀਕਰ : ਤੁਸੀਂ ਫੋਟੋ ਸ਼ੋਅ ਨਹੀਂ ਕਰ ਸਕਦੇ।

ਸਰਦਾਰ ਬਲਬੀਰ ਸਿੰਘ ਸਿੱਧੂ : ਉਥੇ ਇਸ ਸਮੇਂ ਅਵਾਰਾ ਕੁੱਤੇ ਅਤੇ ਪਸ਼ੂ ਘੁੰਮ ਰਹੇ ਹਨ ਤੇ ਉਹ ਜਗ੍ਹਾ ਨਸ਼ੇੜੀਆਂ ਦਾ ਅੱਡਾ ਬਣੀ ਹੋਈ ਹੈ। ਮੰਤਰੀ ਜੀ ਕਹਿੰਦੇ ਹਨ ਕਿ ਉਥੇ ਕੰਮ ਚੱਲ ਰਿਹਾ ਹੈ ਪਰ ਉਥੇ ਪਿਛਲੇ ਤਿੰਨ ਸਾਲ ਤੋਂ ਕੋਈ ਕੰਮ ਨਹੀਂ ਚੱਲ ਰਿਹਾ। ਇਹ ਮੇਰੇ ਨਾਲ ਚੱਲ ਦੇ ਮੌਕਾ ਦੇਖਣ ਜਾਂ ਫੇਰ ਕੋਈ ਕਮੇਟੀ ਬਣਾ ਦੇਣ। ਇਹ ਕਹਿ ਦੇਣ ਕਿ ਪਿਛਲੇ ਚਾਰ ਸਾਲ ਤੋਂ ਕੰਮ ਚੱਲ

ਰਿਹਾ ਹੈ ਤਾਂ ਵੀ ਮੈਂ ਆਪਣਾ ਕੁਐਸਚਨ ਵਾਪਸ ਲੈ ਲਵਾਂਗਾ।

ਮੰਤਰੀ : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਮੈਂਬਰ ਸਾਹਿਬ ਨੂੰ ਇਸ ਨੂੰ ਐਪਰੀਸ਼ੀਏਟ ਕਰਨਾ ਚਾਹੀਦਾ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ ਸਮੇਂ ਵਿੱਚ ਡਿਪਟੀ ਕਮਿਸ਼ਨਰ, ਬਰਨਾਲਾ ਵੱਲੋਂ 18.11.2010 ਨੂੰ 3,02,70,000 ਰੁਪਏ ਦਾ ਇਸ ਸਾਰੇ ਕੰਮ ਦਾ ਸਾਨੂੰ ਐਸਟੀਮੇਟ ਪ੍ਰਾਪਤ ਹੋਇਆ ਸੀ ਕਿਉਂਕਿ ਪੈਸੇ ਰਿਲੀਜ਼ ਕਰਨ ਦਾ ਕੰਮ ਰੈਵੇਨਿਊ ਮਹਿਕਮੇ ਦਾ ਸੀ, ਇਸ ਲਈ ਇਮੀਜੀਏਟਲੀ ਸੱਤ ਮਹੀਨਿਆਂ ਦੇ ਅੰਦਰ ਅੰਦਰ ਭਾਵ ਮਿਤੀ 23.6.2011 ਨੂੰ ਪੈਸੇ ਰਿਲੀਜ਼ ਕਰ ਦਿੱਤੇ ਗਏ। ਹੁਣ ਸਾਡੇ ਕੋਲ ਉਨ੍ਹਾਂ ਨੇ ਰਿਵਾਈਜ਼ਡ ਐਸਟੀਮੇਟ ਦਾ ਟੈਲੀਫੋਨਿਕ ਮੈਸੇਜ਼ ਭੇਜਿਆ ਹੈ, ਲਿਖਤੀ ਨਹੀਂ ਆਇਆ। As soon as ਰਿਵਾਈਜ਼ਡ ਐਸਟੀਮੇਟ ਲਿਖਤੀ ਰੂਪ ਵਿੱਚ ਆ ਜਾਂਦਾ ਹੈ, ਉਸ ਨੂੰ ਵੈਰੀਫਾਈ ਕਰਵਾ ਕੇ, ਜੇ ਉਨ੍ਹਾਂ ਦੀ ਗੱਲ ਵਿੱਚ ਦਮ ਹੋਇਆ, ਉਹ ਪੈਸੇ ਰਿਲੀਜ਼ ਕਰ ਦਿੱਤੇ ਜਾਣਗੇ 65% of the work has been done. Speaker Sahib, we are duty bound to complete the remaining work.

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ...

ਮਾਨਯੋਗ ਸਪੀਕਰ : ਹੁਣ ਤਾਂ ਕੰਮ ਹੋ ਗਿਆ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਮੇਰਾ ਰਾਈਟ ਹੈ। ਮੈਂ ਤਾਂ ਇੰਨੀ ਕੁ ਐਸ਼ੋਰੈਂਸ ਚਾਹੁੰਦਾ ਹਾਂ ਕਿ ਮੰਤਰੀ ਜੀ ਡੇਟ ਬਾਊਂਡ ਕਰਨ ਕਿ ਕਦੋਂ ਤੱਕ ਕੰਮ ਕੰਪਲੀਟ ਕਰ ਦੇਣਗੇ?

ਮਾਨਯੋਗ ਸਪੀਕਰ : ਮੰਤਰੀ ਜੀ, ਆਪਾਂ ਕਦੋਂ ਤੱਕ ਕੰਪਲੀਟ ਕਰ ਸਕਦੇ ਹਾਂ। ਕੰਮ ਸਿਰਫ਼ 35 ਪ੍ਰਤੀਸ਼ਤ ਬਾਕੀ ਰਹਿ ਗਿਆ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਸਿਰਫ਼ 40 ਪ੍ਰਤੀਸ਼ਤ ਕੰਮ ਹੋਇਆ ਹੈ...(ਵਿਘਨ)

ਮਾਨਯੋਗ ਸਪੀਕਰ : ਜਵਾਬ ਵਿੱਚ 65 ਪ੍ਰਤੀਸ਼ਤ ਆਇਆ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ : ਇਹ ਮੰਤਰੀ ਸਾਹਿਬ ਹਾਊਸ ਨੂੰ ** ** ** ਕਰ ਰਹੇ ਹਨ ....(ਵਿਘਨ)... ਇਹ ਮੇਰੇ ਨਾਲ ਮੌਕੇ ਵਾਲੀ ਜਗ੍ਹਾ ਤੇ ਚੱਲਣ। ....(ਵਿਘਨ)

** Expunged as ordered by the Chair.

ਮਾਨਯੋਗ ਸਪੀਕਰ : ** ** ਲਫ਼ਜ਼ ਐਕਸਪੰਜ ਕਰ ਦੇਣਾ।

ਮੰਤਰੀ : ਸਪੀਕਰ ਸਾਹਿਬ, ਇਹ ਚਾਹੁੰਦੇ ਹਨ ਕਿ ਮੈਂ ਇਨ੍ਹਾਂ ਨਾਲ ਜਾਵਾਂ। ਮੇਰੀ ਬੇਨਤੀ ਹੈ ਕਿ ਮੈਂ ਇਨ੍ਹਾਂ ਨਾਲ ਚੱਲਾਂਗਾ, ਜਿਵੇਂ ਇਹ ਕਹਿਣਗੇ, ਸਤਿਬਚਨ, ਉਸੇ ਤਰ੍ਹਾਂ ਹੀ ਕਰਕੇ ਆਵਾਂਗਾ।

ਸਰਦਾਰ ਬਲਬੀਰ ਸਿੰਘ ਸਿੱਧੂ : ਸਰ, ਰਾਹ ਵਿੱਚ ਇਹ ਕਿਤੇ ਮੈਨੂੰ ਹੋਰ ਹੀ ਚੱਕਰ ਵਿੱਚ ਨਾ ਫਸਾ ਦੇਣ।...(ਹਾਸਾ)

ਮੰਤਰੀ : ਸਪੀਕਰ ਸਾਹਿਬ, ਪਹਿਲਾਂ ਕਹਿੰਦੇ ਹਨ ਨਾਲ ਚੱਲੋ, ਜਦੋਂ ਮੈਂ ਜਾਣ ਨੂੰ ਤਿਆਰ ਹੋ ਗਿਆ ਤਾਂ ਕਹਿੰਦੇ ਫਸਾ ਨਾ ਦੇਣ। ਫਿਰ ਇਹ ਬੇਨਤੀ ਕਰਦੇ ਕਿਉਂ ਹਨ?

ਪੁਰਾਤਨ ਕਿਲ੍ਹੇ ਦੀ ਮੁਰੰਮਤ ਕਰਨ ਬਾਰੇ

***1890. ਸਰਦਾਰ ਰਣਜੀਤ ਸਿੰਘ ਢਿੱਲੋਂ :** ਕੀ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲੁਧਿਆਣਾ ਸ਼ਹਿਰ ਵਿੱਚ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਦੇ ਪੁਰਾਤਨ ਕਿਲ੍ਹੇ ਦੀ ਮੁਰੰਮਤ ਕਰਕੇ ਇਸ ਨੂੰ ਪੁਰਾਤਨ ਸਮਾਰਕ ਵਜੋਂ ਸੰਭਾਲਣ ਲਈ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਕਦੋਂ ਤੱਕ?

ਸਰਦਾਰ ਸੋਹਣ ਸਿੰਘ ਠੰਡਲ : ਸ਼੍ਰੀਮਾਨ ਜੀ, ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਦੇ ਲੋਧੀ ਵੰਸ਼ ਦੇ ਮਹਾਨ ਕਿਲ੍ਹੇ ਨੂੰ ਸਰਕਾਰ ਵਲੋਂ ਸੁਰੱਖਿਅਤ ਸਮਾਰਕ ਘੋਸ਼ਿਤ ਕੀਤਾ ਹੋਇਆ ਹੈ। ਹਾਲ ਦੀ ਘੜੀ ਮਹਾਨ ਕਿਲ੍ਹੇ ਦੀ ਕੰਜਰਵੇਸ਼ਨ ਲਈ ਸਰਕਾਰ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

ਸਰਦਾਰ ਰਣਜੀਤ ਸਿੰਘ ਢਿੱਲੋਂ : ਸਪੀਕਰ ਸਾਹਿਬ, ਇਹ ਜਿਹੜਾ ਕਿਲ੍ਹਾ ਹੈ, ਇਹ ਲੁਧਿਆਣੇ ਦੇ ਸੈਂਟਰ ਵਿੱਚ ਪੈਂਦਾ ਹੈ। ਇਸ ਦੇ ਚਾਰੇ ਪਾਸੇ ਹੌਜ਼ਰੀ ਮਾਰਕੀਟ ਹੈ। ਇਸ ਸ਼ਹਿਰ ਵਿੱਚ ਹਿੰਦੁਸਤਾਨ ਅਤੇ ਹਿੰਦੁਸਤਾਨ ਤੋਂ ਬਾਹਰ ਦੇ ਬਹੁਤ ਵਪਾਰੀ ਆਉਂਦੇ ਹਨ। ਇਸ ਵੇਲੇ ਇਸ ਕਿਲ੍ਹੇ ਤੇ ਨਜਾਇਜ਼ ਕਬਜ਼ੇ ਹੋ ਰਹੇ ਹਨ। ਇਸ ਨੂੰ ਸੁਰੱਖਿਅਤ ਤਾਂ ਘੋਸ਼ਿਤ ਕਰ ਦਿੱਤਾ ਹੈ ਪਰ ਕੀ ਇਸ ਨੂੰ ਬਣਾਉਣ ਦੀ ਤਜਵੀਜ਼ ਹੈ; ਜੇਕਰ ਹੈ ਤਾਂ ਕਿੰਨੀ ਜਲਦੀ, ਕਿਵੇਂ ਬਣਾਉਣਗੇ ਅਤੇ ਉਥੇ ਕੀ ਬਣਾਉਣਗੇ?

** Expunged as ordered by the Chair.

ਮੰਤਰੀ : ਸਪੀਕਰ ਸਾਹਿਬ, ਪੰਜਾਬ ਸਰਕਾਰ ਵੱਲੋਂ 20.12.2013 ਨੂੰ ਇਸ ਕਿਲ੍ਹੇ ਨੂੰ ਸੁਰੱਖਿਅਤ ਸਮਾਰਕ ਵਜੋਂ ਐਲਾਨਿਆ ਗਿਆ ਹੈ। ਮੈਂ ਵੀ ਸਮਝਦਾ ਹਾਂ ਕਿ ਇਹ ਕਿਲ੍ਹਾ ਮਹਾਰਾਜਾ ਰਣਜੀਤ ਸਿੰਘ ਵੇਲੇ ਦਾ ਹੈ, ਉਸ ਵੇਲੇ ਦੇ ਅੰਗਰੇਜ਼ ਜਨਰਲ ਨਾਲ ਮੁਕਾਬਲਾ ਕਰਨ ਲਈ ਇਹ ਉਸਾਰਿਆ ਗਿਆ ਸੀ।

ਮਾਨਯੋਗ ਸਪੀਕਰ : ਇਨ੍ਹਾਂ ਨੇ ਕਿਹਾ ਹੈ ਕਿ ਉਥੇ ਨਜਾਇਜ਼ ਕਬਜ਼ੇ ਹੋ ਰਹੇ ਹਨ।

ਮੰਤਰੀ : ਸਪੀਕਰ ਸਾਹਿਬ, ਉਥੋਂ ਦੀਆਂ ਦੋ ਫਰਮਾਂ ਦੀ ਮਸ਼ੀਨਰੀ ਉਸ ਕਿਲ੍ਹੇ ਵਿੱਚ ਪਈ ਹੈ। ਜੇ ਸਰਕਾਰ ਦਾ ਉਸ ਕਿਲ੍ਹੇ ਦੀ ਮੁਰੰਮਤ ਕਰਨ ਦਾ ਫੈਸਲਾ ਹੋਵੇ, ਸੀ.ਐਮ. ਸਾਹਿਬ ਵੀ ਬੈਠੇ ਹਨ ਤਾਂ ਅਸੀਂ ਕਰ ਲਵਾਂਗੇ। ਹਾਲ ਦੀ ਘੜੀ ਉਸ ਨੂੰ ਸੁਰੱਖਿਅਤ ਸਮਾਰਕ ਘੋਸ਼ਿਤ ਕੀਤਾ ਹੋਇਆ ਹੈ।

ਸਰਦਾਰ ਰਣਜੀਤ ਸਿੰਘ ਢਿੱਲੋਂ : ਸਪੀਕਰ ਸਾਹਿਬ, ਉਥੇ ਨਜਾਇਜ਼ ਕਬਜ਼ੇ ਹੋ ਰਹੇ ਹਨ। ਸਰਕਾਰ ਦੀ ਮਨਸ਼ਾ ਤਾਂ ਹੈ ਪਰ ਜਦੋਂ ਕਿਲ੍ਹਾ ਸੁਰੱਖਿਅਤ ਘੋਸ਼ਿਤ ਕਰ ਦਿੱਤਾ ਫੇਰ ਤਾਂ ਉਸ ਨੂੰ ਜਲਦੀ ਬਣਾਉਣਾ ਚਾਹੀਦਾ ਹੈ। ਇਹ ਦੱਸਣ ਕਿ ਕਦੋਂ ਤੱਕ ਬਣਾਉਣ ਦੀ ਕੋਈ ਸਕੀਮ ਸਿਰੇ ਚੜ੍ਹਾਉਣਗੇ ਜੀ।

ਮੰਤਰੀ : ਸਪੀਕਰ ਸਾਹਿਬ, ਮੈਂ ਇਹੀ ਬੇਨਤੀ ਕੀਤੀ ਹੈ ਕਿ ਜਦੋਂ ਕਿਸੇ ਸਥਾਨ ਨੂੰ ਸੁਰੱਖਿਅਤ ਘੋਸ਼ਿਤ ਕਰ ਦਿੱਤਾ ਜਾਂਦਾ ਹੈ, ਉਸ ਵੇਲੇ ਅਸੀਂ ਉਸ ਨਾਲ ਛੇੜ-ਛਾੜ ਨਹੀਂ ਕਰ ਸਕਦੇ। ਅਸੀਂ ਵਿਚਾਰ ਕਰ ਲਵਾਂਗੇ। ਇਹ ਕਿਲ੍ਹਾ ਲੋਧੀ ਵੰਸ਼ ਵੱਲੋਂ ਬਣਾਇਆ ਗਿਆ ਸੀ, ਇਸੇ ਕਰਕੇ ਲੋਧੀਆਣਾ ਤੋਂ ਲੁਧਿਆਣਾ ਸ਼ਹਿਰ ਬਣਿਆ ਹੈ। ਸਾਰੇ ਪੰਜਾਬ ਵਿੱਚ ਜਿੰਨੀਆਂ ਵੀ ਹੋਰ ਪੁਰਾਣੀਆਂ ਇਤਿਹਾਸਕ ਇਮਾਰਤਾਂ ਹਨ, ਉਨ੍ਹਾਂ ਵੱਖ ਵੱਖ ਇਮਾਰਤਾਂ ਨੂੰ ਸੰਭਾਲਣ ਲਈ ਸੀ.ਐਮ. ਸਾਹਿਬ ਨੇ ਲਗਭਗ 45 ਕਰੋੜ ਰੁਪਿਆ ਜਾਰੀ ਕੀਤਾ ਹੈ। ਇਸ ਸਾਲ ਅਸੀਂ 75 ਕਰੋੜ ਰੁਪਿਆ ਪੁਰਾਣੀਆਂ ਇਮਾਰਤਾਂ ਦੀ ਸਾਂਭ ਸੰਭਾਲ ਲਈ ਖਰਚ ਕਰ ਰਹੇ ਹਾਂ। ਇਸ ਕਿਲ੍ਹੇ ਬਾਰੇ ਵੀ ਵਿਚਾਰ ਕਰ ਲਈ ਜਾਵੇਗੀ। ਜਿਥੋਂ ਤੱਕ ਕਬਜ਼ੇ ਦਾ ਸਵਾਲ ਹੈ, ਪਹਿਲਾਂ ਉਥੇ ਕੋਈ ਆਈ.ਟੀ.ਆਈ. ਚਲਦੀ ਸੀ। ਇੱਕ ਫੈਕਟਰੀ ਹੈ, ਉਸ ਨੇ ਉਥੇ ਥੋੜ੍ਹਾ ਬਹੁਤਾ ਕੰਮ ਵੀ ਕੀਤਾ ਹੈ, ਉਨ੍ਹਾਂ ਦੀਆਂ ਮਸ਼ੀਨਾਂ ਉਥੇ ਪਈਆਂ ਹਨ। ਜੇ ਨਜਾਇਜ਼ ਤੌਰ ਤੇ ਪਈਆਂ ਹੋਈਆਂ ਤਾਂ ਉਸ ਬਾਰੇ ਚੈੱਕ ਕਰਕੇ ਜ਼ਰੂਰ ਉਨ੍ਹਾਂ ਨੂੰ ਉਠਾ ਦਿੱਤਾ ਜਾਵੇਗਾ।

ਸਰਦਾਰ ਰਣਜੀਤ ਸਿੰਘ ਢਿੱਲੋਂ : ਸਪੀਕਰ ਸਾਹਿਬ, ਉਥੇ ਲੋਕ ਨਜਾਇਜ਼ ਕਬਜ਼ੇ ਕਰਕੇ ਘਰ ਬਣਾ ਰਹੇ ਹਨ। ਇਸ ਕਿਲ੍ਹੇ ਨੂੰ ਘੱਟੋ ਘੱਟ ਆਪਣੇ ਕਬਜ਼ੇ ਵਿਚ ਤਾਂ ਲਿਆ ਜਾਵੇ ਜੀ।

ਮੰਤਰੀ : ਇਹ ਵੇਖ ਲੈਂਦੇ ਹਾਂ ਅਤੇ ਅਸੀਂ ਕੋਈ ਨਜਾਇਜ਼ ਕਬਜ਼ਾ ਨਹੀਂ ਹੋਣ ਦਿਆਂਗੇ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ.....

ਮਾਨਯੋਗ ਸਪੀਕਰ : ਕੰਗ ਸਾਹਿਬ, ਆਪਣਾ ਇਸ ਸਵਾਲ ਨਾਲ ਕੋਈ ਸਬੰਧ ਤਾਂ ਹੈ ਨਹੀਂ।

ਸਰਦਾਰ ਜਗਮੋਹਨ ਸਿੰਘ ਕੰਗ : ਸਰ, ਇਸ ਨਾਲ ਰੈਲੇਵੈਂਟ ਹੈ। ਮੇਰਾ ਸਵਾਲ ਕਲਚਰਲ ਅਫੇਅਰਜ਼ ਮਹਿਕਮੇ ਨਾਲ ਸਬੰਧਿਤ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਚਮਕੌਰ ਸਾਹਿਬ ਵਿਖੇ ਥੀਮ ਪਾਰਕ ਬਣਾਉਣ..

ਮਾਨਯੋਗ ਸਪੀਕਰ : ਨਹੀਂ ਜੀ, ਤੁਸੀਂ ਸੈਪਰੇਟ ਕੁਐਸਚਨ ਦਿਉ। ਹਾਂ ਜੀ, ਕਾਲੀਆ ਜੀ।

ਸ਼੍ਰੀ ਮਨੋਰੰਜਨ ਕਾਲੀਆ : ਸਪੀਕਰ ਸਾਹਿਬ, ਹੁਣੇ ਮੰਤਰੀ ਜੀ ਨੇ ਦੱਸਿਆ ਹੈ ਕਿ ਇਸ ਕਿਲ੍ਹੇ ਵਿੱਚ ਕੋਈ ਪ੍ਰਾਈਵੇਟ ਬੰਦਾ ਫੈਕਟਰੀ ਚਲਾ ਰਿਹਾ ਹੈ ਅਤੇ ਉਸ ਨੇ ਕਿਲ੍ਹੇ ਵਿੱਚ ਰਿਪੇਅਰ ਕਰ ਦਿੱਤੀ ਹੈ। ਸਪੀਕਰ ਸਾਹਿਬ, ਜਿਹੜਾ ਪ੍ਰੋਟੈਕਟਿਡ ਮਾਨੂਮੈਂਟ ਹੁੰਦਾ ਹੈ, ਕੋਈ ਬੰਦਾ ਉਸ ਉਤੇ ਰਿਪੇਅਰ ਨਹੀਂ ਕਰ ਸਕਦਾ, ਕੋਈ ਬੰਦਾ ਉਸ ਇਮਾਰਤ ਨਾਲ ਛੇੜ-ਛਾੜ ਨਹੀਂ ਕਰ ਸਕਦਾ। ਇਹ ਓਫੈਂਸ ਹੈ। ਇਸ ਲਈ ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕੋਈ ਕਾਨੂੰਨੀ ਕਾਰਵਾਈ ਕਰਨਗੇ ਕਿਉਂਕਿ ਪ੍ਰੋਟੈਕਟਿਡ ਮਾਨੂਮੈਂਟ ਉਤੇ ਕੋਈ ਵੀ ਕਬਜ਼ਾ ਨਹੀਂ ਕਰ ਸਕਦਾ। ਸਿਰਫ਼ ਇਕੋਲੋਜੀਕਲ ਡਿਪਾਰਟਮੈਂਟ ਹੀ ਉਸ ਦੀ ਸਾਂਭ-ਸੰਭਾਲ ਜਾਂ ਰਿਪੇਅਰ ਵਗੈਰਾ ਕਰ ਸਕਦਾ ਹੈ, ਜੋ ਉਸ ਮਾਨੂਮੈਂਟ ਨੂੰ ਉਸ ਦੀ ਪੁਰਾਣੀ ਕੰਡੀਸ਼ਨ ਵਿੱਚ ਰਿਸਟੋਰ ਕਰਨ ਲਈ ਹੁੰਦਾ ਹੈ। ਸੋ, ਕੀ ਮੰਤਰੀ ਜੀ ਇਸ ਬਾਰੇ ਕੋਈ ਉਚਿਤ ਕਾਰਵਾਈ ਕਰਨਗੇ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਇਹੋ ਬੇਨਤੀ ਕੀਤੀ ਹੈ ਕਿ ਪਹਿਲਾਂ ਉਥੇ ਕੋਈ ਇੰਡਸਟਰੀ ਵਗੈਰਾ ਚਲਦੀ ਸੀ। ਮਿਤੀ 20.12.13 ਨੂੰ ਇਹ ਸਮਾਰਕ ਸੁਰੱਖਿਅਤ ਘੋਸ਼ਿਤ ਕੀਤਾ ਗਿਆ ਹੈ। ਉਸ ਤੋਂ ਬਾਅਦ ਉਥੇ

ਕੋਈ ਇੰਡਸਟਰੀ ਨਹੀਂ ਚਲ ਰਹੀ, ਉਨ੍ਹਾਂ ਦੀ ਮਸ਼ੀਨਰੀ ਵੀ ਕਬਜ਼ੇ ਵਿੱਚ ਪਈ ਹੈ। ਫਿਰ ਵੀ ਜੇਕਰ ਕੋਈ ਕਬਜ਼ਾ ਵਗੈਰਾ ਹੈ ਤਾਂ ਉਸ ਨੂੰ ਵੇਖ ਕੇ ਉਠਾ ਦਿਆਂਗੇ।

ਮਾਨਯੋਗ ਸਪੀਕਰ : ਅਗਲਾ ਪ੍ਰਸ਼ਨ, ਰਾਜ ਕੁਮਾਰ ਵੇਰਕਾ ਜੀ।

ਸਰਦਾਰ ਸਿਮਰਜੀਤ ਸਿੰਘ ਬੈਂਸ : ਸਪੀਕਰ ਸਾਹਿਬ, ਸਾਨੂੰ ਟਾਈਮ ਦਿਉ।....(ਵਿਘਨ)

ਮਾਨਯੋਗ ਸਪੀਕਰ : ਬੈਂਸ ਸਾਹਿਬ, ਤੁਸੀਂ ਹੱਥ ਖੜ੍ਹਾ ਹੀ ਨਹੀਂ ਕੀਤਾ, ਮੈਂ ਤੁਹਾਡੇ ਵੱਲ ਦੋ-ਤਿੰਨ ਵਾਰੀ ਵੇਖਿਆ ਹੈ ਪਰ ਤੁਸੀਂ ਉੱਠੇ ਹੀ ਨਹੀਂ।

ਸਰਦਾਰ ਸਿਮਰਜੀਤ ਸਿੰਘ ਬੈਂਸ : ਤੁਸੀਂ ** ** ** ਕਰ ਰਹੇ ਹੋ (ਵਿਘਨ)

(ਇਸ ਸਮੇਂ ਸਰਦਾਰ ਸਿਮਰਜੀਤ ਸਿੰਘ ਬੈਂਸ ਆਪਣੀ ਸੀਟ ਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

ਮਾਨਯੋਗ ਸਪੀਕਰ : ਤੁਸੀਂ ਜੇ ਉੱਠਦੇ ਹੀ ਨਹੀਂ ਹੋ ਤਾਂ ਮੈਂ ਕੀ ਕਰ ਸਕਦਾ ਹਾਂ। ** ** ਐਕਸਪੰਜ ਕਰ ਦਿਉ। (ਵਿਘਨ)

(ਇਸ ਸਮੇਂ ਸਰਦਾਰ ਸਿਮਰਜੀਤ ਸਿੰਘ ਬੈਂਸ ਬਿਨਾ ਇਜਾਜ਼ਤ ਆਪਣੀ ਸੀਟ ਤੇ ਖੜ੍ਹੇ ਬੋਲ ਰਹੇ ਸਨ ਅਤੇ ਬੋਲਦੇ ਬੋਲਦੇ ਹੇਠਾਂ ਜ਼ਮੀਨ ਤੇ ਬੈਠ ਗਏ।)

ਮਾਨਯੋਗ ਸਪੀਕਰ : ਅਗਲਾ ਪ੍ਰਸ਼ਨ, ਡਾਕਟਰ ਰਾਜ ਕੁਮਾਰ ਵੇਰਕਾ ਜੀ।

ਸਰਦਾਰ ਸਿਮਰਜੀਤ ਸਿੰਘ ਬੈਂਸ : ** **

ਮਾਨਯੋਗ ਸਪੀਕਰ : ਇਹ ਐਕਸਪੰਜ ਕਰ ਦੇਣਾ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਤੁਸੀਂ ਹਾਊਸ ਦੇ ਕਸਟੋਡੀਅਨ ਹੋ।

ਸਰਦਾਰ ਸਿਮਰਜੀਤ ਸਿੰਘ ਬੈਂਸ : ** **

ਸ਼੍ਰੀ ਸੁਨੀਲ ਜਾਖੜ : ** ** ** **

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ

** Expunged/Not recorded as ordered by the Chair.

ਸਮੂਹ ਮੈਂਬਰ ਸਾਹਿਬਾਨ ਅਤੇ ਟਰੈਜ਼ਰੀ ਬੈਂਚਿਜ਼ ਵੱਲੋਂ ਕਈ ਮੈਂਬਰ ਸਾਹਿਬਾਨ ਤੇ ਅਜ਼ਾਦ ਮੈਂਬਰ ਸਰਦਾਰ ਸਿਮਰਜੀਤ ਸਿੰਘ ਬੈਂਸ ਤੇ ਸਰਦਾਰ ਬਲਵਿੰਦਰ ਸਿੰਘ ਬੈਂਸ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਸਦਨ ਵਿਚ ਬਹੁਤ ਸ਼ੋਰ ਸੀ।)

ਸਰਦਾਰ ਸਿਮਰਜੀਤ ਸਿੰਘ ਬੈਂਸ : ** **

ਮਾਨਯੋਗ ਸਪੀਕਰ : ਇਹ ਐਕਸਪੰਜ ਕਰ ਦੇਣਾ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਤੁਸੀਂ ਬਹੁਤ ਵੱਡੀ ਪੁਜ਼ੀਸ਼ਨ ਵਿਚ ਬੈਠੇ ਹੋ....(ਵਿਘਨ ਸ਼ੋਰ)

ਮਾਨਯੋਗ ਸਪੀਕਰ : ਜੇ ਕੋਈ ਕੁਐਸਚਨ ਕਰਨ ਲਈ ਖੜ੍ਹਾ ਹੀ ਨਾ ਹੋਵੇ ਤਾਂ ਮੈਂ ਕੀ ਕਰ ਸਕਦਾ ਹਾਂ। (ਵਿਘਨ ਸ਼ੋਰ) ਮੈਂ ਇਨ੍ਹਾਂ ਵੱਲ ਦੋ-ਤਿੰਨ ਵਾਰੀ ਵੇਖਿਆ ਹੈ ਪਰ ਇਹ ਖੜ੍ਹੇ ਨਹੀਂ ਹੋਏ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ** **

ਮਾਨਯੋਗ ਸਪੀਕਰ : ਨਹੀਂ ਅਜਿਹੀ ਗੱਲ ਨਹੀਂ, ਮੈਂ ਤਾਂ ਦੋ-ਤਿੰਨ ਵਾਰੀ ਸੋਚਿਆ ਕਿ ਉਹ ਖੜ੍ਹੇ ਹੋਣਗੇ ਪਰ ਜੇ ਕੋਈ ਖੜ੍ਹਾ ਹੀ ਨਾ ਹੋਵੇ ਤਾਂ ਮੈਂ ਕੀ ਕਰਾਂ। (ਵਿਘਨ ਸ਼ੋਰ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ** **

ਮਾਲ ਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ** **

ਮਾਨਯੋਗ ਸਪੀਕਰ : ਮੈਂ ਕਿਹਾ ਜੀ ਕਿ ਇਹ ਐਕਸਪੰਜ ਕਰਵਾ ਦਿੱਤਾ ਹੈ। Nothing should be recorded. ਕੋਈ ਵੀ ਚੀਜ਼ ਰਿਕਾਰਡ ਨਾ ਕੀਤੀ ਜਾਵੇ। ਜੇਕਰ ਕੋਈ ਖੜ੍ਹਾ ਹੀ ਨਾ ਹੋਵੇ ਤਾਂ ਮੈਂ ਕੀ ਕਰ ਸਕਦਾ ਹਾਂ।(ਵਿਘਨ, ਸ਼ੋਰ)

ਮਾਲ ਤੇ ਮੁੜ ਵਸੇਬਾ ਮੰਤਰੀ : ** ** ** **

ਮਾਨਯੋਗ ਸਪੀਕਰ : ਇਹ ਐਕਸਪੰਜ ਕਰ ਦੇਣਾ। ਬੈਂਸ ਸਾਹਿਬ, ਮੈਂ ਤਿੰਨ ਵਾਰ ਤੁਹਾਡੇ ਵੱਲ ਦੇਖਿਆ ਪਰ ਤੁਸੀਂ ਖੜ੍ਹੇ ਹੀ ਨਹੀਂ ਹੋਏ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ

** Expunged not recorded as ordered by the Chair.

ਸਮੂਹ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਸਨ। ਅਜ਼ਾਦ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ, ਸਰਦਾਰ ਸਿਮਰਜੀਤ ਸਿੰਘ ਬੈਂਸ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ। ਉਹ ** ** ਲਫ਼ਜ਼ ਐਕਸਪੰਜ ਕਰਨ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ : ਮੈਂ ਇਹ ਲਫ਼ਜ਼ ਐਕਸਪੰਜ ਕਰ ਦਿੱਤਾ ਹੋਇਆ ਹੈ। You are repeating. ਵੈਸੇ ਮੈਂ ਇਹ ਐਕਸਪੰਜ ਕਰਵਾ ਦਿੱਤਾ ਹੈ। (ਵਿਘਨ, ਸ਼ੋਰ) ਜਿਹੜਾ ਕੋਈ ਇਹੋ ਜਿਹਾ ਲਫ਼ਜ਼ ਬੋਲਿਆ ਗਿਆ ਹੈ, ਮੈਂ ਉਹ ਸਾਰਾ ਐਕਸਪੰਜ ਕਰਵਾ ਦਿੱਤਾ ਹੈ। (ਵਿਘਨ, ਸ਼ੋਰ) ਮੇਰੇ ਪੁੱਛੇ ਬਗੈਰ ਜਿਹੜਾ ਵੀ ਕਿਸੇ ਨੇ ਬੋਲਿਆ ਹੈ, ਉਹ ਸਾਰਾ ਐਕਸਪੰਜਡ ਹੈ। Please go to your seats and sit down.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਸਨ। ਅਜ਼ਾਦ ਮੈਂਬਰ ਸਰਦਾਰ ਸਿਮਰਜੀਤ ਸਿੰਘ ਬੈਂਸ, ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਰਦਾਰ ਚਰਨਜੀਤ ਸਿੰਘ ਚੰਨੀ ** ** ਨਾਅਰੇ ਲਗਾਉਂਦੇ ਹੋਏ ਵੈੱਲ ਆਫ਼ ਦਿ ਹਾਊਸ ਵਿੱਚ ਆ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

ਸਰਦਾਰ ਸਿਮਰਜੀਤ ਸਿੰਘ ਬੈਂਸ : ਸਪੀਕਰ ਸਾਹਿਬ, ਤੁਸੀਂ ਤਾਂ ਸਾਡੇ ਵੱਲ ਮੂੰਹ ਹੀ ਨਹੀਂ ਕਰਦੇ।

ਮਾਨਯੋਗ ਸਪੀਕਰ : ਤੁਸੀਂ ਆਪ ਹੀ ਖੜ੍ਹੇ ਨਹੀਂ ਹੋਏ, ਮੈਂ ਕੀ ਕਰ ਸਕਦਾ ਹਾਂ। (ਵਿਘਨ, ਸ਼ੋਰ) ਤੁਹਾਨੂੰ ਕਦੋਂ ਟਾਈਮ ਨਹੀਂ ਦਿੱਤਾ? ਹਾਲੇ ਪਰਸੋਂ ਹੀ ਤੁਹਾਨੂੰ ਕਿੰਨਾ ਟਾਈਮ ਦਿੱਤਾ ਹੈ। ਦੋ ਤੋਂ ਵੱਧ ਸਪਲੀਮੈਂਟਰੀਜ਼ ਨਹੀਂ ਮਿਲਦੀਆਂ?....(ਵਿਘਨ, ਸ਼ੋਰ) ਸਾਰਾ ਐਕਸਪੰਜ ਤਾਂ ਕਰ ਦਿੱਤਾ ਹੈ, ਹੋਰ ਮੈਂ ਕੀ ਕਰ ਸਕਦਾ ਹਾਂ। ਮੈਂ ਸਾਰਾ ਐਕਸਪੰਜ ਕਰ ਦਿੱਤਾ ਹੈ, ਕੀ ਮੈਂ ਤੁਹਾਡੇ ਆਰਡਰ ਨਾਲ ਐਕਸਪੰਜ ਕਰਨਾ ਹੈ? ਉਹ ਪਹਿਲਾਂ ਹੀ ਐਕਸਪੰਜ ਕਰਾ ਦਿੱਤਾ ਗਿਆ ਹੈ।

ਮਾਲ ਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ): ਜਦੋਂ ਸੀ.ਐਮ. ਸਾਹਿਬ ਨੂੰ ਬੋਲਿਆ ਗਿਆ ਉਦੋਂ ਤਾਂ ਇਹ ਬੜੇ ਖੁਸ਼ ਸਨ, ਇਹ ਮੋਫ਼ਰ ਸਾਹਿਬ ਵੀ ਖੁਸ਼ ਸਨ ਅਤੇ ਹੁਣ ਵੀ ਹੱਸ ਰਹੇ ਹਨ।

** Expunged as ordered by the Chair.

Mr. Speaker : Please sit down. ਬੈਂਸ ਜੀ, ਮੈਂ ਦੋ-ਤਿੰਨ ਵਾਰ ਤੁਹਾਡੇ ਵੱਲ ਦੇਖਿਆ ਸੀ ਪਰ ਤੁਸੀਂ ਖੜ੍ਹੇ ਹੀ ਨਹੀਂ ਹੋਏ। Please go to your seats now.

DHARNA

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਅਜ਼ਾਦ ਮੈਂਬਰ ਸਰਦਾਰ ਸਿਮਰਜੀਤ ਸਿੰਘ ਬੈਂਸ ਅਤੇ ਸਰਦਾਰ ਬਲਵਿੰਦਰ ਸਿੰਘ ਬੈਂਸ ਮਾਨਯੋਗ ਸਪੀਕਰ ਵੱਲੋਂ ਸਪਲੀਮੈਂਟਰੀ ਅਲਾਓ ਨਾ ਕਰਨ ਦੇ ਰੋਸ ਵਜੋਂ ਵੈੱਲ ਆਫ਼ ਦਿ ਹਾਊਸ ਵਿੱਚ ਧਰਨੇ ਤੇ ਬੈਠ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

Mr. Speaker : Nothing should be recorded. Please go to your seats.

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਸਪੀਕਰ ਸਾਹਿਬ, ਪਰਸੋਂ ਬਹੁਤ ਵਧੀਆ ਕੁਐਸਚਨ ਆਵਰ ਚੱਲਿਆ ਹੈ।

ਮਾਲ ਤੇ ਮੁੜ ਵਸੇਬਾ ਮੰਤਰੀ : ** ** **

Mr. Speaker : Nothing should be recorded.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਅਜ਼ਾਦ ਮੈਂਬਰ ਸਰਦਾਰ ਸਿਮਰਜੀਤ ਸਿੰਘ ਬੈਂਸ ਵੈੱਲ ਆਫ਼ ਦਿ ਹਾਊਸ ਵਿੱਚ ਧਰਨੇ ਤੇ ਬੈਠੇ ਸਨ ਜਦ ਕਿ ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਰਦਾਰ ਚਰਨਜੀਤ ਸਿੰਘ ਚੰਨੀ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ।ਸਦਨ ਵਿੱਚ ਬਹੁਤ ਸ਼ੋਰ ਸੀ।)

** Not recorded as ordered by the Chair.

ਮਾਨਯੋਗ ਸਪੀਕਰ : ਕੁਝ ਵੀ ਰਿਕਾਰਡ ਨਹੀਂ ਕਰਨਾ।

ਸੰਸਦੀ ਮਾਮਲੇ ਮੰਤਰੀ : ਚਲੋ, ਹੁਣ ਮੰਨ ਜਾਵੋ ਅਤੇ ਬੈਠ ਜਾਉ। Speaker Sahib, please ask them to take their seats.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਰਦਾਰ ਚਰਨਜੀਤ ਸਿੰਘ ਚੰਨੀ, ਅਜ਼ਾਦ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਬਿਨਾ ਇਜਾਜ਼ਤ ਤੋਂ ਬੋਲ ਰਹੇ ਸਨ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ ਵੈੱਲ ਆਫ਼ ਦਿ ਹਾਊਸ ਵਿੱਚ ਧਰਨੇ ਤੇ ਬੈਠੇ ** ** ਨਾਅਰੇ ਲਗਾ ਰਹੇ ਸਨ। ਇੰਡੀਅਨ ਨੈਸ਼ਨਲ ਕਾਂਗਰਸ ਦੇ ਕੁਝ ਮੈਂਬਰਜ਼ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

Mr. Speaker : Please go to your seats. ਤੁਹਾਡਾ ਪੁਆਇੰਟ ਆ ਗਿਆ ਹੈ, ਇਸ ਕਰਕੇ ਆਪਣੀਆਂ ਸੀਟਾਂ ਤੇ ਚਲੇ ਜਾਵੋ। ਤੁਹਾਡੇ ਮੈਂਬਰਾਂ ਦੇ ਇੰਪਾਰਟੈਂਟ ਕੁਐਸਚਨਜ਼ ਹਨ।(ਵਿਘਨ)(ਸ਼ੋਰ) ਉਨ੍ਹਾਂ ਨੇ ਕੋਈ ਅਜਿਹੀ ਗੱਲ ਕਹੀ ਹੀ ਨਹੀਂ ਜਿਸ ਤੇ ਮੈਂ ਆਬਜੈਕਸ਼ਨ ਲਗਾਵਾਂ। (ਵਿਘਨ)(ਸ਼ੋਰ) ਉਹ ਐਕਸਪੰਜ ਕਰ ਦਿੱਤਾ ਹੈ।(ਵਿਘਨ)(ਸ਼ੋਰ)

ਸੰਸਦੀ ਮਾਮਲੇ ਮੰਤਰੀ : ਉਹ ਤਾਂ ਨਾਲੇ ਐਗਜ਼ਾਂਪਲ ਸੀ। (ਵਿਘਨ)

ਮਾਨਯੋਗ ਸਪੀਕਰ : ਚੰਨੀ ਸਾਹਿਬ, ਤੁਹਾਡੀ ਸਿਫ਼ਾਰਸ਼ ਦੀ ਲੋੜ ਨਹੀਂ ਹੈ। ਮੈਂ ਆਲਰੈਡੀ ਐਕਸਪੰਜ ਕਰਵਾ ਦਿੱਤਾ ਹੈ। (ਵਿਘਨ)(ਸ਼ੋਰ) ਮੈਂ ਹੋਰ ਕੀ ਕਰ ਸਕਦਾ ਹਾਂ? What more I can do?

ਮਾਲ ਤੇ ਮੁੜ ਵਸੇਬਾ ਮੰਤਰੀ : ਉਦੋਂ ਤਾਂ ਸਾਰੇ ਖੁਸ਼ ਸੀ। (ਵਿਘਨ) ਕੋਈ ਕਹਿੰਦਾ ਸੀ ਕਿ ਮੈਨੂੰ ਪੋਤਾ ਆਖ, ਕੋਈ ਕਹਿੰਦਾ ਸੀ ਮੈਨੂੰ ਦਾਦਾ ਆਖ, ਕੋਈ ਕਹਿੰਦਾ ਸੀ ਮੈਨੂੰ ਬਾਪੂ ਆਖ....(ਵਿਘਨ)

ਮਾਨਯੋਗ ਸਪੀਕਰ : ਮਜੀਠੀਆ ਜੀ, ਹੁਣ ਤੁਸੀਂ ਵੀ ਬੈਠ ਜਾਵੋ। Please sit down. (Interruptions) Please go to your seats. ਤੁਹਾਡੇ ਦੋ ਇੰਪਾਰਟੈਂਟ ਕੁਐਸਚਨ ਹਨ।

** Expunged/Not recorded as ordered by the Chair.

WALK-OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਸਮੂਹ ਮੈਂਬਰ ਅਤੇ ਅਜ਼ਾਦ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ ਸਪਲੀਮੈਂਟਰੀਜ਼ ਅਲਾਓ ਨਾ ਕਰਨ ਦੇ ਵਿਰੋਧ ਵਿੱਚ ਰੋਸ ਵਜੋਂ ** ** ਨਾਅਰੇ ਮਾਰਦੇ ਹੋਏ ਵੈੱਲ ਆਫ਼ ਦਿ ਹਾਊਸ ਵਿਚੋਂ ਅਫ਼ਸਰ ਗੈਲਰੀ ਦੇ ਅੱਗਿਓਂ ਲੰਘਦੇ ਹੋਏ ਵਾਕ ਆਊਟ ਕਰ ਗਏ।)

STARRED QUESTIONS AND ANSWERS *(Resumption)*

ਮਾਨਯੋਗ ਸਪੀਕਰ : ਸ਼੍ਰੀ ਰਾਜ ਕੁਮਾਰ ਵੇਰਕਾ ਜੀ। ਨਹੀਂ ਜੀ। ਅਗਲਾ ਪ੍ਰਸ਼ਨ, ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ ਜੀ। ਇਹ ਵੀ ਐਬਸੈਂਟ ਹਨ।

ਨਿਸ਼ਾਨ ਵਾਲੇ ਪ੍ਰਸ਼ਨ ਨੰ: 1913 ਅਤੇ 1879

(ਸਬੰਧਿਤ ਮੈਂਬਰ ਸਾਹਿਬਾਨ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ।)

MATTERS RAISED DURING ZERO HOUR AND STATEMENTS BY THE CHIEF MINISTER/ MINISTER THEREON

ਮਾਨਯੋਗ ਸਪੀਕਰ : ਪ੍ਰਸ਼ਨ ਖਤਮ ਹੁੰਦੇ ਹਨ। ਹੁਣ ਏਜੰਡੇ ਦੀ ਅਗਲੀ ਆਈਟਮ ਲਵਾਂਗੇ।

ਸ਼੍ਰੀ ਮਨੋਰੰਜਨ ਕਾਲੀਆ : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੁਆਰਾ ਹਾਊਸ ਦਾ ਧਿਆਨ ਅਤੇ ਖਾਸ ਕਰਕੇ ਮੁੱਖ ਮੰਤਰੀ ਜੀ ਦਾ ਧਿਆਨ ਇਸ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਜਲੰਧਰ ਕੈਂਟ ਵਿੱਚ ਹਾਲੇ ਵੀ ਲੋਕ ਓਕਟ੍ਰਾਇ ਪੇਅ ਕਰ ਰਹੇ ਹਨ ਜਦੋਂ ਕਿ ਪੂਰੇ ਪੰਜਾਬ ਵਿੱਚ ਇਹ ਮੁਆਫ਼ ਹੈ। ਪਿਛਲੇ ਸਮੇਂ ਵਿੱਚ ਮਾਨਯੋਗ ਮੁੱਖ ਮੰਤਰੀ ਜੀ ਨੇ ਇਹ ਘੋਸ਼ਣਾ ਕੀਤੀ ਸੀ ਕਿ ਅਸੀਂ ਜਲੰਧਰ ਕੈਂਟ ਮਿਉਂਸਪਲ ਕਮੇਟੀ ਨੂੰ ਰਿਇੰਬਰਸਮੈਂਟ ਕਰਾਂਗੇ ਲੇਕਿਨ ਕੋਈ ਅੜਚਨ ਹੈ ਜਾਂ ਕੋਈ ਹੋਰ ਕਾਰਨ ਹੈ, ਘੋਸ਼ਣਾ ਹੋਣ ਦੇ ਬਾਵਜੂਦ ਹਾਲੇ ਤੱਕ

** Not recorded as ordered by the Chair.

ਇਹ ਹੁਕਮ ਇੰਪਲੀਮੈਂਟ ਨਹੀਂ ਹੋਇਆ। ਮੈਂ ਤੁਹਾਡੇ ਦੁਆਰਾ ਮਾਨਯੋਗ ਮੁੱਖ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਜਿਹੜੀ ਘੋਸ਼ਣਾ ਕੀਤੀ ਸੀ, ਉਸ ਨੂੰ ਜਲਦੀ ਤੋਂ ਜਲਦੀ ਇੰਪਲੀਮੈਂਟ ਕਰਵਾ ਦਿੱਤਾ ਜਾਵੇ ਜੀ। ਧੰਨਵਾਦ।

ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ (ਸਰਦਾਰ ਵਿਰਸਾ ਸਿੰਘ ਵਲਟੋਹਾ): ਸਪੀਕਰ ਸਾਹਿਬ, ਪਿਛਲੀ ਵਾਰੀ ਜਦੋਂ ਸਾਰੇ ਮੈਂਬਰ ਸਾਹਿਬਾਨ ਦੀਆਂ ਤਨਖਾਹਾਂ ਵਧਾਉਣ ਸਬੰਧੀ ਬਿਲ ਪਾਸ ਕੀਤਾ ਸੀ, ਉਸ ਵਿੱਚ ਦੋ ਲੱਖ ਰੁਪਿਆ.....(ਵਿਘਨ)

ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ : ਸਪੀਕਰ ਸਾਹਿਬ, ਮੇਰਾ ਕੁਐਸਚਨ ਸੀ......

ਮਾਨਯੋਗ ਸਪੀਕਰ : ਮੈਂ ਤੁਹਾਡਾ ਨਾਮ ਬੋਲ ਚੁੱਕਾ ਹਾਂ ਪਰ ਤੁਸੀਂ ਆਪ ਸੈਰ ਕਰਨ ਚਲੇ ਗਏ। ਮੈਂ ਕੀ ਕਰਦਾ ? ਉਹ ਟਾਈਮ ਹੁਣ ਲੰਘ ਗਿਆ ਹੈ, ਗੱਡੀ ਲੰਘ ਗਈ ਹੈ।

ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ : ਸਪੀਕਰ ਸਾਹਿਬ, ਬੇਨਤੀ ਹੈ ਜੀ....

ਮਾਨਯੋਗ ਸਪੀਕਰ : ਮੈਂ ਤਾਂ ਅਵਾਜ਼ਾਂ ਮਾਰਦਾ ਸੀ। ਮੈਂ ਦੋ ਵਾਰ ਤੁਹਾਡਾ ਨਾਮ ਵੀ ਬੋਲਿਆ ਸੀ ਪਰ ਤੁਸੀਂ ਆਪ ਹੀ ਇੱਥੇ ਨਹੀਂ ਸੀ। ਤੁਸੀਂ ਨਹੀਂ ਆਏ ਤਾਂ ਮੈਂ ਕੀ ਕਰਦਾ। ਹੁਣ ਮੈਂ ਅਗਲੀ ਆਈਟਮ ਲੈ ਲਈ ਹੈ।

ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ : ਸਪੀਕਰ ਸਾਹਿਬ, ਪਿੱਛੇ ਜਿਹੇ ਜਦੋਂ ਮੈਂਬਰ ਸਾਹਿਬਾਨ ਦੀਆਂ ਤਨਖਾਹਾਂ ਵਧਾਈਆਂ ਗਈਆਂ ਸਨ, ਉਸ ਵਿੱਚ ਟਰੈਵਲਿੰਗ ਵਾਸਤੇ ਦੋ ਲੱਖ ਰੁਪਿਆ ਸਾਲਾਨਾ ਦਿੱਤਾ ਗਿਆ ਸੀ, ਮੈਂਬਰ ਸਾਹਿਬਾਨ ਨੂੰ ਇਹ ਮਿਲਦਾ ਵੀ ਹੈ ਪਰੰਤੂ ਸੀ.ਪੀ.ਐਸ., ਮਨਿਸਟਰ ਸਾਹਿਬਾਨ ਅਤੇ ਵਿਰੋਧੀ ਧਿਰ ਦੇ ਨੇਤਾ ਨੂੰ ਸਰਕਾਰੀ ਮੁਲਾਜ਼ਮਾਂ ਨਾਲ ਜੋੜ ਦਿੱਤਾ ਗਿਆ ਹੈ। ਜਦੋਂ ਕਿ ਸੈਲਫ ਸਰਟੀਫਿਕੇਸ਼ਨ ਦੇ ਅਧਾਰ ਤੇ ਉਸਦੀ ਰੀਇੰਬਰਸਮੈਂਟ ਹੋਣੀ ਸੀ, ਸੋ ਮੇਰੀ ਬੇਨਤੀ ਹੈ ਕਿ ਇਸ ਨੂੰ ਸਹੀ ਕਰਵਾਇਆ ਜਾਵੇ। ਸਪੀਕਰ ਸਾਹਿਬ, ਇਸ ਤੋਂ ਵੱਡਾ ਧੱਕਾ ਸਾਡੇ ਨਾਲ ਹੋਰ ਕੀ ਹੋ ਸਕਦਾ ਹੈ। ਅਸੀਂ ਹੀ ਇਹ ਐਕਟ ਜਾਂ ਕਾਨੂੰਨ ਬਣਾਉਂਦੇ ਹਾਂ ਅਤੇ ਸਾਡਾ ਬਣਾਇਆ ਐਕਟ ਜਾਂ ਕਾਨੂੰਨ ਅਫ਼ਸਰਾਂ ਨੇ ਗਲਤ ਤਰੀਕੇ ਨਾਲ ਲਾਗੂ ਕੀਤਾ ਹੈ। ਇਸ ਨੂੰ ਸਹੀ ਕਰਵਾਇਆ ਜਾਵੇ।

ਮਾਨਯੋਗ ਸਪੀਕਰ : ਇਹ ਤਾਂ ਸਰਕਾਰ ਨੇ ਕਰਨਾ ਹੈ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ : ਸਪੀਕਰ ਸਾਹਿਬ, ਅਸੀਂ ਤੁਹਾਡੇ ਰਾਹੀਂ ਬੇਨਤੀ ਤਾਂ ਕਰ ਸਕਦੇ ਹਾਂ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਮੇਰੇ ਨੋਟਿਸ ਵਿਚ ਵੀ ਇਹ ਗੱਲ ਆਈ ਸੀ। ਸਾਡੇ ਵਲੋਂ ਕੋਈ ਰੁਕਾਵਟ ਨਹੀਂ ਹੈ। ਤੁਸੀਂ ਐਨਟਾਈਟਲਡ ਹੋ, ਤੁਹਾਨੂੰ ਮਿਲਣਗੇ, ਪਰ ਮੇਰੇ ਧਿਆਨ ਵਿਚ ਹੈ ਕਿ ਤੁਹਾਨੂੰ ਨਹੀਂ ਮਿਲ ਰਿਹਾ। ਇਨ੍ਹਾਂ ਦੀ ਮੰਗ ਜਾਇਜ਼ ਹੈ। ਇਸ ਨੂੰ ਇੰਪਲੀਮੈਂਟ ਕਰਨਾ ਬਣਦਾ ਹੈ। ਅਸੀਂ ਇਸ ਨੂੰ ਦੋ ਲੱਖ ਰੁਪਏ ਤੋਂ ਵਧਾਉਣ ਦੀ ਤਜਵੀਜ਼ ਵੀ ਕਰ ਰਹੇ ਹਾਂ। ਇਸ ਦੀ ਅਮੈਂਡਮੈਂਟ ਕਰਕੇ ਇਹ ਮਿਲਣਾ ਚਾਹੀਦਾ ਹੈ।

ਸਰਦਾਰ ਲਾਲ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਦਾ ਧਿਆਨ ਪੰਜਾਬ ਦੇ ਅੰਦਰ ਬੀੜਾਂ ਵੱਲ ਦਿਵਾਉਣਾ ਚਾਹੁੰਦਾ ਹਾਂ। ਅੱਜ ਬੀੜਾਂ ਅੰਦਰ ਸੈਂਕੜੇ ਜਾਨਵਰ ਹੋ ਗਏ ਹਨ ਪਰੰਤੂ ਜਾਨਵਰ ਮਾਰਨ ਦੀ ਮਨਾਹੀ ਹੈ ਅਤੇ ਜੇਕਰ ਕੋਈ ਅਜਿਹਾ ਕਰਦਾ ਹੈ ਤਾਂ ਉਸ ਵਾਸਤੇ ਸਜ਼ਾ ਵੀ ਰੱਖੀ ਹੋਈ ਹੈ ਪਰ ਜਿਹੜੇ ਕਿਸਾਨਾਂ ਦੇ ਖੇਤ ਇਨ੍ਹਾਂ ਬੀੜਾਂ ਨਾਲ ਲਗਦੇ ਹਨ, ਉਹ ਵਿਚਾਰੇ ਸਾਰੀ ਸਾਰੀ ਰਾਤ ਖੇਤਾਂ ਦੀ ਰਾਖੀ ਕਰਦੇ ਹਨ।

ਇਕ ਅਵਾਜ਼ : ਅੱਜ ਇਸ ਤੇ ਮਤਾ ਵੀ ਹੈ।

ਸਰਦਾਰ ਲਾਲ ਸਿੰਘ : ਮੈਨੂੰ ਗੱਲ ਤਾਂ ਕਰ ਲੈਣ ਦਿਓ। ਸਪੀਕਰ ਸਾਹਿਬ, ਸਾਰੇ ਕਿਸਾਨਾਂ ਦੇ ਹਿਤਾਂ ਵਾਸਤੇ ਮੇਰੀ ਇਹ ਪੁਰਜ਼ੋਰ ਬੇਨਤੀ ਹੈ ਕਿ ਉਹ ਸਾਰੀ ਸਾਰੀ ਰਾਤ ਖੇਤਾਂ ਵਿਚ ਬੈਠ ਕੇ ਰਾਖੀ ਕਰਦੇ ਹਨ। ਉਹ ਜਾਨਵਰਾਂ ਨੂੰ ਮਾਰ ਨਹੀਂ ਸਕਦੇ ਅਤੇ ਜਾਨਵਰਾਂ ਨੂੰ ਰੋਕਣ ਦਾ ਉਨ੍ਹਾਂ ਕੋਲ ਹੋਰ ਕੋਈ ਚਾਰਾ ਨਹੀਂ ਹੈ। ਉਨ੍ਹਾਂ ਬੀੜਾਂ ਦੇ ਆਲੇ-ਦੁਆਲੇ ਕਈ ਜਗ੍ਹਾ ਤੇ ਤਾਰ ਲੱਗੀ ਹੈ ਅਤੇ ਕਈ ਜਗ੍ਹਾ ਤੇ ਨਹੀਂ ਲੱਗੀ। ਸੋ, ਮੇਰੀ ਬੇਨਤੀ ਹੈ ਕਿ ਜੇਕਰ ਇਹ ਤਾਰ ਲੱਗ ਜਾਵੇ ਤਾਂ ਕਿਸਾਨਾਂ ਦੇ ਖੇਤ ਬਚ ਸਕਦੇ ਹਨ। ਇਸ ਦਾ ਸਰਵੇ ਕਰਵਾ ਕੇ ਕੋਈ ਹੱਲ ਕੱਢਿਆ ਜਾਣਾ ਚਾਹੀਦਾ ਹੈ। ਇਹ ਕਿਸਾਨਾਂ ਵਾਸਤੇ ਬੜਾ ਭਲੇ ਦਾ ਕੰਮ ਹੋਵੇਗਾ। ਤੁਸੀਂ ਕਿਸਾਨਾਂ ਦੇ ਹੱਕਾਂ ਦੀ ਗੱਲ ਕਰਦੇ ਹੋ, ਤੁਸੀਂ ਦਾਅਵਾ ਕਰਦੇ ਹੋ

ਕਿ ਤੁਸੀਂ ਕਿਸਾਨਾਂ ਦੇ ਹਿਤੈਸ਼ੀ ਹੋ। ਸੋ, ਕਿਸਾਨਾਂ ਦੀਆਂ ਫ਼ਸਲਾਂ ਦੀ ਰਖਵਾਲੀ ਦਾ ਇਹ ਬਹੁਤ ਅਹਿਮ ਮੁੱਦਾ ਹੈ।

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਵਿਚ ਗੱਲ ਕਰਨ ਦਾ ਮੌਕਾ ਦਿੱਤਾ ਹੈ। ਵੈਸੇ ਤਾਂ ਤੁਸੀਂ ਸਾਡੇ ਲਗਭਗ ਸਾਰੇ ਹੀ ਕੁਐਸਚਨ ਐਕਸਟੈਂਡ ਕਰ ਦਿੱਤੇ ਹਨ। ਮੇਰੀ ਕਾਲ ਅਟੈਂਸ਼ਨ ਵੀ ਰੱਦ ਕਰ ਦਿੱਤੀ ਹੈ।

ਮਾਨਯੋਗ ਸਪੀਕਰ : ਮੰਗਲਵਾਰ ਨੂੰ ਤੁਹਾਡੀ ਕਾਲ ਅਟੈਂਸ਼ਨ ਦਾ ਜਵਾਬ ਮਿਲ ਜਾਵੇਗਾ।

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਅੱਜ ਤੱਕ ਸਦਨ ਵਿਚ ਬਹੁਤ ਸੀਮਤ ਸ਼ਬਦਾਂ ਵਿਚ ਔਰ to the point ਬੋਲਿਆ ਹਾਂ। ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਇਸ ਗੱਲ ਤੇ ਜ਼ਰੂਰ ਗੌਰ ਕਰਿਓ ਕਿਉਂਕਿ ਤੁਹਾਨੂੰ ਸਿਆਸਤ ਦਾ ਬਹੁਤ ਤਜਰਬਾ ਹੈ। ਤੁਸੀਂ ਲੋਕ ਸਭਾ ਦੇ ਡਿਪਟੀ ਸਪੀਕਰ ਵੀ ਰਹੇ ਹੋ ਪਰ ਤੁਹਾਡੀ ਹਾਜ਼ਰੀ ਵਿਚ ਸਦਨ ਵਿਚ ਜਿਹੜੀ ਪਿਰਤ ਪੈ ਰਹੀ ਹੈ, ਉਹ ਬਹੁਤ ਮਾੜੀ ਪੈ ਰਹੀ ਹੈ। ਜੇਕਰ ਹਿੰਦੁਸਤਾਨ ਵਿਚ ਕਿਸੇ ਨੂੰ ਸਿਆਸਤ ਦਾ ਤਜਰਬਾ ਸਭ ਤੋਂ ਜ਼ਿਆਦਾ ਹੈ ਤਾਂ ਉਹ ਸਾਡੇ ਸੀ.ਐਮ. ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੂੰ ਹੈ। ਮੈਂ ਇਨ੍ਹਾਂ ਦਾ ਬਹੁਤ ਸਤਿਕਾਰ ਕਰਦਾ ਹਾਂ। ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਅੱਜ ਜੋ ਪਰੰਪਰਾ ਅਤੇ ਪਿਰਤਾਂ ਅਸੀਂ ਆਪਣੇ ਬੱਚਿਆਂ ਵਾਸਤੇ ਛੱਡ ਕੇ ਜਾ ਰਹੇ ਹਾਂ ਉਹ ਬੜੀਆਂ ਖ਼ਤਰਨਾਕ ਅਤੇ ਖ਼ੌਫਨਾਕ ਹਨ.....

ਮਾਨਯੋਗ ਸਪੀਕਰ : ਕੁਝ ਕਹੋ ਵੀ।

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਹਾਂ ਕਿ ਅਸੀਂ ਅਜਿਹੀਆਂ ਰਵਾਇਤਾਂ ਪੈਦਾ ਕਰ ਰਹੇ ਹਾਂ ਕਿ ਸਾਨੂੰ ਸਵੇਰ ਦੀ ਜ਼ਿੰਦਗੀ ਦਾ ਵੀ ਨਹੀਂ ਪਤਾ ਕਿ ਕੱਲ੍ਹ ਨੂੰ ਅਸੀਂ ਉੱਠਣਾ ਹੈ ਜਾਂ ਨਹੀਂ। ਰਾਜਨੀਤਿਕ ਜਾਂ ਸਿਆਸੀ ਵਿਅਕਤੀ ਲਈ ਸੰਸਦ ਸਭ ਤੋਂ ਵੱਡਾ ਮੱਕਾ ਹੈ। ਵਿਧਾਨ ਸਭਾ ਹਲਕਾ ਇਕ ਐਮ.ਐਲ.ਏ. ਲਈ ਹੈ ਪਰ ਜਿਹੜੀਆਂ ਅਸੀਂ ਹਲਕਾ ਇੰਚਾਰਜਾਂ ਦੀਆਂ ਪਿਰਤਾਂ ਸ਼ੁਰੂ ਕੀਤੀਆਂ ਹਨ, ਇਹ ਮਾੜੀ ਪਿਰਤ ਹੈ। ਕੱਲ ਨੂੰ ਤੁਸੀਂ ਵੀ ਇਧਰਲੇ ਪਾਸੇ ਬੈਠ ਸਕਦੇ ਹੋ। ਮੈਂ ਕਹਿਣਾ ਚਾਹਾਂਗਾ ਕਿ ਇਸ ਰਵਾਇਤ ਰਾਹੀਂ ਡੈਮੋਕ੍ਰੇਸੀ ਦਾ ਸ਼ਰੇਆਮ ਘਾਣ ਕੀਤਾ ਜਾ ਰਿਹਾ ਹੈ।

[ਸਰਦਾਰ ਰਣਦੀਪ ਸਿੰਘ]

ਇਸ ਨੂੰ ਰੋਕਣਾ ਸਾਡਾ ਫਰਜ਼ ਬਣਦਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਤੋਂ ਅਪੇਕਸ਼ਾ ਕਰਦਾ ਹਾਂ ਕਿਉਂਕਿ ਤੁਹਾਨੂੰ ਵੀ ਸਿਆਸਤ ਦਾ ਬਹੁਤ ਤਜਰਬਾ ਹੈ ਅਤੇ ਸੀ.ਐਮ. ਸਾਹਿਬ ਨੂੰ ਵੀ ਸਭ ਤੋਂ ਵੱਧ ਤਜਰਬਾ ਹੈ। ਹਿੰਦੁਸਤਾਨ ਵਿੱਚ ਇਹ ਪਹਿਲੇ ਹਨ ਜਿਹੜੇ ਪੰਜ ਵਾਰ ਮੁੱਖ ਮੰਤਰੀ ਬਣੇ ਹਨ। ਅੱਜ ਸਾਡੇ ਸਦਨ ਦੀ ਅਤੇ ਸਾਡੇ ਭਵਿੱਖ ਦੀ ਤੌਹੀਨ ਹੋ ਰਹੀ ਹੈ। ਇਸ ਤੇ ਜ਼ਰੂਰ ਸੀ.ਐਮ. ਸਾਹਿਬ ਸਟੇਟਮੈਂਟ ਦੇਣ ਅਤੇ ਇਨ੍ਹਾਂ ਹਲਕਾ ਇੰਚਾਰਜਾਂ ਦੀ ਰਵਾਇਤ ਚਾਹੇ ਕਿਸੇ ਨੇ ਵੀ ਸ਼ੁਰੂ ਕੀਤੀ ਹੈ, ਇਸ ਨੂੰ ਬੰਦ ਕਰਨਾ ਚਾਹੀਦਾ ਹੈ। ਸਾਡੇ ਸਮਾਜ ਨੂੰ ਠੇਸ ਨਾ ਪਹੁੰਚੇ ਅਤੇ ਵਿਸ਼ੇਸ਼ ਤੌਰ ਤੇ ਸਪੀਕਰ ਸਾਹਿਬ, ਤੁਹਾਡੀ ਹਾਜ਼ਰੀ ਵਿਚ ਸਦਨ ਨੂੰ ਕੋਈ ਠੇਸ ਨਾ ਪਹੁੰਚੇ।ਇਹ ਮੇਰੀ ਗੁਜ਼ਾਰਿਸ਼ ਹੈ। ਮੈਂ ਉਮੀਦ ਕਰਦਾ ਹਾਂ ਕਿ ਸੀ.ਐਮ. ਸਾਹਿਬ ਇਸ ਤੇ ਜ਼ਰੂਰ ਬਿਆਨ ਦੇਣਗੇ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਸਪੱਸ਼ਟ ਕਰਦਾ ਹਾਂ ਕਿ ਕੋਈ ਹਲਕਾ ਇੰਚਾਰਜ ਨਹੀਂ ਹੈ। ਇਹ ਅਹੁਦਾ ਨਾ ਸਾਡੇ ਵਿਧਾਨ ਵਿਚ ਹੈ ਅਤੇ ਨਾ ਹੀ ਲਗਾਉਣ ਸਬੰਧੀ ਸਾਡਾ ਕੋਈ ਫੈਸਲਾ ਹੈ। ਮੈਂ ਤਾਂ ਕਹਿੰਦਾ ਹਾਂ ਕਿ ਤੁਹਾਡਾ ਜਿਹੜਾ ਸੁਝਾਅ ਹੈ ਉਹ ਠੀਕ ਹੈ, ਮੈਂ ਤਾਂ ਹਾਊਸ ਵਿੱਚ ਸਟੇਟਮੈਂਟ ਦੇ ਰਿਹਾ ਹਾਂ।

ਸਰਦਾਰ ਰਣਦੀਪ ਸਿੰਘ : ਸਪੀਕਰ ਸਾਹਿਬ, ਠੀਕ ਹੈ ਜੇ ਕੋਈ ਹਲਕਾ ਇੰਚਾਰਜ ਬਣਿਆ ਹੋਇਆ ਹੈ ਤਾਂ ਉਸ ਤੇ ਕਾਰਵਾਈ ਕੀਤੀ ਜਾਵੇ।

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਦਾ ਸਤਿਕਾਰ ਕਰਦਾ ਹਾਂ ਜੋ ਇਨ੍ਹਾਂ ਨੇ ਕਿਹਾ ਹੈ ਕਿ ਵਿਧਾਨ ਵਿੱਚ ਐਸੀ ਕੋਈ ਪ੍ਰੋਵੀਜ਼ਨ ਨਹੀਂ ਹੈ ਜਿਸ ਦੇ ਰਾਹੀਂ ਕੋਈ ਹਲਕਾ ਇੰਚਾਰਜ ਲਾਇਆ ਜਾਵੇ। ਮੰਨਿਆ ਸਰਕਾਰੀ ਤੌਰ ਤੇ ਅਜਿਹੀ ਪ੍ਰੋਵੀਜ਼ਨ ਨਹੀਂ ਹੈ ਪਰੰਤੂ ਸਰਕਾਰੀ ਥਾਪੜਾ ਇਨ੍ਹਾਂ ਤੇ ਹੈ ਜਿਸ ਕਾਰਨ ਪਲਾਨਿੰਗ ਬੋਰਡ ਦੇ ਵਿੱਚ ਜਾ ਕੇ ਚੈੱਕ ਇਨ੍ਹਾਂ ਦੇ ਰਾਹੀ ਵੰਡੇ ਜਾਂਦੇ ਹਨ। ਇਥੋਂ ਤੱਕ ਕਿ 20-20 ਲੱਖ ਰੁਪਏ ਅਤੇ ਕਰੋੜ ਕਰੋੜ ਰੁਪਏ ਦੀਆਂ ਸੜਕਾਂ ਦੇ ਨੀਂਹ ਪੱਥਰ ਹਲਕਾ ਇੰਚਾਰਜ ਰੱਖਦੇ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜੇ ਹਲਕਾ ਇੰਚਾਰਜ ਨਹੀਂ ਹਨ ਤਾਂ ਜਿਨ੍ਹਾਂ ਨੇ ਨੀਂਹ ਪੱਥਰ ਰੱਖਿਆ ਹੈ, ਉਹ ਗੈਰ ਕਾਨੂੰਨੀ ਰੱਖਿਆ ਹੈ। ਕੀ ਉਨ੍ਹਾਂ ਤੇ ਕੋਈ ਕਾਰਵਾਈ ਹੋਏਗੀ, ਇਹ ਵਿਸ਼ਵਾਸ ਦਿਵਾਉਣ।

ਮਾਨਯੋਗ ਸਪੀਕਰ : ਮੁੱਖ ਮੰਤਰੀ ਜੀ ਦੀ ਸਟੇਟਮੈਂਟ ਆ ਗਈ ਹੈ। ਹਾਂ ਜੀ, ਸਰਦਾਰ ਚਰਨਜੀਤ ਸਿੰਘ ਚੰਨੀ ਜੀ।

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਸਾਹਿਬ ਜਵਾਬ ਦੇਣ। (ਵਿਘਨ)

ਮਾਨਯੋਗ ਸਪੀਕਰ : ਸਰਦਾਰ ਸਾਧੂ ਸਿੰਘ ਧਰਮਸੋਤ ਜੀ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ I can't compel the Minister to make a Statement.

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇੱਕ ਸ਼ੂਗਰ ਮਿੱਲ ਮੇਰੇ ਹਲਕੇ ਮੋਰਿੰਡਾ ਦੇ ਵਿੱਚ ਹੈ। ਇਸ ਵਿਧਾਨ ਸਭਾ ਵਿੱਚ ਭਾਵੇਂ ਗੰਨੇ ਦੀਆਂ ਪੇਮੈਂਟਾਂ ਬਾਰੇ ਕਈ ਗੱਲਾਂ ਹੋਈਆਂ ਹਨ ਲੇਕਿਨ 25.12.2014 ਤੋਂ ਗੰਨੇ ਦੀ ਪੇਮੈਂਟ ਨਹੀਂ ਹੋਈ ਹੈ। ਪਹਿਲਾਂ ਜਿਹੜੀ ਗੱਲ ਹੋਈ ਸੀ ਉਹ ਦੂਸਰੀਆਂ ਪ੍ਰਾਈਵੇਟ ਸ਼ੂਗਰ ਮਿੱਲਾਂ ਦੀ ਹੋਈ ਹੈ ਪਰ ਅਸਲੀਅਤ ਇਹ ਹੈ ਕਿ ਕਿਸਾਨ ਨੂੰ ਗੰਨੇ ਦੀ ਪੇਮੈਂਟ 25.12.2014 ਤੋਂ ਨਹੀਂ ਹੋਈ ਹੈ। ਕਿਸੇ ਕਿਸਾਨ ਨੇ ਆਪਣੀ ਕੁੜੀ ਦਾ ਵਿਆਹ ਕਰਨਾ ਹੈ, ਕਿਸੇ ਨੇ ਮੁੰਡੇ ਦੀ ਬਰਾਤ ਜਾਣਾ ਹੈ ਲੇਕਿਨ ਉਨ੍ਹਾਂ ਕੋਲ ਪੈਸੇ ਨਹੀਂ ਹਨ ਕਿਉਂਕਿ ਗੰਨੇ ਵਾਲੇ ਪੈਸੇ ਨਹੀਂ ਆਏ, ਜੋ ਕਿ ਘਰ ਵਿੱਚ ਹੀ ਆਉਣੇ ਹਨ। ਮੈਂ ਮੁੱਖ ਮੰਤਰੀ ਸਾਹਿਬ ਨੂੰ ਆਪ ਜੀ ਦੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ ਵਿਸ਼ਵਾਸ ਦਿਵਾਉਣ ਕਿ ਕਦੋਂ ਤੱਕ ਗੰਨੇ ਦੀ ਪੇਮੈਂਟ ਹੋ ਜਾਵੇਗੀ। ਬਿਨਾ ਪੇਮੈਂਟ ਦੇ ਕਿਸਾਨ ਕਿਸ ਤਰ੍ਹਾਂ ਜੀਅ ਸਕਦਾ ਹੈ। 600 ਕਰੋੜ ਰੁਪਿਆ ਰੱਖ ਦਿੱਤਾ ਲੇਕਿਨ ਗੱਲ ਕਿਸੇ ਕੰਢੇ ਨਹੀਂ ਲੱਗੀ ਕਿ ਇਹ ਕਦੋਂ ਮਿਲਣਾ ਹੈ ਤੇ ਕਦੋਂ ਨਹੀਂ ਮਿਲਣਾ ਹੈ। ਕੱਲ੍ਹ ਮੋਰਿੰਡੇ ਵਿੱਚ ਕਿਸਾਨਾਂ ਨੇ ਧਰਨਾ ਦਿੱਤਾ, ਹੁਣ ਅਸੀਂ ਧਰਨੇ ਤੇ ਜਾ ਕੇ ਕੀ ਦੱਸੀਏ ਕਿ ਤੁਹਾਡੀ ਪੇਮੈਂਟ ਕਦੋਂ ਹੋਏਗੀ?

ਮਾਨਯੋਗ ਸਪੀਕਰ : ਤੁਹਾਡਾ ਪੁਆਇੰਟ ਆ ਗਿਆ ਹੈ। ਤੁਹਾਡਾ ਪੁਆਇੰਟ ਨੋਟ ਹੋ ਗਿਆ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਕੱਲ੍ਹ ਕਾਲ ਅਟੈਂਸ਼ਨ ਮੋਸ਼ਨ ਦਿੱਤਾ ਸੀ ਪਰ ਉਸ ਨੂੰ ਤੁਸੀਂ ਅਸਵੀਕਾਰ ਕਰ ਦਿੱਤਾ, ਮੈਨੂੰ ਬੜਾ ਦੁੱਖ ਹੋਇਆ ਕਿਉਂਕਿ ਇਹ ਕਿਸਾਨਾਂ ਦਾ ਬੜਾ ਸੀਰੀਅਸ ਮੁੱਦਾ ਸੀ, ਉਨ੍ਹਾਂ ਲੋਕਾਂ ਨੇ ਸਾਲ 2001 ਤੋਂ ਲੈ ਕੇ ਸਾਲ 2015 ਤੱਕ...

ਮਾਨਯੋਗ ਸਪੀਕਰ : ਤੁਸੀਂ ਚੈਲੈਂਜ ਨਹੀਂ ਕਰ ਸਕਦੇ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, please. ਸਾਲ 2001 ਤੋਂ ਲੈ ਕੇ ਸਾਲ 2015 ਆ ਗਿਆ ਹੈ ਪਰੰਤੂ ਹਾਲੇ ਤੱਕ 102 ਏਕੜ ਜ਼ਮੀਨ ਉਨ੍ਹਾਂ ਦੀ ਫਸੀ ਪਈ ਹੈ। ਸੁਪਰੀਮ ਕੋਰਟ ਨੇ ਵੀ ਉਨ੍ਹਾਂ ਦੇ ਹੱਕ ਵਿੱਚ ਫੈਸਲਾ ਦੇ ਦਿੱਤਾ ਕਿ ਪਹਿਲੀ ਐਕੁਜ਼ੀਸ਼ਨ ਨੂੰ ਰੱਦ ਕਰਕੇ ਇਸ ਜ਼ਮੀਨ ਨੂੰ ਰੀਐਕੁਆਇਰ ਕੀਤਾ ਜਾਵੇ। ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜਾ ਨਵਾਂ ਕਾਨੂੰਨ ਆ ਰਿਹਾ ਹੈ, ਉਹ ਬੜਾ ਗਲਤ ਬਣ ਕੇ ਆ ਰਿਹਾ ਹੈ। ਇਹ ਉਨ੍ਹਾਂ ਕਿਸਾਨਾਂ ਨਾਲ ਬੜੀ ਵੱਡੀ ਬੇਇਨਸਾਫ਼ੀ ਹੋਵੇਗੀ। ਜੇਕਰ ਸੀ.ਐਮ. ਸਾਹਿਬ ਇੰਟਰਸਟ ਲੈ ਕੇ ਉਨ੍ਹਾਂ ਦਾ ਮਸਲਾ ਪਹਿਲਾਂ ਹੀ ਨਿਬੇੜ ਦੇਣ ਤਾਂ ਬਹੁਤ ਚੰਗੀ ਗੱਲ ਹੈ। ਕੀ ਸੀ.ਐਮ. ਸਾਹਿਬ ਇਸ ਤਰ੍ਹਾਂ ਕਰਨਗੇ?

Mr. Speaker : Thank you.

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਮੈਂ ਇੱਕ ਬਹੁਤ ਹੀ ਅਹਿਮ ਮਸਲੇ ਤੇ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਸਰਕਾਰ ਵੱਲੋਂ ਕੁਰਾਲੀ ਬਾਈਪਾਸ ਬਣਾਉਣ ਲਈ ਖਰੜ ਵਿਧਾਨ ਸਭਾ ਹਲਕੇ ਵਿੱਚ ਪੈਂਦੇ ਪਿੰਡ ਖਾਨਪੁਰ, ਪਡਿਆਲਾ, ਦਾਊਮਾਜਰਾ, ਸਹੌੜਾ, ਲਖਨੌਰ, ਘਟੌਰ, ਸਿੰਘਪੁਰਾ, ਗੋਂਸਲਾਂ ਧਿਆਨਪੁਰਾ, ਕੁਰਾਲੀ, ਬਾਗੋਵਾਲਾ ਅਤੇ ਤਰੇੜੀ ਆਦਿ ਵਿੱਚ ਕਿਸਾਨਾਂ ਦੀ ਜ਼ਮੀਨ ਬਹੁਤ ਹੀ ਘੱਟ ਰੇਟਾਂ ਤੇ ਐਕੁਆਇਰ ਕੀਤੀ ਜਾ ਰਹੀ ਹੈ ਜੋ ਕਿ ਨਿਯਮਾਂ ਤੇ ਸਿਧਾਂਤਾਂ ਦੇ ਖਿਲਾਫ਼ ਹੈ। ਇਸ ਨਾਲ ਇਲਾਕੇ ਦੇ ਗਰੀਬ ਕਿਸਾਨ ਸਿੱਧੇ ਤੌਰ ਤੇ ਪ੍ਰਭਾਵਿਤ ਹੁੰਦੇ ਹਨ। ਇਸ ਮੁੱਦੇ ਨੂੰ ਲੈ ਕੇ ਕਿਸਾਨਾਂ ਵਿੱਚ ਬਹੁਤ ਭਾਰੀ ਰੋਸ ਅਤੇ ਰੰਜਿਸ਼ ਹੈ। ਕੱਲ ਵੀ ਉਨ੍ਹਾਂ ਨੇ ਧਰਨਾ ਮਾਰਿਆ ਹੋਇਆ ਸੀ। ਮੇਰੀ ਸੀ.ਐਮ. ਸਾਹਿਬ ਨੂੰ ਬੇਨਤੀ ਹੈ ਕਿ ਉਹ ਐਗਜ਼ਾਮਿਨ ਕਰਕੇ ਜੋ ਰੇਟ ਬਣਦੇ ਹਨ ਉਹ ਦਿਵਾਉਣ ਦੀ ਖੇਚਲ ਕਰਨ।

Mr. Speaker : Thank you.

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਕਾਲਜ ਲੈ ਕੇ ਆਏ ਹੋ। ਜਦੋਂ ਇਹ ਅਨਾਊਂਸ ਹੋਇਆ ਤਾਂ ਡੀ.ਸੀ. ਕਪੂਰਥਲਾ ਨੂੰ ਹਦਾਇਤ ਕੀਤੀ ਗਈ ਕਿ ਇੰਸਟੀਚਿਊਟ ਵਾਸਤੇ ਜ਼ਮੀਨ ਆਈਡੈਂਟੀਫਾਈ

ਕੀਤੀ ਜਾਵੇ। ਉਨ੍ਹਾਂ ਨੇ 2-3 ਸਾਈਟਸ ਸਿਲੈਕਟ ਕੀਤੀਆਂ। ਇਹ ਪ੍ਰਾਸੈਸ ਕਿੱਥੋਂ ਤੱਕ ਪਹੁੰਚਿਆ ਇਹ ਤਾਂ ਮੈਨੂੰ ਨਹੀਂ ਪਤਾ। ਇਹ ਇੰਸਟੀਚਿਊਟ ਬਣਾਉਣ ਵਾਸਤੇ ਕਪੂਰਥਲਾ ਇਸ ਲਈ ਆਈਡੈਂਟੀਫਾਈ ਕੀਤਾ ਗਿਆ ਕਿਉਂਕਿ ਅੰਮ੍ਰਿਤਸਰ ਅਤੇ ਜਲੰਧਰ ਦਰਮਿਆਨ ਕੋਈ ਟਰੌਮਾ ਸੈਂਟਰ ਨਹੀਂ ਸੀ। ਇਸ ਜ਼ਿਲ੍ਹੇ ਨੂੰ ਕਾਫ਼ੀ ਜ਼ਿਲ੍ਹੇ ਲਗਦੇ ਹਨ ਅਤੇ ਇਹ ਤਰਨਤਾਰਨ, ਗੁਰਦਾਸਪੁਰ, ਹੁਸ਼ਿਆਰਪੁਰ, ਅੰਮ੍ਰਿਤਸਰ ਅਤੇ ਜਲੰਧਰ ਦੇ ਲਾਗੇ ਹੈ। ਬੀਬੀ ਜੀ ਦੇ ਹਲਕੇ ਵਿੱਚ ਬੜੀ ਅੱਛੀ ਸਾਈਟ ਆਈਡੈਂਟੀਫਾਈ ਕੀਤੀ ਗਈ ਲੇਕਿਨ ਉਸ ਤੋਂ ਬਾਅਦ ਅਸੀਂ ਹੁਣ ਅਖ਼ਬਾਰਾਂ ਵਿੱਚ ਪੜ੍ਹ ਰਹੇ ਹਾਂ ਕਿ ਸਾਡੇ ਸੈਂਟਰ ਦੇ ਵਜ਼ੀਰ ਬੀਬੀ ਹਰਸਿਮਰਤ ਕੌਰ ਜੀ ਕਹਿੰਦੇ ਹਨ ਕਿ ਇਸ ਇੰਸਟੀਚਿਊਟ ਨੂੰ ਬਠਿੰਡੇ ਲੈ ਜਾਣਾ ਹੈ। ਮੈਂ ਸੀ.ਐਮ. ਸਾਹਿਬ ਨੂੰ ਦਰਖ਼ਾਸਤ ਕਰਨੀ ਚਾਹੁੰਦਾ ਹਾਂ ਕਿ ਕਪੂਰਥਲਾ ਵਿਖੇ on the State Highway or National Highway ਜਿਹੜੀ ਸਾਡੀ ਸਾਈਟ ਸਿਲੈਕਟ ਕੀਤੀ ਗਈ ਹੈ, ਇਸ ਤੋਂ ਬਿਹਤਰ ਸਾਈਟ ਕੋਈ ਹੋਰ ਨਹੀਂ ਹੋ ਸਕਦੀ ਕਿਉਂਕਿ ਇਸ ਹਸਪਤਾਲ ਨੇ ਬਹੁਤ ਸਾਰੇ ਜ਼ਿਲ੍ਹਿਆਂ ਨੂੰ ਕੇਟਰ ਕਰਨਾ ਹੈ ਇਸ ਲਈ ਸੀ.ਐਮ. ਸਾਹਿਬ ਇਸ ਤੇ ਆਸ਼ਵਾਸਨ ਦੇ ਦੇਣ ਤਾਂ ਕਿ ਸਾਡੇ ਮਨਾਂ ਵਿੱਚ ਕੋਈ ਧੁੜਕੂ ਨਾ ਲੱਗਾ ਰਹੇ ਕਿ ਸਾਡਾ ਹਸਪਤਾਲ ਕਿਤੇ ਹੋਰ ਚਲਾ ਜਾਣਾ ਹੈ।

ਮਾਨਯੋਗ ਸਪੀਕਰ : ਧੰਨਵਾਦ ਜੀ।

ਸਰਦਾਰ ਹਰਦਿਆਲ ਸਿੰਘ ਕੰਬੋਜ : ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਮਾਨਯੋਗ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿੱਚ ਇੱਕ ਗੱਲ ਲਿਆਉਣੀ ਚਾਹੁੰਦਾ ਹਾਂ ਜੋ ਕਿ ਬਹੁਤ ਹੀ ਅਹਿਮ ਹੈ। ਕਸਬਾ ਮਾਣਕਪੁਰ ਦੇ ਨੇੜੇ ਪਿੰਡ ਊਰਨਾ ਪੈਂਦਾ ਹੈ। ਉਥੇ ਇੱਕ ਵਿਧਵਾ ਔਰਤ ਜਿਸ ਦੀ ਉਮਰ 60 ਸਾਲ ਹੈ, ਉਸ ਦੇ ਪਤੀ ਨੂੰ 1984 ਵਿੱਚ ਲੁਟੇਰਿਆਂ ਨੇ ਮਾਰ ਦਿੱਤਾ ਸੀ। ਉਸ ਦੇ ਤਿੰਨ ਬੱਚੇ ਹਨ ਅਤੇ ਉਹ ਤਿੰਨੇ ਹੀ ਬੈੱਡ ਤੇ ਪਏ ਹਨ। ਅਸੀਂ ਬੜੀ ਕੋਸ਼ਿਸ਼ ਕੀਤੀ ਹੈ ਤਾਂ ਕਿ ਇਲਾਕੇ ਦੀ ਸੰਗਤ ਨੂੰ ਜੋੜ ਕੇ ਉਸ ਦੀ ਮਾਲੀ ਮਦਦ ਕੀਤੀ ਜਾਵੇ। ਉਹ ਤਿੰਨੋਂ ਬੱਚੇ ਗੁਲੈਨ-ਬਰੇ ਸਿੰਡਰੋਮ (Guillain Barre syndrome) ਬਿਮਾਰੀ ਕਾਰਨ ਬਿਸਤਰੇ ਤੇ ਪਏ ਹਨ। ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਡੀ.ਸੀ. ਪਟਿਆਲਾ ਨੂੰ ਹਦਾਇਤ ਜਾਰੀ ਕਰਨ ਤਾਂ ਕਿ ਉਸ ਔਰਤ ਦੀ ਮਦਦ ਕੀਤੀ ਜਾਵੇ। ਉਹ ਔਰਤ ਲੋਕਾਂ ਦੇ ਘਰਾਂ ਵਿੱਚ ਕੰਮ ਕਾਰ ਕਰਕੇ ਆਪਣੇ ਬੱਚਿਆਂ ਦੀ ਬਿਮਾਰੀ ਦਾ ਮਾੜਾ-ਮੋਟਾ ਇਲਾਜ

ਕਰਵਾ ਰਹੀ ਹੈ। ਮੇਰੀ ਬਸ ਇਹੀ ਬੇਨਤੀ ਹੈ ਅਤੇ ਮੈਨੂੰ ਯਕੀਨ ਹੈ ਕਿ ਉਸ ਦਾ ਇਲਾਜ ਸਰਕਾਰ ਕਰਵਾ ਕੇ ਦੇਵੇਗੀ। ਬਹੁਤ ਬਹੁਤ ਧੰਨਵਾਦ।

ਮਾਨਯੋਗ ਸਪੀਕਰ : ਧੰਨਵਾਦ। ਬੀਬੀ ਹਰਚੰਦ ਕੌਰ ਜੀ।

ਸ਼੍ਰੀਮਤੀ ਹਰਚੰਦ ਕੌਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਿੱਖਿਆ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ......

ਮਾਨਯੋਗ ਸਪੀਕਰ : ਬੀਬੀ ਜੀ, ਪੁੱਛਣਾ ਨਹੀਂ, ਧਿਆਨ ਦਿਵਾਉਣਾ ਹੈ।

ਸ਼੍ਰੀਮਤੀ ਹਰਚੰਦ ਕੌਰ : ਮੁਆਫ਼ ਕਰਨਾ, ਮੈਂ ਧਿਆਨ ਦਿਵਾਉਣਾ ਚਾਹੁੰਦੀ ਹਾਂ ਕਿ ਜਿਹੜੇ ਪਿੰਡਾਂ, ਸ਼ਹਿਰਾਂ ਵਿੱਚ ਪ੍ਰਾਇਮਰੀ ਸਕੂਲ ਬਣੇ ਹੋਏ ਹਨ, ਉਨ੍ਹਾਂ ਦੇ ਬਿਜਲੀ ਦੇ ਕੁਨੈਕਸ਼ਨ ਕੱਟੇ ਜਾ ਰਹੇ ਹਨ। ਗਰਮੀਆਂ ਆ ਰਹੀਆਂ ਹਨ, ਬਿਜਲੀ ਦੇ ਕੁਨੈਕਸ਼ਨ ਕੱਟੇ ਜਾਣ ਕਾਰਨ ਉਨ੍ਹਾਂ ਦੇ ਪੱਖੇ ਵੀ ਨਹੀਂ ਚੱਲ ਸਕਦੇ। ਅਜਿਹੀ ਹਾਲਤ ਵਿੱਚ ਉਨ੍ਹਾਂ ਬੱਚਿਆਂ ਦਾ ਕੀ ਹੋਵੇਗਾ ਕਿਉਂਕਿ ਉਥੇ ਗਰੀਬ ਬੱਚੇ ਪੜ੍ਹਦੇ ਹਨ। ਅੱਤ ਦੀ ਗਰਮੀ ਵਿੱਚ ਉਹ ਪੜ੍ਹਾਈ ਵੀ ਨਹੀਂ ਕਰ ਸਕਦੇ।

ਮਾਨਯੋਗ ਸਪੀਕਰ : ਬੀਬੀ ਜੀ, ਤੁਸੀਂ ਸਰਕਾਰੀ ਸਕੂਲਾਂ ਦੀ ਗੱਲ ਕਰਦੇ ਹੋ ਕਿ ਪ੍ਰਾਈਵੇਟ ਸਕੂਲਾਂ ਦੀ?

ਸ਼੍ਰੀਮਤੀ ਹਰਚੰਦ ਕੌਰ : ਸਪੀਕਰ ਸਾਹਿਬ, ਸਰਕਾਰੀ ਪ੍ਰਾਇਮਰੀ ਸਕੂਲਾਂ ਦੀ ਗੱਲ ਹੈ। ਉਨ੍ਹਾਂ ਸਕੂਲਾਂ ਦੇ ਬਿਜਲੀ ਦੇ ਕੁਨੈਕਸ਼ਨ ਜੋੜੇ ਜਾਣ ਤਾਂ ਕਿ ਉਨ੍ਹਾਂ ਸਕੂਲਾਂ ਦੇ ਬੱਚਿਆਂ ਨੂੰ ਕੁਝ ਰਾਹਤ ਮਿਲ ਸਕੇ। ਇਸ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ।

ਮਾਨਯੋਗ ਸਪੀਕਰ : ਤੁਹਾਡਾ ਮਤਲਬ ਸਰਕਾਰੀ ਪ੍ਰਾਇਮਰੀ ਸਕੂਲਾਂ ਤੋਂ ਹੈ?

ਸ਼੍ਰੀਮਤੀ ਹਰਚੰਦ ਕੌਰ : ਹਾਂ ਜੀ। ਬੱਚਿਆਂ ਦੇ ਭਵਿੱਖ ਦਾ ਸਵਾਲ ਹੈ।

ਮਾਨਯੋਗ ਸਪੀਕਰ : ਤੁਹਾਡਾ ਪੁਆਇੰਟ ਆ ਗਿਆ ਹੈ। ਜਾਖੜ ਸਾਹਿਬ, ਤੁਸੀਂ ਦੱਸੋ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਸਮਾਂ ਦਿੱਤਾ ਹੈ। ਦੋ ਬਹੁਤ ਹੀ ਅਹਿਮ

ਮੁੱਦੇ ਹਨ ਜਿਨ੍ਹਾਂ ਵੱਲ ਮੈਂ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਅਤੇ ਮੁੱਖ ਮੰਤਰੀ ਸਾਹਿਬ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ। ਸਭ ਤੋਂ ਪਹਿਲਾਂ ਤਾਂ ਕੱਲ੍ਹ ਜਦੋਂ ਮੈਂ ਵਾਪਸ ਆਇਆ ਤਾਂ ਤੁਹਾਡਾ ਨੋਟਿਸ ਮਿਲਿਆ regarding my privilege motion. Speaker Sahib, either I have not been able to convey what I wanted to say although it is very clear what I have written but there has been some confusion. ਮੈਂ ਉਸ ਵਿੱਚ ਕੋਈ ਅਜਿਹਾ ਟੌਪਿਕ ਨਹੀਂ ਲਿਆ ਜਿਹੜਾ ਇਸ ਸਦਨ ਵਿੱਚ ਪਹਿਲਾਂ ਕਦੀ ਡਿਸਕਸ ਹੋਇਆ ਹੋਵੇ। I have not accused anybody, I have just stated mere facts ਕਿ ਇਨ੍ਹਾਂ ਨੇ, ਮਜੀਠੀਆ ਸਾਹਿਬ ਨੇ ਖੜ੍ਹੇ ਹੋ ਕੇ ਆਪਣੇ .... (ਵਿਘਨ) (ਸ਼ੋਰ)

(ਇਸ ਸਮੇਂ ਸਰਦਾਰ ਵਿਰਸਾ ਸਿੰਘ ਵਲਟੋਹਾ ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ : ਵਲਟੋਹਾ ਜੀ, ਜਾਖੜ ਜੀ ਨੇ ਪਤਾ ਨਹੀਂ ਕੀ ਕਹਿਣਾ ਹੈ। ਪਹਿਲਾਂ ਉਨ੍ਹਾਂ ਨੂੰ ਸੁਣ ਤਾਂ ਲਵੋ। ਜਾਖੜ ਜੀ, ਪਹਿਲਾਂ ਮੈਂ ਤੁਹਾਨੂੰ ਇਕ ਗੱਲ ਦੱਸ ਦਿਆਂ। ਮੇਰੇ ਕੋਲ ਦੋਨੋਂ ਮਤੇ ਆਏ ਸੀ। ਦੋਨਾਂ ਦੀ ਵਰਡਿੰਗ ਇਕੋ ਜਿਹੀ ਸੀ ਅਤੇ ਸਬਜੈਕਟ ਮੈਟਰ ਇਕੋ ਜਿਹਾ ਸੀ। ਇਸ ਕਰਕੇ ਮੈਂ ਉਹ ਦੋਨੋਂ ਮਤੇ ਰਿਜੈਕਟ ਕਰ ਦਿੱਤੇ ਹਨ। ਇਸ ਲਈ ਇਸ ਉੱਤੇ ਬੋਲਣ ਦੀ ਜ਼ਰੂਰਤ ਨਹੀਂ ਹੈ। (ਵਿਘਨ....ਸ਼ੋਰ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਤੁਸੀਂ ਇਕ ਮਿੰਟ ਮੇਰੀ ਗੱਲ ਤਾਂ ਸੁਣ ਲਵੋ।

ਮਾਨਯੋਗ ਸਪੀਕਰ : ਮੈਂ ਦੋਨਾਂ ਸਾਈਡਾਂ ਤੋਂ ਆਏ ਹੋਏ ਮਤੇ ਰਿਜੈਕਟ ਕਰ ਦਿੱਤੇ ਹਨ। ਕੀ ਤੁਸੀਂ ਉਸ ਤੋਂ ਬਿਨਾਂ ਕੋਈ ਹੋਰ ਗੱਲ ਕਰਨੀ ਹੈ?

ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ (ਸਰਦਾਰ ਵਿਰਸਾ ਸਿੰਘ ਵਲਟੋਹਾ): ** **

ਮਾਨਯੋਗ ਸਪੀਕਰ : ਤੁਸੀਂ ਮੈਨੂੰ ਸੁਣਨ ਤਾਂ ਦਿਉ। ਜੋ ਵੀ ਮੇਰੀ

** Expunged as ordered by the Chair.

ਪਰਮਿਸ਼ਨ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਉਹ ਕਾਰਵਾਈ ਵਿਚ ਨਾ ਆਵੇ। (ਵਿਘਨ...ਸ਼ੋਰ) ਮੈਂ ਪਹਿਲਾਂ ਹੀ ਰੂਲਿੰਗ ਦੇ ਚੁੱਕਾ ਹਾਂ। ਉਹ ਐਕਸਪੰਜ ਹੋ ਗਿਆ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਤੁਹਾਡੀ ਜੱਜਮੈਂਟ ਦਾ ਸਤਿਕਾਰ ਕਰਦਾ ਹਾਂ।

ਮਾਨਯੋਗ ਸਪੀਕਰ : ਹੁਣ ਉਨ੍ਹਾਂ ਮਤਿਆਂ ਉਤੇ ਬਹਿਸ ਨਹੀਂ ਹੋ ਸਕਦੀ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਉਨ੍ਹਾਂ ਉਤੇ ਬਹਿਸ ਨਹੀਂ ਕਰਦਾ। ਮੈਂ ਦੂਜੀ ਗੱਲ ਕਰਨੀ ਚਾਹੁੰਦਾ ਹਾਂ ਕਿ ਅੱਜ ਦੇ ਏਜੰਡੇ ਵਿਚ ਤਿੰਨ ਰੈਜ਼ੋਲਿਊਸ਼ਨ ਆਏ ਹਨ। ਮੇਰੀ ਰਿਕੁਐਸਟ ਹੈ ਕਿ ਇਨ੍ਹਾਂ ਵਿਚੋਂ ਪਹਿਲਾ ਰੈਜ਼ੋਲਿਊਸ਼ਨ ਅਵਾਰਾ ਪਸ਼ੂਆਂ ਦਾ ਹੈ, ਦੂਜਾ ਅਵਾਰਾ ਕੁੱਤਿਆਂ ਦਾ ਹੈ ਅਤੇ ਤੀਸਰਾ ਨਸ਼ਿਆਂ ਉੱਤੇ ਹੈ। Speaker Sahib, can we at least change the priority? ਨਸ਼ਿਆਂ ਵਾਲਾ ਪਹਿਲਾਂ ਕਰਵਾ ਦਿਉ ਕਿਉਂਕਿ ਦੂਜੇ ਦੋਵੇਂ ਮਤਿਆਂ ਵਿੱਚ ਤੁਸੀਂ ਇਸ ਨੂੰ ਟਾਕ ਆਊਟ ਕਰਵਾ ਦਿਓਗੇ।

ਮਾਨਯੋਗ ਸਪੀਕਰ : ਮੇਰੀ ਗੱਲ ਸੁਣੋ। (ਸ਼ੋਰ...ਵਿਘਨ..) ਪਹਿਲਾਂ ਮੈਨੂੰ ਗੱਲ ਤਾਂ ਕਰ ਲੈਣ ਦਿਉ। Please listen. Sit Down. ਇਹ ਮੇਰੇ ਸਮੇਂ ਦਾ ਪ੍ਰੋਸੀਜਰ ਨਹੀਂ ਹੈ। ਜਦੋਂ ਤੋਂ ਹਾਊਸ ਚਲਦਾ ਆ ਰਿਹਾ ਹੈ, ਉਦੋਂ ਤੋਂ ਹੀ ਪ੍ਰਥਾ ਚਲਦੀ ਆ ਰਹੀ ਹੈ। ਅਸੀਂ ਇਹ ਮਤੇ ਬੈਲਟ (ballot) ਦੁਆਰਾ ਕੱਢਦੇ ਹਾਂ। By ballot ਜਿਹੜੇ ਨੰਬਰ ਆ ਗਏ ਹਨ, ਉਸੇ ਕ੍ਰਮ ਅਨੁਸਾਰ ਹੀ ਇਹ ਲੱਗੇ ਹਨ। ਮੈਂ ਕੋਈ ਆਪ ਤਾਂ ਕੱਢੇ ਨਹੀਂ ਹਨ।

ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ : ** **

Mr. Speaker : Please silence. ਇਹ ਮਤੇ ਬੈਲਟ ਰਾਹੀਂ ਆਏ ਹਨ, ਕਿਸੇ ਨੇ ਕੋਈ ਹੇਰਾਫੇਰੀ ਕਰਕੇ ਨਹੀਂ ਲਿਆਂਦੇ।

Shri Sunil Jakhar : Sir, you are putting words into my mouth. ਮੈਂ ਤਾਂ ਕੋਈ ਹੇਰਾਫੇਰੀ ਵਾਲੀ ਗੱਲ ਹੀ ਨਹੀਂ ਕੀਤੀ। ਮੈਂ ਇਹ ਬੇਨਤੀ ਕੀਤੀ ਹੈ ਕਿ ਆਪਾਂ ਇਸ ਪ੍ਰਾਇਰਟੀ ਨੂੰ ਚੇਂਜ ਕਰ ਸਕਦੇ ਹਾਂ?

** Expunged as ordered by the Chair.

ਮਾਨਯੋਗ ਸਪੀਕਰ : ਨਹੀਂ ਜੀ। ਇਹ ਬੈਲਟ ਰਾਹੀਂ ਆਏ ਹਨ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਅਵਾਰਾ ਪਸ਼ੂਆਂ ਵਾਲਾ ਮਤਾ ਪਹਿਲਾਂ ਤਿੰਨ ਵਾਰ ਆ ਚੁੱਕਾ ਹੈ। ਤਿੰਨ ਵਾਰ ਮੋਫ਼ਰ ਸਾਹਿਬ ਨੇ ਇਸ ਬਾਰੇ ਡਿਸਕਸ ਕੀਤਾ ਹੈ, ਚਾਰ ਵਾਰ ਪਸ਼ੂਆਂ ਬਾਰੇ ਡਿਸਕਸ ਹੋਇਆ ਹੈ। Let the Government make a statement and finish the story.

ਮਾਨਯੋਗ ਸਪੀਕਰ : ਨਹੀਂ ਜੀ, ਇਹ ਬੈਲਟ ਰਾਹੀਂ ਕੱਢੇ ਗਏ ਹਨ।

ਸ਼੍ਰੀ ਸੁਨੀਲ ਜਾਖੜ : ** ** (ਵਿਘਨ....ਸ਼ੋਰ)

ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ : ** **

ਸ਼੍ਰੀ ਸੁਨੀਲ ਜਾਖੜ : ਵਲਟੋਹਾ ਜੀ, ਕਿਹੜੇ ਤੇ ਕਰਾਉਣਾ ਚਾਹੁੰਦੇ ਹੋ?

ਮਾਨਯੋਗ ਸਪੀਕਰ : ਵਲਟੋਹਾ ਜੀ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ।

ਸ਼੍ਰੀ ਸੁਨੀਲ ਜਾਖੜ : ਅੱਜ ਨਾਨ-ਆਫੀਸ਼ੀਅਲ ਡੇਅ ਹੈ। ਮੈਂ ਜਿਹੜੇ ਇਸ਼ੂਜ਼ ਰੇਜ਼ ਕੀਤੇ ਸੀ, ਤੁਸੀਂ ਕਹਿੰਦੇ ਸੀ ਕਿ ਨਾਨ-ਆਫੀਸ਼ੀਅਲ ਡੇਅ ਤੇ ਡਿਸਕਸ ਕਰਵਾ ਲਵਾਂਗੇ। ਤੁਸੀਂ ਡਿਸਕਸ ਨਾ ਕਰਵਾਉ। ਵਲਟੋਹਾ ਸਾਹਿਬ, ਮੈਂ ਤੁਹਾਡੇ ਮਤਲਬ ਦੀ ਗੱਲ ਕਰ ਰਿਹਾ ਹਾਂ।

ਮਾਨਯੋਗ ਸਪੀਕਰ : ਉਹ ਸਾਰਾ ਕੁਝ ਪਹਿਲਾਂ ਹੀ ਐਕਸਪੰਜ ਕਰ ਦਿੱਤਾ ਹੋਇਆ ਹੈ। ਜੋ ਵੀ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਿਆ ਜਾ ਰਿਹਾ ਹੈ, ਸਾਰਾ ਐਕਸਪੰਜ ਕਰ ਦਿੱਤਾ ਜਾਵੇ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਤੋਂ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਜਿਹੜੇ ਮੈਂ ਇਸ਼ੂਜ਼ ਰੱਖੇ ਸਨ, ਤੁਸੀਂ ਕਿਹਾ ਸੀ ਕਿ ਨਾਨ ਆਫੀਸ਼ੀਅਲ ਡੇਅ ਵਿੱਚ ਡਿਸਕਸ ਕਰਵਾ ਦਿਆਂਗੇ। (ਵਿਘਨ, ਸ਼ੋਰ)

ਮਾਨਯੋਗ ਸਪੀਕਰ : ਜਾਖੜ ਜੀ, ਮੇਰੀ ਇੱਕ ਗੱਲ ਸੁਣ ਲਓ।

** Expunged as ordered by the Chair.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਰਮਨਜੀਤ ਸਿੰਘ ਸਿੱਕੀ, ਸਰਦਾਰ ਚਰਨਜੀਤ ਸਿੰਘ ਚੰਨੀ ਅਤੇ ਸ਼੍ਰੀ ਅਸ਼ਵਨੀ ਸੇਖੜੀ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

ਮਾਨਯੋਗ ਸਪੀਕਰ : ਮੈਂ ਕਿਹਾ ਜੀ, ਬੈਠ ਜਾਓ। Please sit down ਸਰਦਾਰ ਜੀ, ਬੈਠ ਜਾਓ । (ਵਿਘਨ) Please sit down. ਮੈਂ ਕੋਈ ਗੱਲ ਕਰਨੀ ਹੈ ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਤੋਂ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ : ਬੈਠ ਜਾਓ ਜੀ। ਮੈਂ ਕੋਈ ਗੱਲ ਕਰਨੀ ਹੈ। Nothing should be recorded. (ਵਿਘਨ, ਸ਼ੋਰ) ਸਰਦਾਰ ਲਾਲ ਸਿੰਘ ਜੀ, ਤੁਸੀਂ ਤਾਂ ਬੈਠ ਜਾਓ। ਤੁਹਾਨੂੰ ਤਾਂ ਪਤਾ ਹੈ। ਜੋ ਤੁਸੀਂ ਕਹਿਣਾ ਚਾਹੁੰਦੇ ਹੋ, ਉਹ ਮੈਂ ਅਜੇ ਦੱਸਣਾ ਨਹੀਂ ਚਾਹੁੰਦਾ। ਮੇਰੀ ਬੇਨਤੀ ਹੈ please sit down. (ਵਿਘਨ, ਸ਼ੋਰ)

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਜਿਸ ਆਨਰੇਬਲ ਮੈਂਬਰ ਨੂੰ ਅਲਾਓ ਕਰਦੇ ਹੋ, ਉਸ ਦੇ ਬੋਲਣ ਤੋਂ ਇਲਾਵਾ ਹੋਰ ਮੈਂਬਰ ਨਾ ਬੋਲਣ ਅਤੇ ਦੂਜੀ ਗੱਲ, ਇਸ ਬਹਿਸ ਵਿੱਚ ਦੂਜੀ ਸਾਈਡ ਤੋਂ ਬੜੇ ਡੈਰੋਗੇਟਰੀ ਵਰਡ ਇਸਤੇਮਾਲ ਕੀਤੇ ਗਏ ਹਨ, ਮੈਂ ਕਿਸੇ ਦਾ ਨਾਂ ਨਹੀਂ ਲੈਣਾ ਚਾਹੁੰਦਾ......(ਵਿਘਨ, ਸ਼ੋਰ)

ਮਾਨਯੋਗ ਸਪੀਕਰ : ਉਹ ਸਾਰੇ ਵਰਡ ਐਕਸਪੰਜ ਕਰ ਦਿੱਤੇ ਗਏ ਹਨ। ਜਿਹੜਾ ਵੀ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਿਆ ਗਿਆ ਹੈ, ਉਹ ਸਾਰਾ ਹੀ ਐਕਸਪੰਜ ਕਰ ਦਿੱਤਾ ਹੈ।

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਇੱਕ ਆਨਰੇਬਲ ਮੈਂਬਰ ਨੇ ਬੜੇ ਅਨਪਾਰਲੀਮੈਂਟਰੀ ਅਤੇ ਡੈਰੋਗੇਟਰੀ ਲਫ਼ਜ਼ ਇਸਤੇਮਾਲ ਕੀਤੇ ਹਨ।

ਮਾਨਯੋਗ ਸਪੀਕਰ : ਉਹ ਐਕਸਪੰਜ ਕਰ ਦਿੱਤੇ ਹਨ।

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਵੈਸੇ ਇਹ ਮਾੜੀ ਗੱਲ ਹੈ।

ਮੈਂ ਨਾਂ ਨਹੀਂ ਲੈਂਦਾ ਕਿਉਂਕਿ ਨਾਂ ਲੈਣਾ ਚੰਗੀ ਗੱਲ ਨਹੀਂ ਹੈ। (ਵਿਘਨ, ਸ਼ੋਰ) ਮੈਂ ਝਗੜੇ ਨੂੰ ਵਧਾਉਣਾ ਨਹੀਂ ਚਾਹੁੰਦਾ। ਕਿਸੇ ਆਨਰੇਬਲ ਮੈਂਬਰ ਨੇ ਜੋ ਵੀ ਗੱਲ ਕਹਿਣੀ ਹੈ, ਵੈਸੇ ਤਾਂ ਸਾਰਿਆਂ ਨੇ ਕਹਿ ਲਈਆਂ ਹਨ ਪਰ ਜਾਖੜ ਸਾਹਿਬ ਅੱਜ ਆਏ ਹਨ, ਇਹ ਦੋ-ਤਿੰਨ ਦਿਨ ਬਾਹਰ ਰਹੇ ਹਨ, ਇਨ੍ਹਾਂ ਨੂੰ ਆਪਣੀ ਗੱਲ ਰੱਖਣ ਦਾ ਮੌਕਾ ਨਹੀਂ ਮਿਲਿਆ। ਇਨ੍ਹਾਂ ਦੀ ਗੱਲ ਸੁਣ ਲਓ, ਸਾਨੂੰ ਕੋਈ ਇਤਰਾਜ਼ ਨਹੀਂ ਪਰ ਇਹ ਉਹ ਗੱਲਾਂ ਰਿਪੀਟ ਨਾ ਕਰਨ ਜਿਹੜੀਆਂ ਪਹਿਲਾਂ ਹੋ ਚੁੱਕੀਆਂ ਹਨ।

ਸਰਦਾਰ ਲਾਲ ਸਿੰਘ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਹਾਊਸ ਦੀ ਕੋਈ ਮਰਿਆਦਾ ਹੈ ਅਤੇ ਉਸ ਮਰਿਆਦਾ ਨੂੰ ਕਾਇਮ ਰੱਖਣਾ ਤੁਹਾਡੀ ਜ਼ੁੰਮੇਵਾਰੀ ਹੈ। ਲੀਡਰ ਆਫ਼ ਦਿ ਆਪੋਜ਼ੀਸ਼ਨ ਖੜ੍ਹੇ ਹਨ। ਜਦੋਂ ਬਾਦਲ ਸਾਹਿਬ ਖੜ੍ਹਦੇ ਹਨ, ਅਸੀਂ ਉਨ੍ਹਾਂ ਦਾ ਸਤਿਕਾਰ ਕਰਦੇ ਹਾਂ ਤੇ ਸਾਡਾ ਫਰਜ਼ ਵੀ ਬਣਦਾ ਹੈ ਕਿ ਲੀਡਰ ਆਫ਼ ਦਿ ਹਾਊਸ ਖੜ੍ਹਾ ਹੋਵੇ, ਉਸ ਦਾ ਸਤਿਕਾਰ ਕਰੀਏ। ਅਸੀਂ ਮਰਿਆਦਾ ਨੂੰ ਕਾਇਮ ਰੱਖਦੇ ਹਾਂ ਲੇਕਿਨ ਜਦੋਂ ਸਾਡਾ ਆਪੋਜ਼ੀਸ਼ਨ ਦਾ ਲੀਡਰ ਖੜ੍ਹਾ ਹੈ, ਉਸ ਵੇਲੇ ਰੂਲਿੰਗ ਬੈਂਚਿਜ਼ ਵੱਲੋਂ ਜਿਸ ਤਰ੍ਹਾਂ ਅਵਾਜ਼ਾਂ ਆਉਂਦੀਆਂ ਹਨ, ਉਨ੍ਹਾਂ ਨੂੰ ਰੋਕਣਾ ਤੁਹਾਡਾ ਫਰਜ਼ ਹੈ। ਇਹ ਚੰਗੀ ਰਵਾਇਤ ਨਹੀਂ ਹੈ। ਇਸ ਮਰਿਆਦਾ ਨੂੰ ਤੁਹਾਨੂੰ ਕਾਇਮ ਰੱਖਣਾ ਪਵੇਗਾ। ਨਹੀਂ ਤਾਂ ਫਿਰ ਖੁੱਲ੍ਹੇਆਮ ਹੀ ਕੰਮ ਸ਼ੁਰੂ ਹੋ ਜਾਣਾ ਹੈ ਤੇ ਕੰਮ ਵਿਗੜ ਜਾਣਾ ਹੈ। ਇਸ ਕਰਕੇ, ਸਪੀਕਰ ਸਾਹਿਬ, ਮੇਰੀ ਤੁਹਾਨੂੰ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਇਸ ਹਾਊਸ ਦੀ ਮਰਿਆਦਾ ਨੂੰ ਕਾਇਮ ਰੱਖਣਾ ਤੁਹਾਡੀ ਜ਼ਿੰਮੇਵਾਰੀ ਹੈ। ਧੰਨਵਾਦ ।

ਮਾਲ ਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਸਰਦਾਰ ਲਾਲ ਸਿੰਘ ਜੀ ਸਤਿਕਾਰਯੋਗ ਹਨ। ਇਨ੍ਹਾਂ ਨੇ ਬਹੁਤ ਵਧੀਆ ਗੱਲ ਕੀਤੀ ਹੈ ਪਰ ਅੰਕਲ ਇੱਧਰ ਹੀ ਸੁਮੱਤ ਦੇਣੀ ਸ਼ੁਰੂ ਕਰ ਦਿੰਦੇ ਹਨ। ਜੋ ਪਹਿਲਾਂ ਇੱਥੇ ਪੁੱਠੀਆਂ ਸਿੱਧੀਆਂ ਗੱਲਾਂ ਮਾਰ ਕੇ ਗਿਆ ਹੈ, ਸੀ.ਐਮ. ਸਾਹਿਬ ਬਾਰੇ ਬੋਲ ਕੇ ਗਿਆ ਹੈ, ਉਹ?

(ਇਸ ਸਮੇਂ ਅਜ਼ਾਦ ਮੈਂਬਰ ਸਰਦਾਰ ਸਿਮਰਜੀਤ ਸਿੰਘ ਬੈਂਸ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

ਇਹ ਦੇਖ ਲਓ। ਕੀ ਤੁਸੀਂ ਹੁਣ ਉਸ ਦੇ ਹੱਕ ਵਿੱਚ ਬੋਲੋਗੇ? ਮੇਰੀ ਇੱਕ ਬੇਨਤੀ ਹੈ, ਜਿਸ ਦਿਨ ਇੱਥੇ ਗਵਰਨਰ ਐਡਰੈਸ ਤੇ ਡਿਸਕਸ਼ਨ ਹੋਈ। ਤੁਸੀਂ

ਰੱਬ ਨੂੰ ਜਾਨ ਦੇਣੀ ਹੈ। ਤੁਸੀਂ ਦਿਲ ਤੇ ਹੱਥ ਰੱਖ ਕੇ ਕਹਿ ਦਿਓ ਕਿ ਉਸ ਵੇਲੇ ਤੁਸੀਂ ਸਾਰੇ ਹੱਸਦੇ ਸੀ ਕਿ ਨਹੀਂ ਹੱਸਦੇ ਸੀ? ਸਾਰੇ ਖੁਸ਼ ਹੋ ਰਹੇ ਸੀ। ਕੋਈ ਬਾਪੂ ਆਖਦਾ ਸੀ, ਕੋਈ ਪੋਤਰਾ ਬਣਦਾ ਸੀ, ਕੋਈ ਕੁਝ ਕਹਿੰਦਾ ਸੀ। ਕਿਸੇ ਨੇ ਮਨ ਵਿੱਚ ਇੱਕ ਰੱਤੀ ਜਿੰਨਾ ਵੀ ਮਹਿਸੂਸ ਨਹੀਂ ਕੀਤਾ ਕਿ ਕੋਈ ਗਲਤ ਗੱਲ ਹੈ। ਹੁਣ suddenly ਅੱਜ ਜਿਸ ਤਰੀਕੇ ਨਾਲ ਉੱਠ ਕੇ ਸੀ.ਐਮ. ਸਾਹਿਬ ਬਾਰੇ ਕਹਿਣਾ ਸ਼ੁਰੂ ਹੋ ਗਏ, ਤੁਹਾਡੀ ਗੱਲ ਸਹੀ ਮੰਨ ਲਈ but it should not be selective. It should be both ways। ਜੇ ਤੁਹਾਡੀ ਸੋਚ ਇਹ ਹੈ ਤਾਂ ਫਿਰ ਸੁਮੱਤ ਦੋਵੇਂ ਪਾਸੇ ਦੇਵੋ। ਅਸੀਂ ਤੁਹਾਡੀ ਸੁਮੱਤ ਮੰਨਾਂਗੇ ਮਗਰ ਤੁਹਾਡੀ selective memory ਵਾਲੀ ਆਦਤ ਹੈ। ਜਿਹੜੀ ਗੱਲ ਭੁੱਲਣੀ ਚਾਹੁੰਦੇ ਹੋ, ਭੁੱਲ ਜਾਂਦੇ ਹੋ ਅਤੇ ਜਿਹੜੀ ਯਾਦ ਰੱਖਣੀ ਚਾਹੁੰਦੇ ਹੋ, ਯਾਦ ਰੱਖ ਲੈਂਦੇ ਹੋ, ਤਦੇ ਰੌਲਾ ਪੈ ਜਾਂਦਾ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਇਥੇ ਕੋਈ ਗੱਡੇ ਮੁਰਦੇ ਉਖਾੜਨ ਨਹੀਂ ਆਇਆ। I had my reservations about your judgement. ਜਿਵੇਂ ਕਹਿੰਦੇ ਹਨ –

तुम मुझे गिराने की जो सोचते हो,
मैं गिरा तो मसला बन के उठूंगा,
मैं नहीं कहता, जमाना कहता है।

ਇਸ ਤਰ੍ਹਾਂ ਅਵਾਜ਼ ਦਬਾਈ ਨਹੀਂ ਜਾਂਦੀ। ਸਪੀਕਰ ਸਾਹਿਬ, ਇਲਜ਼ਾਮ ਲਗਦੇ ਹਨ ਜਾਂ ਨਹੀਂ ਲਗਦੇ ਪਰ ਮੈਂ ਜਿਸ ਮਸਲੇ ਤੇ ਖੜ੍ਹਾ ਹੋਇਆ ਹਾਂ, ਬਿਲਕੁਲ to the point ਹੈ। ਮੈਂ ਇਥੇ ਹਾਜ਼ਰ ਨਹੀਂ ਸੀ, ਜਿਸ ਤਰ੍ਹਾਂ ਮਜੀਠੀਆ ਸਾਹਿਬ ਨੇ ਕਿਹਾ ਹੈ I do not want to repeat what has happened here ਪਰ ਮੈਂ ਆਨਰੇਬਲ ਸੀ.ਐਮ. ਸਾਹਿਬ ਦੇ ਬਿਆਨ ਪੜ੍ਹੇ ਹਨ। ਇਨ੍ਹਾਂ ਨੇ ਐਮ.ਐਸ.ਪੀ. ਬਾਰੇ ਗੱਲ ਕਰਦਿਆਂ ਕਿਹਾ ਹੈ ਕਿ ਅਗਰ ਐਮ.ਐਸ.ਪੀ. ਵਿਦਡ੍ਰਾਅ ਕੀਤੀ ਗਈ ਤਾਂ ਇਥੇ ਗਦਰ ਹੋ ਜਾਵੇਗਾ।

(**ਇੱਕ ਅਵਾਜ਼ :** ਸਿਵਲ ਵਾਰ)

ਇਨ੍ਹਾਂ ਨੇ ਵਰਡ ਗਦਰ ਇਸਤੇਮਾਲ ਕੀਤਾ ਹੈ, ਇੰਗਲਿਸ਼ ਅਖ਼ਬਾਰ ਵਾਲਿਆਂ ਨੇ ਉਸ ਨੂੰ ਸਿਵਲ ਵਾਰ ਲਿਖਿਆ ਹੈ। ਮੇਰੀ ਇੱਕ ਇੰਨੀ ਕੁ

ਗੁਜ਼ਾਰਿਸ਼ ਹੈ ਕਿ ਗਦਰ ਇਸ ਮਸਲੇ ਤੇ ਵੀ ਹੋ ਜਾਵੇਗਾ ਅਗਰ ਕਿਸਾਨ ਦੀ ਜ਼ਮੀਨ forcibly acquire ਕੀਤੀ ਗਈ। ਛੱਡੋ ਸਵਾਮੀਨਾਥਨ ਰਿਪੋਰਟ ਨੂੰ, ਅਗਰ ਕਿਸਾਨ ਨੂੰ ਵਾਜਬ ਕੀਮਤ ਨਾ ਮਿਲੀ ਤਾਂ ਵੀ ਗਦਰ ਹੋ ਜਾਵੇਗਾ।

ਜਦੋਂ ਆਨਰੇਬਲ ਸੀ.ਐਮ. ਸਾਹਿਬ ਦਾ ਬਿਆਨ ਆਇਆ ਤਾਂ ਨਾਲ ਹੀ ਇਨ੍ਹਾਂ ਦਾ ਇਹ ਬਿਆਨ ਵੀ ਲੱਗਿਆ ਸੀ ਕਿ ਆਨਰੇਬਲ ਪ੍ਰਧਾਨ ਮੰਤਰੀ ਸਾਹਿਬ 23 ਤਰੀਕ ਨੂੰ ਪੰਜਾਬ ਆ ਰਹੇ ਹਨ। ਸਪੀਕਰ ਸਾਹਿਬ, ਮੇਰੀ ਇਕੋ ਹੀ ਗੁਜ਼ਾਰਿਸ਼ ਹੈ, he is not only heading Akali Party, he is the Chief Minister of Punjab and more so, ਅੱਜ ਵੀ ਮੈਂ ਕਹਿੰਦਾ ਹਾਂ ਕਿ ਸਾਰੇ ਹਿੰਦੁਸਤਾਨ ਦੇ ਅੰਦਰ ਅਗਰ ਕੋਈ ਚੀਫ਼ ਮਨਿਸਟਰ ਕਿਸਾਨ ਹੈ ਤਾਂ ਉਹ ਬਾਦਲ ਸਾਹਿਬ ਹਨ। ਜਦੋਂ ਇਹ ਪ੍ਰਧਾਨ ਮੰਤਰੀ ਜੀ ਕੋਲ ਜਾ ਕੇ ਬੋਲਣਗੇ, would he have the courage to say so on the dais? ਕਿਤੇ ਇਸ ਤਰ੍ਹਾਂ ਤਾਂ ਨਹੀਂ ਕਿ ਭੂਮੀ ਅਧਿਗ੍ਰਹਿਣ ਅਮੈਂਡਮੈਂਟ ਦੇ ਖਿਲਾਫ਼ ਅਕਾਲੀ ਦਲ ਬਾਹਰ ਕੁਝ ਹੋਰ ਅਤੇ ਅੰਦਰ ਲੋਕ ਸਭਾ ਵਿੱਚ ਜਾ ਕੇ ਹੱਕ ਵਿੱਚ ਵੋਟਾਂ ਪਾ ਰਿਹਾ ਹੋਵੇ। ਕਿਸ ਤਰ੍ਹਾਂ ਕਰ ਦਿਓਗੇ? ਗਦਰ ਕਿਵੇਂ ਨਹੀਂ ਹੋਵੇਗਾ? ਸਪੀਕਰ ਸਾਹਿਬ, ਡਰੱਗਜ਼ ਦੇ ਮਸਲੇ ਤੇ ਸੀ.ਐਮ. ਸਾਹਿਬ ਨੇ ਕਹਿ ਦਿੱਤਾ ਕਿ ਮਸਲਾ ਖ਼ਤਮ ਹੋ ਗਿਆ। ਮੈਂ ਮੰਨ ਲਿਆ ਪਰ ਮੇਰੀ ਇੱਕ ਗੱਲ ਸੁਣ ਲਵੋ –

वही कातिल, वही मुनसिफ, उनकी अदालत, वही साहिल
सुनते हैं कि कुछ फैसलों में तरफदारी होती है।

ਸਪੀਕਰ ਸਾਹਿਬ, ਇਸ ਮਸਲੇ ਤੇ ਡਿਬੇਟ ਕਰਵਾ ਲਵੋ। ਅਸੀਂ ਨਾਲ ਖੜ੍ਹੇ ਹਾਂ। ਜੇ ਮੋਦੀ ਸਾਹਿਬ ਤੁਹਾਡੀ ਨਹੀਂ ਮੰਨਦੇ ਤਾਂ ਅਸੀਂ ਨਾਲ ਚੱਲਾਂਗੇ, ਤਕੜੇ ਹੋ ਕੇ ਚੱਲਾਂਗੇ। ਤੁਸੀਂ ਨਾਲ ਚੱਲੋ ਤਾਂ ਸਹੀ। 23 ਤਰੀਕ ਨੂੰ ਇਸ ਗੱਲ ਦਾ ਖੁਲਾਸਾ ਹੋਣਾ ਚਾਹੀਦਾ ਹੈ। ਤੁਸੀਂ ਕਿਹਾ ਸੀ ਕਿ ਪ੍ਰਧਾਨ ਮੰਤਰੀ ਖਟਕੜ ਕਲਾਂ ਆ ਰਹੇ ਹਨ। ਬੀ.ਜੇ.ਪੀ. ਦੇ ਬਿਆਨ ਆ ਗਏ ਕਿ ਹੁਸੈਨੀਵਾਲਾ ਚੱਲੋ। ਠੀਕ ਹੈ, ਉਥੇ ਲੈ ਜਾਓ, ਉਥੇ ਜਾ ਕੇ ਸ਼ਰਧਾਂਜਲੀ ਦਿਓ ਪਰ ਗੱਲ ਤਾਂ ਕਹੋ। ਕੀ ਸੀ.ਐਮ. ਸਾਹਿਬ ਉਥੇ ਜਾ ਕੇ ਇਹ ਕਹਿਣਗੇ ਕਿ ਸਾਡੇ ਕੁਝ ਖਦਸ਼ੇ ਹਨ। ਪੀ.ਐਮ. ਸਾਹਿਬ! ਅਸੀਂ ਇਸ ਮਸਲੇ ਤੇ ਤੁਹਾਡੇ ਖਿਲਾਫ਼ ਖੜ੍ਹੇ ਹਾਂ। ਸਪੀਕਰ ਸਾਹਿਬ, ਤੁਸੀਂ ਕਿਸਾਨਾਂ ਦਾ ਮੁੱਦਾ ਕਿਵੇਂ ਰੋਲ ਦਿਓਗੇ? ਤੁਸੀਂ ਕਹਿੰਦੇ ਹੋ ਅਵਾਰਾ ਪਸ਼ੂਆਂ ਤੇ ਗੱਲ ਕਰ ਲਈਏ। ਤੁਸੀਂ ਕਹਿੰਦੇ ਹੋ ਕੁੱਤਿਆਂ ਤੇ ਗੱਲ ਕਰ

[ਸ਼੍ਰੀ ਸੁਨੀਲ ਜਾਖੜ]

ਲਈਏ। ਕੀ ਕਿਸਾਨ ਦੀ ਗੱਲ ਨਹੀਂ ਕਰਨੀ? ਉਨ੍ਹਾਂ ਬਾਰੇ ਕਦੋਂ ਗੱਲ ਕਰੋਗੇ ਸਾਹਿਬ? ....(ਵਿਘਨ) ਚੀਮਾ ਸਾਹਿਬ, ਪਲੀਜ਼ ਹੁਣ ਤਾਂ ਗੱਲ ਸੁਣ ਲਵੋ। ...(ਵਿਘਨ)

ਮਾਨਯੋਗ ਸਪੀਕਰ : ਜਾਖੜ ਸਾਹਿਬ, ਤੁਸੀਂ ਮੇਰੀ ਗੱਲ ਸੁਣ ਲਵੋ। ਮੇਰੀ ਬੇਨਤੀ ਹੈ ਕਿ ਜਿੰਨੇ ਤੁਸੀਂ ਨਾਮ ਦਿੱਤੇ, ਤੁਹਾਡਾ ਕੋਈ ਮੈਂਬਰ ਐਸਾ ਨਹੀਂ ਜਿਹੜਾ ਗਵਰਨਰ ਐਡਰੈਸ ਦੇ ਉੱਪਰ ਨਾ ਬੋਲਿਆ ਹੋਵੇ। ਤਕਰੀਬਨ ਹਰ ਇੱਕ ਮਸਲੇ ਦੇ ਉੱਪਰ ਉਨ੍ਹਾਂ ਨੇ ਆਪਣੇ ਪੁਆਇੰਟ ਰੱਖੇ ਹਨ। ਤੁਸੀਂ ਇੱਥੇ ਨਹੀਂ ਸੀ। ...(ਵਿਘਨ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਲੈਂਡ ਐਕੁਜੀਸ਼ਨ ਬਿਲ ਬਾਰੇ ਖੁਦ ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਸਾਡੀ ਪਾਰਟੀ ਇਸ ਦੇ ਖਿਲਾਫ਼ ਹੈ.....(ਵਿਘਨ) ਸਪੀਕਰ ਸਾਹਿਬ, ਇਹ ਮਜ਼ਾਕ ਵਾਲੀ ਗੱਲ ਨਹੀਂ। ਆਪਾਂ ਮਜ਼ਾਕ ਵਿੱਚ ਲੈ ਜਾਂਦੇ ਹਾਂ। ਚੀਮਾ ਸਾਹਿਬ, ਇੱਕ ਆਦਮੀ ਦਾ ਸੂਟ ਤਾਂ ਆਕਸ਼ਨ ਵਿੱਚ ਵਿਕਦਾ ਹੈ, ਪ੍ਰਧਾਨ ਮੰਤਰੀ ਦਾ ਸੂਟ ਆਕਸ਼ਨ ਦੇ ਵਿੱਚ ਵਿਕਦਾ ਹੈ ਅਤੇ ਕਿਸਾਨ ਦੀ ਜ਼ਮੀਨ ਨੋਟੀਫਿਕੇਸ਼ਨ ਨਾਲ ਐਕੁਆਇਰ ਹੁੰਦੀ ਹੈ। ਸਪੀਕਰ ਸਾਹਿਬ, ਕੀ ਇਹ ਕਮਾਲ ਨਹੀਂ ਹੋ ਗਈ? (ਵਿਰੋਧੀ ਧਿਰ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇਸ ਦਾ ਜਵਾਬ ਦੇਣਾ ਪਵੇਗਾ....(ਵਿਘਨ)

ਮਾਨਯੋਗ ਸਪੀਕਰ : ਮੇਰੀ ਇੱਕ ਮਿੰਟ ਗੱਲ ਸੁਣ ਲਵੋ।(ਵਿਘਨ, ਸ਼ੋਰ) ਜੋ ਤੁਸੀਂ ਕਿਹਾ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਦਰਅਸਲ ਮਰਿਆਦਾ ਨਹੀਂ ਹੈ.....(ਵਿਘਨ) ਮੇਰੀ ਗੱਲ ਤਾਂ ਸੁਣ ਲਵੋ, ਮੈਂ ਕੀ ਕਹਿਣਾ ਚਾਹੁੰਦਾ ਹਾਂ....(ਵਿਘਨ) ਮੈਂ ਆਪਣੇ ਪ੍ਰਤੀ ਮਰਿਆਦਾ ਕਰ ਰਿਹਾ ਹਾਂ। ਮਰਿਆਦਾ ਇਹ ਹੈ, ਜੋ ਮੈਂ ਕਹਿਣਾ ਚਾਹੁੰਦਾ ਹਾਂ....

ਮੁੱਖ ਮੰਤਰੀ : ਸਪੀਕਰ ਸਾਹਿਬ ....

ਮਾਨਯੋਗ ਸਪੀਕਰ : ਸੀ.ਐਮ. ਸਾਹਿਬ, ਮੈਂ ਇੱਕ ਸੈਕਿੰਡ ਵਾਸਤੇ ਗੱਲ ਕਰਨੀ ਹੈ। ਜਿਹੜੀ ਬਿਜ਼ਨਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਹੁੰਦੀ ਹੈ, ਜਿੰਨੀ ਦੇਰ ਉਹ ਹਾਊਸ ਵਿੱਚ ਪੁੱਟ ਨਾ ਕਰ ਲਈ ਜਾਵੇ, ਜਿੰਨੀ ਦੇਰ ਪੇਸ਼ ਕਰਕੇ ਪਾਸ ਨਾ ਹੋ ਜਾਵੇ ਉਤਨੀ ਦੇਰ ਤੱਕ ਉਸ ਨੂੰ ਲੀਕ ਆਊਟ ਨਹੀਂ ਕੀਤਾ ਜਾ ਸਕਦਾ। ਤੁਸੀਂ ਜੋ ਗੱਲਾਂ ਹੁਣ ਕਹਿ ਰਹੇ ਹੋ, ਇਹ ਹੋ ਸਕਦਾ ਹੈ ਉਸ ਦਿਨ

ਕਮੇਟੀ ਦੀ ਮੀਟਿੰਗ ਵਿਚ ਲਿਆਈਏ। ਇਸ ਕਰਕੇ ਪਹਿਲਾਂ ਸਾਡੀ ਕਾਰਵਾਈ ਸੁਣ ਲਵੋ। ਤੁਸੀਂ ਬਜਟ ਦੇ ਉਪਰ ਬੋਲਣਾ ਹੈ ਜੋ ਮਰਜ਼ੀ ਕਹਿ ਲੈਣਾ। ਹਾਂ ਜੀ, ਬਾਦਲ ਸਾਹਿਬ ਜੀ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਮਜ਼ਮੂਨ ਵੱਡਾ ਹੈ ਲੇਕਿਨ ਮੈਂ ਸ਼ਾਰਟ ਵਿਚ ਕਹਿਣਾ ਚਾਹੁੰਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ ਗੌਰਮਿੰਟ ਨੇ ਕਿਸਾਨ ਦੀ ਲੈਂਡ ਐਕੁਜੀਸ਼ਨ ਵੇਲੇ ਦੋ ਗੱਲਾਂ ਮੁੱਖ ਰੱਖੀਆਂ ਹਨ। ਪਹਿਲੀ ਇਹ ਕਿ ਕਿਸਾਨ ਦੀ ਕੰਸੈਂਟ ਹੋਣੀ ਚਾਹੀਦੀ ਹੈ ਅਤੇ ਦੂਜਾ ਉਸ ਨੂੰ ਭਾਅ ਵਧੀਆ ਮਿਲਣਾ ਚਾਹੀਦਾ ਹੈ। ਚੌਧਰੀ ਸਾਹਿਬ, ਆਪਾਂ ਜੋ ਮਰਜ਼ੀ ਕਿਸੇ ਤੇ ਬਲੇਮ ਲਗਾ ਦੇਈਏ, ਤੁਹਾਡੇ ਵੇਲੇ ਜਦੋਂ ਕਾਂਗਰਸ ਦੀ ਸਰਕਾਰ ਸੀ, ਉਦੋਂ ਕਿਸਾਨ ਦੀ ਜ਼ਮੀਨ ਛਾਂਟ ਕੇ ਐਕੁਆਇਰ ਹੁੰਦੀ ਸੀ ਅਤੇ ਜਿਹੜੀਆਂ ਕਿਸਾਨ ਨੇ ਰਜਿਸਟਰੀਆਂ ਕਰਵਾਈਆਂ ਹਨ ਉਸ ਦੀ ਔਸਤ ਕੱਢ ਕੇ ਡੀ.ਸੀ. ਸਾਹਿਬ ਰੇਟ ਦਾ ਐਲਾਨ ਕਰਦੇ ਸਨ। ਇਸ ਤਰ੍ਹਾਂ ਤੁਹਾਡੀ ਸਰਕਾਰ ਵੇਲੇ ਕਿਸਾਨਾਂ ਦੀ ਜ਼ਮੀਨ ਕੌਡੀਆਂ ਦੇ ਭਾਅ ਗਈ ਹੈ। (ਸਰਦਾਰ ਲਾਲ ਸਿੰਘ ਵੱਲੋਂ ਵਿਘਨ) ਮੇਰੀ ਗੱਲ ਤਾਂ ਸੁਣ ਲਵੋ। ਮੈਂ ਤਾਂ ਬੋਲਦਾ ਨਹੀਂ ਹੁੰਦਾ, ਮਜਬੂਰੀ ਵਿਚ ਜਦੋਂ ਬਹੁਤ ਹੀ ਗਲਤ ਗੱਲ ਹੋਵੇ ਜਾਂ ਫਿਰ ਕੋਈ ਇਹੋ ਜਿਹੀ ਗੱਲ ਹੋਵੇ ਜਿਹੜੀ ਬਿਲਕੁਲ ਹੀ ਉਲਟ ਹੋਵੇ ਤਾਂ ਮੈਂ ਖੜ੍ਹਾ ਹੁੰਦਾ ਹਾਂ।

ਸਾਨੂੰ ਮਾਣ ਹੈ ਕਿ ਅਸੀਂ ਇਹ ਫੈਸਲਾ ਲਿਆ। ਕਿਸਾਨ ਦੀ ਜ਼ਮੀਨ ਉਸ ਪਹਿਲੇ ਤਰੀਕੇ ਨਾਲ ਐਕੁਆਇਰ ਨਹੀਂ ਹੋਵੇਗੀ, ਕਿਸਾਨ ਦੀ ਜ਼ਮੀਨ ਜਦੋਂ ਐਕੁਆਇਰ ਹੋਵੇਗੀ ਤਾਂ ਉਸ ਵਾਸਤੇ ਇਕ ਕਮੇਟੀ ਬਣੇਗੀ ਜਿਸ ਵਿਚ ਉਸ ਪਿੰਡ ਦਾ ਸਰਪੰਚ, ਬਲਾਕ ਸੰਮਤੀ ਦਾ ਚੇਅਰਮੈਨ, ਉਥੋਂ ਦਾ ਐਮ.ਐਲ.ਏ., ਉਥੋਂ ਦਾ ਐਮ.ਪੀ. ਅਤੇ ਡੀ.ਸੀ, ਸਾਰੇ ਬੈਠ ਕੇ ਭਾਅ ਮੁਕੱਰਰ ਕਰਨਗੇ ਅਤੇ ਉਹ ਭਾਅ ਕਿਹੜਾ ਹੋਵੇਗਾ, ਉਹ ਛਾਂਟ ਵੈਲਿਊ ਨਹੀਂ ਹੋਵੇਗਾ, ਮਾਰਕੀਟ ਵੈਲਿਊ ਹੋਵੇਗਾ ਅਤੇ ਇਸ ਦੇ ਉੱਤੇ 30 ਪਰਸੈਂਟ ਉਜਾੜਾ ਭੱਤਾ ਹੋਵੇਗਾ। ਮੈਨੂੰ ਇੰਨੇ ਸਾਲਾਂ ਦੇ ਵਿਚ ਕੋਈ ਇਕ ਕੇਸ ਦੱਸ ਦਿਉ ਜਿਸ ਵਿੱਚ ਕਿਸੇ ਕਿਸਾਨ ਦਾ ਕੋਈ ਇਤਰਾਜ਼ ਹੋਵੇ। ਅਸੀਂ ਤਾਂ ਕਿਸਾਨਾਂ ਦੇ ਮੁਦੱਈ ਹਾਂ, ਸਗੋਂ ਮੇਰੇ ਕੋਲ ਕਿਸਾਨ ਆਉਂਦੇ ...

ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ : ਸਪੀਕਰ ਸਾਹਿਬ...

ਮੁੱਖ ਮੰਤਰੀ : ਤੁਸੀਂ ਬੈਠ ਜਾਉ। ਮੈਨੂੰ ਆਪਣੀ ਗੱਲ ਕਰਨ ਦਿਉ।

[ਮੁੱਖ ਮੰਤਰੀ]

ਕਿਰਪਾ ਕਰਕੇ ਮੈਨੂੰ ਸੁਣ ਲਿਆ ਜਾਵੇ। ਜਿਹੜੀ ਸਕੀਮ ਹੈ ਉਸ ਬਾਰੇ ਸ਼ਾਇਦ ਤੁਹਾਨੂੰ ਵੀ ਸਾਰਾ ਪਤਾ ਨਾ ਹੋਵੇ। ਮੇਰੇ ਕੋਲ ਕਿਸਾਨ ਆਉਂਦੇ ਸੀ ਕਿ ਸਾਡੀ ਜ਼ਮੀਨ ਲੈ ਲਵੋ। ਜਿਹੜੀ ਇਨ੍ਹਾਂ ਵੇਲੇ ਮੁਕੱਰਰ ਹੁੰਦੀ ਸੀ ਅਸੀਂ ਉਸ ਦਾ ਚਾਰ ਗੁਣਾਂ ਦਿੰਦੇ ਹਾਂ। (ਰੂਲਿੰਗ ਪਾਰਟੀ ਵੱਲੋਂ ਥੰਪਿੰਗ) ਇਥੋਂ ਤੱਕ ਕਿ ਜਿਹੜੀ ਜ਼ਮੀਨ ਕਾਂਗਰਸ ਪਾਰਟੀ ਦੇ ਸਮੇਂ ਦੌਰਾਨ ਗਲਤ ਐਕੁਆਇਰ ਵੀ ਹੋ ਗਈ ਸੀ, ਤੁਸੀਂ ਜਾਣਦੇ ਹੋ ਕਿ ਬਰਨਾਲਾ ਵਿਖੇ ਅਜਿਹਾ ਹੋਇਆ ਸੀ ਅਤੇ ਉਥੇ ਗੋਲੀਆਂ ਚੱਲੀਆਂ ਸਨ। ਸਾਡੇ ਵੇਲੇ ਅਜਿਹਾ ਅੱਜ ਤੱਕ ਨਹੀਂ ਹੋਇਆ। ਸਗੋਂ ਪਹਿਲੀ ਸਰਕਾਰ ਨੇ ਜਿਨਾ ਕਿਸਾਨਾਂ ਨੂੰ ਦਿੱਤਾ ਹੋਇਆ ਹੋਵੇ ਤੇ ਕੋਈ ਦੂਜੀ ਸਰਕਾਰ ਆ ਕੇ ਉਸ ਤੋਂ ਦੁੱਗਣਾ ਦਿਵਾ ਦੇਵੇ, ਅਜਿਹਾ ਹੋਇਆ ਹੈ। (ਰੂਲਿੰਗ ਪਾਰਟੀ ਵੱਲੋਂ ਥੰਪਿੰਗ) ਸਾਨੂੰ ਮਾਣ ਹੈ ਕਿ ਅਸੀਂ ਕਿਸਾਨ ਨੂੰ ਜ਼ਮੀਨ ਦਾ ਦੁੱਗਣਾ ਭਾਅ ਦਿਵਾਇਆ ਹੈ। ਸ਼੍ਰੋਮਣੀ ਅਕਾਲੀ ਦਲ ਦਾ ਇਸ ਵਾਸਤੇ ਪੂਰਾ ਸਟੈਂਡ ਹੈ। ਇਸ ਸਬੰਧੀ ਅਸੀਂ ਕੋਰ ਕਮੇਟੀ ਵਿਚ ਵੀ ਵਾਅਦਾ ਕਰ ਦਿੱਤਾ ਹੈ ਔਰ ਸੈਂਟਰਲ ਹਾਈ ਕਮਾਂਡ ਨੂੰ ਵੀ ਦੱਸ ਦਿੱਤਾ ਹੈ। ਉਸ ਦੇ ਸਿੱਟੇ ਵੀ ਨਿਕਲੇ ਹਨ।

ਅਸੀਂ ਦੋ ਗੱਲਾਂ ਚਾਹੁੰਦੇ ਹਾਂ ਸਭ ਤੋਂ ਪਹਿਲਾਂ ਕਿਸਾਨ ਦੀ ਕੰਸੈਂਟ ਹੈ। ਜਿਹੜੀ ਲੈਂਡ ਪੂਲਿੰਗ ਤੇ ਜ਼ਮੀਨ ਲਈ ਹੈ, ਉਸ ਵਿਚ ਡਿਵੈਲਪਮੈਂਟ ਹੋਵੇਗੀ ਉਸ ਦੇ ਵਿਚ ਕਿਸਾਨ ਦਾ ਹਿੱਸਾ ਹੋਵੇਗਾ। ਇਸ ਤਰ੍ਹਾਂ ਸਾਰੇ ਕਿਸਾਨਾਂ ਨੇ ਹਜ਼ਾਰਾਂ ਏਕੜ ਜ਼ਮੀਨ ਲੈਂਡ ਪੂਲਿੰਗ ਵਿਚ ਦੇ ਦਿੱਤੀ। ਹੁਣ ਦੱਸੋ ਕਿ ਅਕਾਲੀ ਦਲ ਤਾਂ ਸਾਰਿਆਂ ਨੂੰ ਇਕ ਰਸਤਾ ਦਿਖਾਉਂਦਾ ਹੈ। ਤੁਸੀਂ ਕਹਿੰਦੇ ਹੋ ਕਿ ਅਸੀਂ ਕਿਸਾਨ ਦੇ ਹੱਕ ਵਿਚ ਬੋਲਦੇ ਨਹੀਂ ਹਾਂ। ਅਸੀਂ ਤਾਂ ਉਥੇ ਪਾਰਲੀਮੈਂਟ ਵਿਚ ਆਖਿਆ ਹੈ, ਇਥੇ ਵੀ ਆਖਿਆ ਹੈ, ਕੋਰ ਕਮੇਟੀ ਵਿਚ ਆਖਿਆ ਹੈ ਕਿ ਬਿਨਾਂ ਕੰਸੈਂਟ ਤੋਂ ਜ਼ਮੀਨ ਨਹੀਂ ਲੈਣੀ ਚਾਹੀਦੀ ਔਰ ਜ਼ਮੀਨ ਦੀ ਕੀਮਤ ਏਨੀ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਉੱਤੇ ਬੋਝ ਨਾ ਪਵੇ। (ਰੂਲਿੰਗ ਪਾਰਟੀ ਵੱਲੋਂ ਥੰਪਿੰਗ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਬਿਲਕੁਲ ਇਹ ਜਿਹੜੀ ਗੱਲ ਕਹਿ ਰਹੇ ਹਨ, ਕੰਸੈਂਟ ਮੇਨ ਇਸ਼ੂ ਹੈ ਅਤੇ ਜ਼ਿੰਮੀਦਾਰ, ਕਿਸਾਨ ਦੀ ਕੰਸੈਂਟ ਹੋਣੀ ਚਾਹੀਦੀ ਹੈ। ਸਪੀਕਰ ਸਾਹਿਬ, ਮੈਂ ਇਨ੍ਹਾਂ ਨਾਲ ਸਵਾਲ-ਜਵਾਬ ਕਰਾਂ, ਇਹ ਚੰਗਾ ਨਹੀਂ ਲਗਦਾ। ਮੇਰੀ ਗੁਜ਼ਾਰਿਸ਼ ਹੈ, ਇਸ ਉੱਤੇ ਡਿਸਕਸ਼ਨ ਕਰਵਾ ਲਵੋ। ਬਾਦਲ ਸਾਹਿਬ, ਮੈਂ ਪਹਿਲਾਂ ਵੀ ਕਿਹਾ ਸੀ ਕਿ ਜਿਥੇ ਪੰਜਾਬ ਦੇ ਹਿਤਾਂ ਦੀ ਗੱਲ ਹੈ, ਪੰਜਾਬ ਦੇ ਕਿਸਾਨ ਦੀ ਗੱਲ ਹੈ, ਗਰੀਬ ਦੀ ਗੱਲ ਹੈ, ਸਾਰਿਆਂ

ਦੀ ਸਾਂਝੀ ਗੱਲ ਹੈ ਉਨ੍ਹਾਂ ਸਾਰਿਆਂ ਵਾਸਤੇ ਕਾਂਗਰਸ ਪਾਰਟੀ ਤੁਹਾਡੇ ਨਾਲ ਚੱਲੇਗੀ ਪਰੰਤੂ ਇਹ ਕੰਸੈਂਟ ਵਿਦਡ੍ਰਾਅ ਕਰਨ ਵਾਸਤੇ ਇਨ੍ਹਾਂ ਨੇ ਵੋਟਾਂ ਪਾਈਆਂ ਹਨ। ਉਸ ਦੀ ਜਿਹੜੀ ਮੇਨ ਅਮੈਂਡਮੈਂਟ ...

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ।

ਸਰਦਾਰ ਲਾਲ ਸਿੰਘ : ਸਪੀਕਰ ਸਾਹਿਬ, ਕੀ ਅਸੀਂ ਇਨ੍ਹਾਂ ਦੇ ਬੋਲਣ ਵੇਲੇ ਪੁਆਇੰਟ ਆਫ਼ ਆਰਡਰ ਮੰਗਿਆ ਸੀ? (ਵਿਘਨ, ਸ਼ੋਰ)

ਮਾਨਯੋਗ ਸਪੀਕਰ : ਜਾਖੜ ਸਾਹਿਬ ਨੇ ਆਪਣੀ ਗੱਲ ਖ਼ਤਮ ਕਰ ਲਈ ਸੀ। (ਵਿਘਨ, ਸ਼ੋਰ)

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜਾ ਸਵਾਲ ਉਠਾਇਆ ਸੀ, ਸੀ.ਐਮ. ਸਾਹਿਬ ਨੇ ਉਸ ਦਾ ਜਵਾਬ ਦਿੱਤਾ ਅਤੇ ਬੜਾ ਰੈਲੇਵੈਂਟ ਜਵਾਬ ਦਿੱਤਾ। (ਵਿਘਨ, ਸ਼ੋਰ)

ਮਾਨਯੋਗ ਸਪੀਕਰ : ਮੰਤਰੀ ਜੀ ਦੀ ਗੱਲ ਤਾਂ ਸੁਣ ਲਈਏ।

ਸ਼੍ਰੀ ਸੁਨੀਲ ਜਾਖੜ : ਸੁਣੀ-ਸੁਣਾਈ ਹੈ ਜੀ।

ਸੰਸਦੀ ਮਾਮਲੇ ਮੰਤਰੀ : ਸੁਣੀ-ਸੁਣਾਈ ਦਾ ਕੀ ਮਤਲਬ, ਤੁਸੀਂ ਗੱਲ ਸੁਣੋ। ਸਪੀਕਰ ਸਾਹਿਬ, ਇਨ੍ਹਾਂ ਨੇ ਜ਼ੀਰੋ ਆਵਰ ਵਿੱਚ ਲੈਂਡ ਐਕੁਜ਼ੀਸ਼ਨ ਸਬੰਧੀ ਮੁੱਦਾ ਉਠਾਇਆ। ਹਾਲਾਂਕਿ ਅਸੀਂ ਉਸ ਵਿੱਚ ਕੁਝ ਨਹੀਂ ਕਰਨਾ ਕਿਉਂਕਿ ਲੋਕ ਸਭਾ ਵਿੱਚ ਇਸ ਤੇ ਡਿਬੇਟ ਹੋ ਰਹੀ ਹੈ।(ਵਿਘਨ, ਸ਼ੋਰ) ਪਹਿਲਾਂ ਮੇਰੀ ਗੱਲ ਸੁਣ ਲਓ।

ਸ਼੍ਰੀ ਸੁਨੀਲ ਜਾਖੜ : ਤੁਹਾਡੀ ਕਿਹੜੀ ਗੱਲ ਸੁਣੀਏ। ਤੁਸੀਂ ਵਾਅਦਾ ਕੀਤਾ ਸੀ।

ਸੰਸਦੀ ਮਾਮਲੇ ਮੰਤਰੀ : ਨਹੀਂ ਸੁਣਨੀ ਤਾਂ ਨਾ ਸੁਣੋ। I have all the right to speak.

Shri Sunil Jakhar : ** ** **

Mr. Speaker : Only speech of Mittal Sahib should be recorded. ਜਿਹੜਾ ਕੋਈ ਹੋਰ ਬੋਲਦਾ ਹੈ ਉਹ ਰਿਕਾਰਡ ਨਾ ਕੀਤਾ ਜਾਵੇ and please address to the Chair.

** Expunged/Not recorded as ordered by the Chair.

Parliamentary Affairs Minister : We are not holding a debate on the issue. ਸਵਾਲ ਦਾ ਜਵਾਬ ਆ ਗਿਆ ਹੈ। ਉਸ ਤੋਂ ਬਾਅਦ ਜੋ ਸਪਲੀਮੈਂਟਰੀਆਂ ਕੀਤੀਆਂ ਗਈਆਂ ਹਨ, ਉਨ੍ਹਾਂ ਦਾ ਜਵਾਬ ਨਹੀਂ ਆ ਸਕਦਾ ਕਿਉਂਕਿ ਇਨ੍ਹਾਂ ਨੇ ਇਰਰੈਲੇਵੈਂਟ ਗੱਲਾਂ ਕੀਤੀਆਂ ਹਨ। ਮੋਦੀ ਜੀ ਦਾ ਸੂਟ ਇਨ੍ਹਾਂ ਨੂੰ ਕਿਉਂ ਚੁਭਦਾ ਹੈ?(ਵਿਘਨ, ਸ਼ੋਰ)

Mr. Speaker : Zero Hour is over. Next item, ਧਿਆਨ ਦਿਵਾਊ ਨੋਟਿਸ। ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ।(ਵਿਘਨ, ਸ਼ੋਰ) ਹੁਣ ਜੇ ਤੁਹਾਡੇ ਬੰਦੇ ਹੀ ਚੁੱਪ ਨਾ ਕਰਨ ਤੇ ਮੈਂ ਕੀ ਕਰਾਂ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਹ ਇਕ ਬਹੁਤ ਹੀ ਅਹਿਮ ਮੁੱਦਾ ਹੈ ਜੋ ਕਿ ਪੰਜਾਬ ਦੀ ਅਮਨ ਅਤੇ ਸ਼ਾਂਤੀ ਨਾਲ ਸਬੰਧਤ ਹੈ। ਗਵਰਨਰ ਐਡਰੈੱਸ ਵਿੱਚ ਖੁਦ ਗੌਰਮਿੰਟ ਨੇ ਐਂਫੇਸਾਈਜ਼ ਕੀਤਾ ਹੈ that our main focus is on bhaichara ਤਾਂ ਕਿ ਪੰਜਾਬ ਵਿੱਚ ਅਮਨ ਅਤੇ ਸ਼ਾਂਤੀ ਬਣੀ ਰਹੇ। I have not stood up to inflame any communal passion ਕਿਉਂਕਿ ਪੰਜਾਬ ਅੱਜ ਬਾਰੂਦ ਦਾ ਢੇਰ ਬਣਿਆ ਹੋਇਆ ਹੈ। ਮਾੜੀ ਜਿਹੀ ਚਿੰਗਾਰੀ ਚਾਹੀਦੀ ਹੈ। ਜੇ ਕਿਸੇ ਨੇ ਕਮਿਊਨਲ ਪੈਸ਼ਨ ਦਾ ਤੜਕਾ ਲਗਾ ਦਿੱਤਾ... ਬੇਰੁਜ਼ਗਾਰੀ ਇੱਥੇ ਹੈ, ਨਸ਼ਿਆਂ ਦਾ ਕੰਮ ਇੱਥੇ ਹੈ, ਕਿਸਾਨ ਆਤਮ ਹੱਤਿਆ ਕਰ ਰਹੇ ਹਨ। ਜਿਹੜੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਉਹ ਇਹ ਹੈ ਕਿ Badal Sahib is the moderate face of Akali Dal. ਸਾਰਾ ਪੰਜਾਬ ਤੁਹਾਡੇ ਨਾਲ ਹੈ। ਕੁਝ ਰਾਜਨੀਤਿਕ ਮੱਤਭੇਦ ਹੋ ਸਕਦੇ ਹਨ ਪਰ ਅਸੀਂ ਇਨ੍ਹਾਂ ਦੀ ਇੱਜ਼ਤ ਕਰਦੇ ਹਾਂ। ਸਾਰੇ ਲੋਕ ਇਨ੍ਹਾਂ ਦੀ ਇਸ ਗੱਲੋਂ ਕਦਰ ਕਰਦੇ ਹਨ ਕਿ ਇਹ ਪੰਜਾਬ ਵਿੱਚ ਅਮਨ ਅਤੇ ਸ਼ਾਂਤੀ ਬਣਾਈ ਰੱਖਣਗੇ but the way the things are moving, ਜਿਸ ਕਿਸਮ ਦੀਆਂ ਭੜਕਾਊ ਗੱਲਾਂ ਕੀਤੀਆਂ ਜਾ ਰਹੀਆਂ ਹਨ, ਪੰਜਾਬ ਵਿੱਚ ਅਮਨ ਅਤੇ ਸ਼ਾਂਤੀ ਨੂੰ ਖ਼ਤਰਾ ਪੈਦਾ ਕਰਨ ਦੀ ਗੱਲ ਕੀਤੀ ਜਾ ਰਹੀ ਹੈ। I am going to repeat myself. ਇਸੇ ਹਾਊਸ ਵਿੱਚ ਮੈਂ ਕਿਹਾ ਸੀ –

जख्म तो हमने इन आँखों से देखे,
सुनते आये हैं कि मल्हम होता है।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਕਹਾਂਗਾ ਕਿ

ਮਲ੍ਹਮ ਲਾਉਣ ਦੀ ਕੋਸ਼ਿਸ਼ ਕਰੋ, ਇਹ ਠੀਕ ਨਹੀਂ ਹੈ। ਢੀਂਡਸਾ ਸਾਹਿਬ ਨੇ ਵੀ ਪਾਰਲੀਮੈਂਟ ਵਿੱਚ ਖੜ੍ਹੇ ਹੋ ਕੇ ਬਿਆਨ ਦੇ ਦਿੱਤਾ ਕਿ ਸਾਡਾ ਇਨ੍ਹਾਂ ਮਸਲਿਆਂ ਨਾਲ ਕੋਈ ਲੈਣਾ-ਦੇਣਾ ਨਹੀਂ। ਧਰਮ ਅਤੇ ਰਾਜਨੀਤੀ ਦਾ ਕੋਈ ਮੇਲ ਨਹੀਂ ਹੋਣਾ ਚਾਹੀਦਾ। ਜਿਸ ਕਿਸਮ ਦੇ ਬਿਆਨ ਆ ਰਹੇ ਹਨ, ਜਿਸ ਕਿਸਮ ਦੀਆਂ ਇੰਟੈਂਸ਼ਨਜ਼ ਦਿਖਾਈ ਦੇ ਰਹੀਆਂ ਹਨ, ਮਿੱਤਲ ਸਾਹਿਬ, ਤੁਹਾਡੀ ਮੇਰੇ ਨਾਲ ਬਹੁਤ ਸਾਰੀ ਨਰਾਜ਼ਗੀ ਵੀ ਹੋ ਸਕਦੀ ਹੈ ਪਰੰਤੂ ਇਸ ਮਸਲੇ ਨੂੰ ਤੁਹਾਨੂੰ ਇੱਥੇ ਕਲੀਅਰ ਕਰਨਾ ਪਵੇਗਾ।

ਮਾਨਯੋਗ ਸਪੀਕਰ : ਤੁਹਾਡਾ ਨੋਟ ਆ ਗਿਆ ਹੈ, ਹੁਣ ਹੋਰ ਗੱਲ ਕਰਨ ਦੀ ਕੋਈ ਲੋੜ ਨਹੀਂ ਹੈ।

ਸ਼੍ਰੀ ਸੁਨੀਲ ਜਾਖੜ : ਫੇਰ ਤਾਂ ਮੈਂ ਸਾਰੀਆਂ ਗੱਲਾਂ ਦੇ ਨੋਟ ਹੀ ਬਣਾ ਕੇ ਭੇਜ ਦੇਵਾਂ, ਇੱਥੇ ਗੱਲ ਹੀ ਨਾ ਕਰੀਏ। ਮੈਂ ਸੀ.ਐਮ. ਸਾਹਿਬ ਨੂੰ ਗੁਜਾਰਿਸ਼ ਕਰ ਰਿਹਾ ਹਾਂ, ਜਿਨ੍ਹਾਂ ਵੱਲ ਸਾਡੀ ਝਾਕ ਹੈ। ਉਹ ਆਸ ਇਸ ਤਰ੍ਹਾਂ ਡਾਵਾਂ-ਡੋਲ ਲੱਗ ਰਹੀ ਹੈ -

इश्क कातिल से भी और मकतूल से भी हमदर्दी
सजदा खालिक को भी और इबलिस से भी याराना
हश्र के दिन वफादारी किस से मांगोगे।

Mr. Speaker : Thank you. ਧਿਆਨ ਦਿਵਾਊ ਮਤਾ, ਅਜੀਤ ਇੰਦਰ ਸਿੰਘ ਮੋਫ਼ਰ ਜੀ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਜਿਹੜੇ ਨਾਨਕਸ਼ਾਹੀ ਕਲੰਡਰ ਨਾਲ ਰਿਲੇਟਿਡ ਮਸਲੇ ਹਨ...

Mr. Speaker : I have given sufficient time.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਨ੍ਹਾਂ ਨੂੰ ਐਸ਼ੋਰੈਂਸ ਤਾਂ ਦੇਣ ਦਿਓ।

Mr. Speaker : I can't compel him. Zero Hour is over. ਧਿਆਨ ਦਿਵਾਊ ਨੋਟਿਸ। ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਨੂੰ ਐਸ਼ੋਰੈਂਸ ਦਿਵਾਉ।

ਮਾਨਯੋਗ ਸਪੀਕਰ : ਨਹੀਂ ਜੀ, I cannot compel, I have given you enough time. ਮੈਂ ਕਿਸੇ ਨੂੰ ਕੰਪੈਲ ਨਹੀਂ ਕਰਦਾ। ਹੁਣ ਬੈਂਸ ਸਾਹਿਬ ਦੀ ਗੱਲ ਸੁਣ ਲੈਣ ਦਿਉ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਸਪੀਕਰ ਸਾਹਿਬ, ਜਾਖੜ ਸਾਹਿਬ ਨੇ ਜੋ ਗੱਲ ਕਹੀ ਹੈ, ਮੈਂ ਕਲੀਅਰ ਕਰਨਾ ਚਾਹੁੰਦਾ ਹਾਂ ਕਿ ਭਾਰਤੀ ਜਨਤਾ ਪਾਰਟੀ ਇਸ ਮੁੱਦੇ ਨਾਲ ਬਿਲਕੁਲ ਸਹਿਮਤ ਨਹੀਂ ਹੈ ਕਿ ਜਿਹੜੇ ਕਾਤਲ ਹਨ, ਉਨ੍ਹਾਂ ਦੇ ਨਾਮ ਤੇ ਕੋਈ ਯਾਦਗਾਰੀ ਕੈਲੰਡਰ ਕੱਢਿਆ ਜਾਵੇ। (ਆਪੋਜੀਸ਼ਨ ਬੈਂਚਿਜ਼ ਵਲੋਂ ਥੰਪਿੰਗ)

ਸਰਦਾਰ ਸਿਮਰਜੀਤ ਸਿੰਘ ਬੈਂਸ : ਸਪੀਕਰ ਸਾਹਿਬ....

ਮਾਨਯੋਗ ਸਪੀਕਰ : ਬੈਂਸ ਸਾਹਿਬ, ਤੁਸੀਂ ਜ਼ਰਾ ਬੈਠੋ। ਹਾਂ ਜੀ, ਸੀ.ਐਮ. ਸਾਹਿਬ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਸ ਚੇਅਰ ਤੇ ਬਹਿੰਦਾ ਹਾਂ। ਮੇਰਾ ਸਭ ਤੋਂ ਵੱਡਾ ਫਰਜ਼ ਅਮਨ-ਸ਼ਾਂਤੀ ਤੇ ਭਾਈਚਾਰਕ ਸਾਂਝ ਬਣਾਈ ਰੱਖਣਾ ਹੈ। ਭਾਵੇਂ ਕੋਈ ਕਿਸੇ ਤਰ੍ਹਾਂ ਦਾ ਬਿਆਨ ਦੇਵੇ ਜਾਂ ਲਿਖਤੀ ਰੂਪ ਵਿੱਚ ਇਸ਼ਤਿਹਾਰ ਦੇਵੇ, ਆਪਣੇ ਕਾਰਜ-ਕਾਲ ਦੇ ਸੱਤ ਸਾਲਾਂ ਵਿੱਚ ਨਾ ਤਾਂ ਮੈਂ ਕੋਈ ਇਹੋ ਜਿਹਾ ਇੰਸੀਡੈਂਟ ਹੋਣ ਦਿੱਤਾ ਹੈ ਅਤੇ ਨਾ ਹੀ ਹੋਣ ਦੇਣਾ ਹੈ। ਬਹੁਤ ਸੈਂਸੇਟਿਵ ਇਸ਼ੂਜ਼ ਆਉਂਦੇ ਹਨ। ਇੱਕ ਤੋਂ ਇੱਕ ਚੜ੍ਹਦੇ ਇਸ਼ੂਜ਼ ਆਉਂਦੇ ਹਨ ਲੇਕਿਨ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬੜੀ ਸੂਝ-ਬੂਝ ਤੇ ਸਖ਼ਤੀ ਨਾਲ ਤੁਰੰਤ ਐਕਸ਼ਨ ਲੈਂਦੀ ਹੈ। ਅਸੀਂ ਅਜੇ ਤੱਕ ਨਾ ਅਜਿਹਾ ਕੁਝ ਹੋਣ ਦਿੱਤਾ ਹੈ ਅਤੇ ਨਾ ਹੀ ਹੋਣ ਦੇਵਾਂਗੇ। ਮੈਂ ਪੰਜਾਬ ਦੇ ਲੋਕਾਂ ਨੂੰ ਐਸ਼ਿਓਰ ਕਰਾਂਗਾ ਕਿ ਪੰਜਾਬ ਵਿੱਚ ਅਮਨ ਤੇ ਸ਼ਾਂਤੀ ਹਰ ਹਾਲਤ ਵਿੱਚ ਕਾਇਮ ਰੱਖੀ ਜਾਵੇਗੀ। ਅਜਿਹੇ ਅਨਸਰਾਂ ਨੂੰ ਅਮਨ ਤੇ ਸ਼ਾਂਤੀ ਭੰਗ ਕਰਨ ਲਈ ਅਜਿਹਾ ਕੁਝ ਵੀ ਨਹੀਂ ਕਰਨ ਦਿਆਂਗਾ।(ਥੰਪਿੰਗ) ਜੇਕਰ ਮੈਂ ਬੇਵੱਸ ਹੋਵਾਂਗਾ ਤਾਂ ਮੈਂ ਸਭ ਕੁਝ ਛੱਡ ਕੇ ਘਰੇ ਚਲਾ ਜਾਵਾਂਗਾ ਪਰ ਸੂਬੇ ਦੀ ਅਮਨ-ਸ਼ਾਂਤੀ ਨਹੀਂ ਜਾਣ ਦਿੱਤੀ ਜਾਵੇਗੀ।(ਥੰਪਿੰਗ) ਚੌਧਰੀ ਸਾਹਿਬ, ਮੈਂ ਇਹ ਤੁਹਾਨੂੰ ਅਤੇ ਸਾਰੇ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਨਿਸ਼ਾਨਾ ਤੇ ਮਾਟੋ ਇਹੀ ਹੈ, ਅਮਨ-ਸ਼ਾਂਤੀ ਤੇ ਭਾਈਚਾਰਕ ਸਾਂਝ।(ਥੰਪਿੰਗ)

ਸਾਡੀ ਨਾਲਿਜ ਤੋਂ ਬਿਨਾ ਕੋਈ ਕੁਝ ਕਰਦਾ ਰਹੇ, ਸਾਡੀ ਕਿਸੇ ਨਾਲ ਕੋਈ ਸਹਿਮਤੀ ਨਹੀਂ। ਜੋ ਕੋਈ ਅਮਨ-ਸ਼ਾਂਤੀ ਤੇ ਭਾਈਚਾਰਕ ਸਾਂਝ ਦੇ ਖਿਲਾਫ਼ ਹੈ, ਅਸੀਂ ਉਸ ਦੇ ਖਿਲਾਫ਼ ਹਾਂ।

(ਇਸ ਸਮੇਂ ਅਜ਼ਾਦ ਮੈਂਬਰ ਸਰਦਾਰ ਸਿਮਰਜੀਤ ਸਿੰਘ ਬੈਂਸ ਅਤੇ ਇੰਡੀਅਨ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸਰਦਾਰ ਬਲਬੀਰ ਸਿੰਘ ਸਿੱਧੂ ਆਪਣੀਆਂ ਸੀਟਾਂ ਤੇ ਬੋਲਣ ਲਈ ਸਮਾਂ ਲੈਣ ਵਾਸਤੇ ਖੜ੍ਹੇ ਸਨ।)

ਮਾਨਯੋਗ ਸਪੀਕਰ : ਸਿੱਧੂ ਸਾਹਿਬ, ਤੁਹਾਨੂੰ ਬਹੁਤ ਟਾਈਮ ਦੇ ਦਿੱਤਾ ਹੈ। ਹੁਣ ਤੁਸੀਂ ਬੈਠ ਜਾਉ। ਨਹੀਂ ਜੀ। ਬੈਂਸ ਸਾਹਿਬ, ਤੁਸੀਂ ਕੁਝ ਹੁਣ ਕਹਿਣਾ ਹੈ?

ਸਰਦਾਰ ਸਿਮਰਜੀਤ ਸਿੰਘ ਬੈਂਸ : ਸਪੀਕਰ ਸਾਹਿਬ, ਸਮਾਂ ਦੇਣ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਮੈਂ ਤੁਹਾਡੇ ਪਾਸ ਆਪਣਾ ਇੱਕ ਰੋਸ ਦਰਜ ਕਰਵਾਉਣਾ ਚਾਹੁੰਦਾ ਹਾਂ। ** **

ਮਾਨਯੋਗ ਸਪੀਕਰ : ਨਹੀਂ ਜੀ।

ਸਰਦਾਰ ਸਿਮਰਜੀਤ ਸਿੰਘ ਬੈਂਸ : ਸਪੀਕਰ ਸਾਹਿਬ, ਤੁਸੀਂ ਪਿਛਲੀ ਵਾਰੀ ** ** ਲਫ਼ਜ਼ ਐਕਸਪੰਜ ਕਰਵਾਇਆ, ਇਹ ਸਿਰ ਮੱਥੇ ਪ੍ਰਵਾਨ ਹੈ। ** **

ਮਾਨਯੋਗ ਸਪੀਕਰ : ਤੁਸੀਂ ਕਹਿਣਾ ਕੀ ਚਾਹੁੰਦੇ ਹੋ?

ਸਰਦਾਰ ਸਿਮਰਜੀਤ ਸਿੰਘ ਬੈਂਸ : ਸਪੀਕਰ ਸਾਹਿਬ, ਸਪੀਕਰ ਦੀ ਚੇਅਰ ਦੀ ਗਰਿਮਾ ਨੂੰ ਬਹਾਲ ਰੱਖਣਾ ਤੁਹਾਡੀ ਜ਼ਿੰਮੇਵਾਰੀ ਹੈ। ਮੈਂ ਨਿਮਰਤਾ ਸਹਿਤ ਆਪ ਜੀ ਦੇ ਜ਼ਰੀਏ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ, ਜਿਹੜੇ ਪੰਜਵੀਂ ਵਾਰ ਮੁੱਖ ਮੰਤਰੀ ਬਣੇ ਹਨ, ਨੂੰ ਆਦਰ ਸਹਿਤ ਬੇਨਤੀ ਕਰਨੀ ਚਾਹੁੰਦਾ ਹਾਂ। ਪੰਜਾਬੀ ਵਿੱਚ ਇੱਕ ਬੜੀ ਮਸ਼ਹੂਰ ਗੱਲ ਹੈ ਕਿ ਜਦੋਂ ਬੰਦਾ 70 ਸਾਲ ਦਾ ਹੋ ਜਾਵੇ ਤਾਂ ਬੀਬੀਆਂ ਉਸ ਨੂੰ ਕੱਚ ਦੇ ਗਲਾਸ ਵਿੱਚ ਚਾਹ ਨਹੀਂ ਦਿੰਦੀਆਂ......

ਮਾਨਯੋਗ ਸਪੀਕਰ : ਤੁਸੀਂ ਆਪਣੀ ਗੱਲ ਕਰੋ ਜਿਹੜੀ ਕਹਿਣੀ ਚਾਹੁੰਦੇ ਹੋ।

ਸਰਦਾਰ ਸਿਮਰਜੀਤ ਸਿੰਘ ਬੈਂਸ : ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੂੰ ਪੰਜਾਬ ਦੇ ਲੋਕਾਂ ਨੇ ਪੰਜਾਬ ਦੀ ਵਾਗਡੋਰ ਸੰਭਾਲੀ ਹੈ। ** **

** Expunged as ordered by the Chair.

ਮਾਨਯੋਗ ਸਪੀਕਰ : ਬੈਂਸ ਸਾਹਿਬ, ਤੁਸੀਂ ਨੋਟਿਸ ਵਿੱਚ ਕੀ ਲਿਆਉਣਾ ਹੈ?

ਸਰਦਾਰ ਸਿਮਰਜੀਤ ਸਿੰਘ ਬੈਂਸ : ** ** (ਵਿਘਨ, ਸ਼ੋਰ)

ਮਾਨਯੋਗ ਸਪੀਕਰ : ਤੁਸੀਂ ਆਪਣਾ ਪੁਆਇੰਟ ਰੱਖੋ। (ਵਿਘਨ, ਸ਼ੋਰ)

ਸਰਦਾਰ ਸਿਮਰਜੀਤ ਸਿੰਘ ਬੈਂਸ : ਗੱਲ ਸੁਣਨ ਦਾ ਮਾਦਾ ਵੀ ਰੱਖੋ ਕਿ ਸੁਣਨ ਦਾ ਮਾਦਾ ਹੈ ਹੀ ਨਹੀਂ।

ਮਾਲ ਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ): ਕੀ ਤੁਸੀਂ ਸੀ.ਐਮ. ਸਾਹਿਬ ਨੂੰ ਜ਼ੀਰੋ ਆਵਰ ਵਿੱਚ ਸਲਾਹ ਦੇਵੋਗੇ? ਕੋਈ ਚੱਜ ਦੀ ਗੱਲ ਹੋਵੇ, ਜੇਕਰ ਇਹ ਨੇਕ ਸਲਾਹ ਦੇਣ ਤਾਂ ਸਵੀਕਾਰ ਹੈ ਅਤੇ ਸਰਕਾਰ ਉਸ ਤੇ ਧਿਆਨ ਦੇ ਸਕਦੀ ਹੈ। (ਵਿਘਨ, ਸ਼ੋਰ)

ਮਾਨਯੋਗ ਸਪੀਕਰ : ਮੈਨੂੰ ਸੁਣ ਲੈਣ ਦਿਉ ਕਿ ਉਹ ਕਹਿਣਾ ਕੀ ਚਾਹੁੰਦੇ ਹਨ। (ਵਿਘਨ) ਅਗਰ ਐਕਸਪੰਜ ਕਰਵਾਉਣਾ ਹੋਇਆ ਤਾਂ ਮੈਂ ਬਾਅਦ ਵਿੱਚ ਦੇਖ ਲਵਾਂਗਾ। (ਵਿਘਨ, ਸ਼ੋਰ)

ਸਰਦਾਰ ਸਿਮਰਜੀਤ ਸਿੰਘ ਬੈਂਸ : ਸੁਣਨ ਦਾ ਮਾਦਾ ਵੀ ਰੱਖੋ। (ਵਿਘਨ) ਮੈਂ ਮੁੱਖ ਮੰਤਰੀ ਸਾਹਿਬ ਦਾ ਸਤਿਕਾਰ ਕਰਦਾ ਹਾਂ।

ਮਾਲ ਤੇ ਮੁੜ ਵਸੇਬਾ ਮੰਤਰੀ : ਕਿਸੇ ਦੀ ਵਡੇਰੀ ਉਮਰ ਹੋਵੇ ਤਾਂ ਕੀ ਉਸ ਨੂੰ ਰਿਸਪੈਕਟ ਦੇਣੀ ਨਹੀਂ ਬਣਦੀ? ਤੁਸੀਂ ਫਜ਼ੂਲ ਦੀ ਗੱਲ ਕਰੀ ਜਾਂਦੇ ਹੋ, ਕੋਈ ਚੱਜ ਦੀ ਗੱਲ ਕਰ ਲਿਆ ਕਰੋ।

ਸਰਦਾਰ ਸਿਮਰਜੀਤ ਸਿੰਘ ਬੈਂਸ : ਜਿਹੜੀ ਗੱਲ ਤਾਂ ਤੁਹਾਡੇ ਵਾਲੇ ਪਾਸੇ ਤੋਂ ਕੀਤੀ ਜਾਵੇ, ਉਹ ਚੱਜ ਦੀ ਹੈ ਅਤੇ ਜਿਹੜੀ ਸਾਡੇ ਪਾਸੇ ਤੋਂ ਕੀਤੀ ਜਾਵੇ, ਉਹ ਤੁਹਾਨੂੰ ਚੁਭਦੀ ਹੈ।

ਮਾਨਯੋਗ ਸਪੀਕਰ : ਤੁਸੀਂ ਆਪਣੀ ਗੱਲ ਕਰੋ, ਕਹਿਣਾ ਕੀ ਚਾਹੁੰਦੇ ਹੋ?

ਸਰਦਾਰ ਸਿਮਰਜੀਤ ਸਿੰਘ ਬੈਂਸ : ਮੈਂ ਸੀ.ਐਮ. ਸਾਹਿਬ ਦਾ ਦਿਲ ਦੀਆਂ ਗਹਿਰਾਈਆਂ 'ਚੋਂ ਸਤਿਕਾਰ ਕਰਦਾ ਹਾਂ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਦੋ ਇਸ਼ੂ ਉਠਾਏ ਹਨ।

** Expunged/Not recorded as ordered by the Chair.

ਇਕ ਤਾਂ ਅਮਨ-ਸ਼ਾਂਤੀ ਅਤੇ ਦੂਜਾ ਲੈਂਡ ਐਕੁਜੀਸ਼ਨ ਦਾ ਮੁੱਦਾ ਉਠਾਇਆ ਸੀ। ਮੈਂ ਦੋਹਾਂ ਦਾ ਜਵਾਬ ਦੇ ਦਿੱਤਾ ਹੈ। ਮੈਂ ਇਹ ਵੀ ਦੱਸ ਦਿੱਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਸਾਰੇ ਦੇਸ਼ ਨੂੰ ਰਸਤਾ ਦਿਖਾਇਆ ਹੈ ਕਿ ਇਹ ਫਾਰਮੂਲਾ ਹੈ, ਜੇ ਉਸ ਨੂੰ ਵਰਤਿਆ ਜਾਵੇ ਤਾਂ ਕਿਸਾਨ ਵੀ ਖੁਸ਼ ਅਤੇ ਸਰਕਾਰ ਵੀ ਖੁਸ਼ ਰਹੇਗੀ। ਤੀਜਾ, ਮੈਂ ਹੋਰ ਵੀ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਕੰਟਰੋਵਰਸੀ ਵਿਚ ਨਾ ਪਾਓ। ਜੇਕਰ ਮੇਰੇ ਕਿਸੇ ਲਫ਼ਜ਼ ਨਾਲ ਕਿਸੇ ਵੀ ਸਤਿਕਾਰਯੋਗ ਐਮ.ਐਲ.ਏ. ਜਾਂ ਸੱਜਣ ਨੂੰ ਦੁੱਖ ਹੋਇਆ ਹੈ ਤਾਂ ਮੈਨੂੰ ਇਸ ਦਾ ਅਫ਼ਸੋਸ ਹੈ। ਮੈਂ ਜਾਣ-ਬੁੱਝ ਕੇ ਕਦੇ ਵੀ ਕਿਸੇ ਦਾ ਦਿਲ ਦੁਖਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਕਈ ਵਾਰ ਮਜ਼ਾਕ ਵਿਚ ਜਾਂ ਕਿਸੇ ਵੇਲੇ ਮੂਡ ਹੁੰਦਾ ਹੈ ਤਾਂ ਆਪਾਂ ਅਜਿਹਾ ਕੁਝ ਕਹਿ ਦਿੰਦੇ ਹਾਂ ਪਰ ਤੁਸੀਂ ਮੈਨੂੰ ਜਾਣਦੇ ਹੋ ਕਿ ਮੈਂ ਕਦੇ ਕਿਸੇ ਦਾ ਦਿਲ ਨਹੀਂ ਦੁਖਾਇਆ। ਮੈਂ ਬੋਲ ਨਾਲ ਤਾਂ ਕੀ, ਕਦੇ ਐਕਸ਼ਨ ਨਾਲ ਵੀ ਕਿਸੇ ਦਾ ਦਿਲ ਨਹੀਂ ਦੁਖਾਇਆ। ਤੁਸੀਂ ਸਾਰੇ ਬੈਠੇ ਹੋ, ਮੈਨੂੰ ਕੋਈ ਵੀ ਦੱਸ ਦੇਵੇ ਕਿ ਕਿਸੇ ਨੂੰ ਕੋਈ ਵੀ ਸਰਕਾਰ ਵਲੋਂ ਤਕਲੀਫ਼ ਹੈ। ਮੈਂ ਤੁਹਾਡੀ ਇੱਜ਼ਤ ਕਰਦਾ ਹਾਂ, ਮੈਨੂੰ ਤਾਂ ਮੁਆਫ਼ ਕਰ ਦਿਆ ਕਰੋ।

Mr. Speaker : Zero Hour is Over. ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਬਲਬੀਰ ਸਿੰਘ ਸਿੱਧੂ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

ਮਾਨਯੋਗ ਸਪੀਕਰ : ਨਹੀਂ ਜੀ, please sit down. ਜ਼ੀਰੋ ਆਵਰ ਖ਼ਤਮ ਹੋ ਗਿਆ ਹੈ। ਹੁਣ ਏਜੰਡੇ ਦੀ ਅਗਲੀ ਆਈਟਮ, ਕਾਲ ਅਟੈਂਸ਼ਨ ਨੋਟਿਸ ਲਵਾਂਗੇ। ਹਾਂ ਜੀ, ਮੋਫ਼ਰ ਸਾਹਿਬ।

CALLING ATTENTION NOTICES UNDER RULE 66

(ਕ੍ਰਮ ਨੰ: 14)

ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਅਰਥਾਤ, ਰਾਜ ਵਿਚ ਮਹਾਂ-ਮਾਰਗਾਂ ਤੇ ਅਵਾਰਾ ਪਸ਼ੂਆਂ ਦੇ ਆਮ ਤੁਰੇ ਫਿਰਨ ਦੀ ਸਮੱਸਿਆ ਵੱਲ ਦਿਵਾਉਂਦਾ ਹਾਂ। ਮਹਾਂ-ਮਾਰਗਾਂ ਤੇ ਅਵਾਰਾ ਪਸ਼ੂਆਂ ਦੇ ਆਮ ਤੁਰੇ ਫਿਰਨ

ਕਾਰਨ ਭਾਰੀ ਗਿਣਤੀ ਵਿਚ ਸੜਕ ਹਾਦਸੇ ਵਾਪਰ ਰਹੇ ਹਨ, ਜਿਸ ਵਜ੍ਹਾ ਨਾਲ ਕੀਮਤੀ ਮਨੁੱਖੀ ਜਾਨਾਂ ਦਾ ਨੁਕਸਾਨ ਹੋ ਰਿਹਾ ਹੈ। ਇਸ ਸਮੱਸਿਆ ਤੇ ਠੱਲ੍ਹ ਪਾਉਣ ਲਈ ਸਰਕਾਰ ਨੂੰ ਕੋਈ ਯੋਜਨਾ ਬਣਾਉਣੀ ਚਾਹੀਦੀ ਹੈ। ਇਸ ਮਾਮਲੇ ਤੇ ਪੰਜਾਬ ਦੇ ਲੋਕਾਂ ਦੇ ਵਿਚ ਕਾਫ਼ੀ ਡਰ ਅਤੇ ਰੋਸ ਪਾਇਆ ਜਾ ਰਿਹਾ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ (ਸਰਦਾਰ ਗੁਲਜਾਰ ਸਿੰਘ ਰਣੀਕੇ): ਮਾਨਯੋਗ ਸਪੀਕਰ ਸਾਹਿਬ, ਜੋ ਖ਼ਦਸ਼ਾ ਮੈਂਬਰ ਸਾਹਿਬ ਨੇ ਜ਼ਾਹਰ ਕੀਤਾ ਹੈ ਉਹ ਵਾਕਿਆ ਹੀ ਅੱਜ ਦੇ ਸਮੇਂ ਅਨੁਸਾਰ ਵੱਡੀ ਸਮੱਸਿਆ ਹੈ। ਪੰਜਾਬ ਸਰਕਾਰ ਵਲੋਂ ਅਵਾਰਾ ਜਾਨਵਰਾਂ ਦੀ ਵਧਦੀ ਹੋਈ ਸਮੱਸਿਆ ਨੂੰ ਕਾਬੂ ਕਰਨ ਲਈ ਮਾਨਯੋਗ ਮੰਤਰੀ ਮੰਡਲ ਦੀ ਮਿਤੀ 23.09.2014 ਨੂੰ ਹੋਈ ਮੀਟਿੰਗ ਵਿਚ ਪੰਜਾਬ ਦੇ ਹਰ ਜ਼ਿਲ੍ਹੇ ਵਿਚ ਲਗਭਗ 25 ਏਕੜ ਪੰਚਾਇਤੀ ਜ਼ਮੀਨ ਤੇ ਇਕ ਇਕ ਕੈਟਲ ਪੌਂਡ ਸਥਾਪਿਤ ਕਰਨ ਦਾ ਫੈਸਲਾ ਕੀਤਾ ਜਾ ਚੁੱਕਾ ਹੈ। ਹਰ ਇਕ ਕੈਟਲ ਪੌਂਡ ਵਿਚ ਤਕਰੀਬਨ ਦੋ ਹਜ਼ਾਰ ਜਾਨਵਰ ਰੱਖਣ ਦੀ ਸਮਰੱਥਾ ਹੋਵੇਗੀ। ਇਸ ਵਿਚ ਜ਼ਿਲ੍ਹਾ ਪੱਧਰ ਤੇ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਪਸ਼ੂ ਭਲਾਈ ਸੁਸਾਇਟੀ ਦਾ ਗਠਨ ਵੀ ਕੀਤਾ ਜਾ ਚੁੱਕਾ ਹੈ।

ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ : ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਕਿ.....

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸ਼੍ਰੀ ਸੁਨੀਲ ਜਾਖੜ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ, ਸਰਦਾਰ ਸਿਕੰਦਰ ਸਿੰਘ ਮਲੂਕਾ ਆਪਣੀਆਂ ਆਪਣੀਆਂ ਸੀਟਾਂ ਤੇ ਬੈਠੇ ਇਕ ਦੂਜੇ ਨਾਲ ਗੱਲਾਂ ਕਰ ਰਹੇ ਸਨ।)

ਮਾਨਯੋਗ ਸਪੀਕਰ : ਪਲੀਜ਼ ਡਿਸਟਰਬ ਨਾ ਕਰੋ।

ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ : ਸਪੀਕਰ ਸਾਹਿਬ, ਜੋ ਇਨ੍ਹਾਂ ਦੀ ਡਿਪਟੀ ਕਮਿਸ਼ਨਰਾਂ ਦੀ ਅਗਵਾਈ ਵਿਚ ਕਮੇਟੀ ਬਣਨ ਦੀ ਤਜਵੀਜ਼ ਆਈ ਹੈ, ਇਹ ਕਦੋਂ ਤੱਕ ਬਣੇਗੀ ਅਤੇ ਇਸ ਵਾਸਤੇ ਕਿੰਨਾ ਪੈਸਾ ਰੱਖਿਆ ਹੈ। ਇਸ ਨੂੰ ਟਾਈਮ ਬਾਊਂਡ ਕਰ ਦਿਓ ਕਿਉਂਕਿ ਇਹ ਨਾ ਹੋਵੇ ਕਿ ਛੇ ਮਹੀਨੇ

ਬਾਅਦ ਜਦੋਂ ਫਿਰ ਸੈਸ਼ਨ ਆਵੇ ਤਾਂ ਅਸੀਂ ਫਿਰ ਇੱਥੇ ਬੋਲੀ ਜਾਈਏ। ਇਹ 15 ਦਿਨਾਂ ਵਿਚ ਬਣੇਗੀ ਜਾਂ ਇਕ ਮਹੀਨੇ ਵਿਚ ਬਣ ਜਾਵੇਗੀ, ਇਹ ਦੱਸੋ ਜੀ।

ਮੰਤਰੀ : ਸਪੀਕਰ ਸਾਹਿਬ, ਸਾਰੇ ਜ਼ਿਲ੍ਹਿਆਂ ਵਿਚ ਇਹ ਸੁਸਾਇਟੀਆਂ ਬਣ ਗਈਆਂ ਹਨ। 12 ਜ਼ਿਲ੍ਹਿਆਂ ਵਿਚ ਇਨ੍ਹਾਂ ਵਾਸਤੇ ਜਗ੍ਹਾ ਦੀ ਭਾਲ ਵੀ ਕਰ ਲਈ ਗਈ ਹੈ। ਇਹ ਸੁਸਾਇਟੀਆਂ ਪੰਚਾਇਤਾਂ ਤੋਂ ਜ਼ਮੀਨ ਲੀਜ਼ ਤੇ ਲੈਣਗੀਆਂ। ਸਾਰਿਆਂ ਨੂੰ ਹੀ ਤਕਰੀਬਨ ਪੰਜ ਪੰਜ ਲੱਖ ਰੁਪਿਆ ਜਾਰੀ ਕਰ ਦਿੱਤਾ ਗਿਆ ਹੈ ਔਰ ਨਕਸ਼ੇ ਬਣਾਉਣ ਵਾਸਤੇ, ਥਾਂ ਦੀ ਚਾਰ ਦੀਵਾਰੀ ਕਰਨ ਵਾਸਤੇ, ਸੜਕ ਵਾਸਤੇ ਅਤੇ ਪਾਣੀ ਵਾਸਤੇ ਵੱਖਰੀ ਕਮੇਟੀ ਬਣਾਈ ਜਾ ਰਹੀ ਹੈ। ਬਹੁਤ ਵੱਡੇ ਪੱਧਰ ਤੇ ਕੰਮ ਚੱਲ ਰਿਹਾ ਹੈ। ਇਸ ਲਈ ਮੈਂ ਮਾਨਯੋਗ ਮੁੱਖ ਮੰਤਰੀ ਜੀ ਦਾ ਧੰਨਵਾਦ ਵੀ ਕਰਦਾ ਹਾਂ ਕਿਉਂਕਿ ਇਹ ਉਨ੍ਹਾਂ ਦੀ ਸੋਚ ਸੀ। ਇਹ ਇਕੱਲੀ ਤੁਹਾਡੀ ਚਿੰਤਾ ਨਹੀਂ ਹੈ ਪਰ ਫਿਰ ਵੀ ਤੁਸੀਂ ਚੰਗਾ ਕੀਤਾ ਕਿ ਹੋਰ ਧਿਆਨ ਵਿਚ ਲਿਆ ਦਿੱਤਾ। ਸੋ, ਇਹ ਪੰਜਾਬ ਦਾ ਬਹੁਤ ਵੱਡਾ ਮਸਲਾ ਹੈ। ਜੇ ਆਪਾਂ ਕਹੀਏ ਕਿ ਟਾਈਮ ਫਿਕਸ ਕਰਕੇ 15 ਦਿਨਾਂ ਵਿਚ ਹੋ ਜਾਵੇ ਤਾਂ ਇਸ ਤਰ੍ਹਾਂ ਨਹੀਂ ਹੋਣਾ। ਇਸ ਵਾਸਤੇ ਥੋੜ੍ਹਾ ਸਮਾਂ ਲੱਗੇਗਾ ਪਰ ਇਹ ਜ਼ਰੂਰ ਹੋ ਜਾਵੇਗਾ।

ਮਾਨਯੋਗ ਸਪੀਕਰ : ਇੱਕ ਸਪਲੀਮੈਂਟਰੀ ਹੋ ਗਈ ਜੀ। ਮੋਫ਼ਰ ਸਾਹਿਬ, ਨੈਕਸਟ ਕਰੋ ਜੀ। ਸੈਕਿੰਡ ਸਪਲੀਮੈਂਟਰੀ ਤੁਹਾਡੀ ਹੈ।

ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ : ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਪ੍ਰੋਪੋਜ਼ਲ ਦਿੱਤੀ ਹੈ ਕਿ ਚਾਹੇ ਇਹ ਮਹੀਨੇ ਵਿੱਚ ਹੋ ਜਾਵੇ, ਦੋ ਮਹੀਨੇ ਵਿੱਚ ਹੋ ਜਾਵੇ, ਜੇ ਉਸ ਤੋਂ ਬਾਅਦ ਕਿਸੇ ਦਾ ਐਕਸੀਡੈਂਟ ਹੋ ਕੇ ਨੁਕਸਾਨ ਹੋ ਗਿਆ, ਬੰਦਾ ਮਰ ਗਿਆ ਜਾਂ ਕੁਝ ਹੋਰ ਨੁਕਸਾਨ ਹੋ ਗਿਆ ਤਾਂ ਕੀ ਇਹ ਉਸ ਦਾ ਮੁਆਵਜ਼ਾ ਦੇਣਗੇ? ਜਦੋਂ ਤੁਸੀਂ ਇੱਕ ਫੈਸਲਾ ਲੈ ਲਿਆ ਜੇ ਉਸ ਤੋਂ ਬਾਅਦ ਵੀ ਉਹੀ ਕੰਮ ਹੋਵੇ, ਫਿਰ ਇਹ ਕੀ ਕਰਨਗੇ? ਦੱਸੋ ਮੁਆਵਜ਼ਾ ਦੇਣਗੇ ਕਿ ਨਹੀਂ ਦੇਣਗੇ?

Mr. Speaker : What can he do?

ਮੰਤਰੀ : ਸਪੀਕਰ ਸਾਹਿਬ, ਜਿਹੜਾ ਮੈਂਬਰ ਸਾਹਿਬ ਨੇ ਖਦਸ਼ਾ ਜ਼ਾਹਿਰ ਕੀਤਾ ਹੈ, ਘੜੀ ਨੂੰ ਕੀ ਹੋ ਜਾਣਾ ਹੈ, ਇਹ ਤਾਂ ਕੋਈ ਵੀ ਨਹੀਂ ਦੱਸ ਸਕਦਾ। ਮੁਆਵਜ਼ਾ ਦੇਣ ਵਾਲੀ ਐਸੀ ਕੋਈ ਗੱਲ ਨਹੀਂ ਹੈ। ਸਾਡੀ ਕਮੇਟੀ ਤਾਂ ਜਾਨਵਰਾਂ ਦੀ ਵਧੀਆ ਸਾਂਭ-ਸੰਭਾਲ ਵਾਸਤੇ ਹੈ।

ਮਾਨਯੋਗ ਸਪੀਕਰ : ਹਾਂ ਜੀ, ਨੈਕਸਟ।

(ਕ੍ਰਮ ਨੰ: 17)

ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤੀ ਜ਼ਰੂਰੀ ਮਾਮਲੇ, ਅਰਥਾਤ ਜ਼ਿਲ੍ਹਾ ਮਾਨਸਾ ਵਿੱਚ ਪਿੰਡ ਮੋਫ਼ਰ ਨੇੜੇ ਬੀ.ਐਮ.ਐਲ. ਭਾਖੜਾ ਕੈਨਾਲ ਨਹਿਰ ਤੇ ਪੁਲ ਢਹਿਣ ਵੱਲ ਦਿਵਾਉਦਾ ਹਾਂ। ਇਹ ਪੁਲ ਹਰਿਆਣਾ ਨੂੰ ਪੰਜਾਬ ਰਾਜ ਨਾਲ ਜੋੜਨ ਵਾਲੀ ਸੜਕ ਨਾਲ ਜੋੜਦਾ ਹੈ। ਇਸ ਸੜਕ ਤੇ ਆਵਾਜਾਈ ਬੰਦ ਹੋ ਗਈ ਹੈ। ਆਮ ਜਨਤਾ, ਖਾਸ ਕਰਕੇ ਕਿਸਾਨਾਂ ਅਤੇ ਟ੍ਰਾਂਸਪੋਰਟਰਾਂ ਨੂੰ ਇਸ ਪੁਲ ਦੇ ਢਹਿ ਜਾਣ ਕਾਰਨ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਮਾਮਲੇ ਤੇ ਇਲਾਕੇ ਦੇ ਲੋਕਾਂ ਵਿਚ ਬਹੁਤ ਬੇਚੈਨੀ ਅਤੇ ਭਾਰੀ ਰੋਸ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

ਲੋਕ ਨਿਰਮਾਣ (ਭ ਤੇ ਮ), ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨਰਾਂ ਦੀ ਭਲਾਈ ਮੰਤਰੀ (ਸਰਦਾਰ ਜਨਮੇਜਾ ਸਿੰਘ ਸੇਖੋਂ) : ਜ਼ਿਲ੍ਹਾ ਮਾਨਸਾ ਵਿੱਚ ਪਿੰਡ ਲਾਲਿਆਂਵਾਲੀ ਤੋਂ ਹਰਿਆਣਾ ਬਾਰਡਰ ਵਾਇਆ ਪਿੰਡ ਮੋਫ਼ਰ ਇੱਕ ਲਿੰਕ ਸੜਕ ਹੈ ਜਿਹੜੀ ਕਿ ਮਾਰਕੀਟ ਕਮੇਟੀ ਮਾਨਸਾ ਵਿੱਚ ਪੈਂਦੀ ਹੈ। ਇਸ ਲਿੰਕ ਸੜਕ ਦੇ ਕਿਲੋਮੀਟਰ 10.82 ਉਪਰ ਭਾਖੜਾ ਕੈਨਾਲ ਕਰਾਸ ਕਰਦੀ ਹੈ। ਇਸ ਭਾਖੜਾ ਕੈਨਾਲ ਉੱਪਰ ਜਿਹੜਾ ਪੁਲ ਬਣਿਆ ਹੋਇਆ ਹੈ ਉਹ ਪੁਲ ਪੁਰਾਣਾ ਅਤੇ ਤੰਗ ਤਾਂ ਜ਼ਰੂਰ ਹੈ ਪ੍ਰੰਤੂ ਸਥਿਰ ਸਥਿਤੀ ਵਿੱਚ ਹੈ। ਪੁਲ ਉਪਰ ਆਵਾਜਾਈ ਆਮ ਵਾਂਗ ਚੱਲ ਰਹੀ ਹੈ। ਪੁਲ ਦੀ ਰੇਲਿੰਗ ਅਤੇ ਕੁਝ ਹਿੱਸੇ ਵਿੱਚ ਕੈਨਾਲ ਲਾਈਨਿੰਗ ਟੁੱਟੀ ਹੋਈ ਹੈ। ਰੇਲਿੰਗ ਦੀ ਰਿਪੇਅਰ ਦਾ ਕੰਮ ਜਲਦੀ ਕਰਵਾ ਦਿੱਤਾ ਜਾਵੇਗਾ। ਕੈਨਾਲ ਦੀ ਲਾਈਨਿੰਗ ਦੀ ਰਿਪੇਅਰ ਦਾ ਕੰਮ ਨਹਿਰੀ ਵਿਭਾਗ ਨਾਲ ਸਬੰਧਤ ਹੈ।

ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ : ਸਪੀਕਰ ਸਾਹਿਬ, ਇੱਕ ਮਿੰਟ ਜੀ, ਇਨ੍ਹਾਂ ਨੇ ਦੱਸ ਦਿੱਤਾ ਕਿ ਸੜਕ ਰਿਪੇਅਰ ਹੋ ਰਹੀ ਹੈ ਪਰ ਕੀ ਤੁਸੀਂ ਸੜਕ ਚੌੜੀ ਕਰ ਦਿਓਗੇ ਕਿ ਨਹੀਂ ?

ਮੰਤਰੀ : ਸਪੀਕਰ ਸਾਹਿਬ, ਪਤਾ ਨਹੀਂ ਕੀ ਗੱਲ ਹੈ ਜੀ, ਇਹ ਸਾਹਮਣੇ ਬੈਂਚ ਵਾਲੇ ਜਦੋਂ ਵੀ ਬੋਲਦੇ ਹਨ ਤਾਂ ਕਹਿੰਦੇ ਹਨ ਕਿ ਹਾਹਾਕਾਰ ਮਚੀ ਪਈ ਹੈ, ਬੜੀ ਰਿਜੈਂਟਮੈਂਟ ਹੈ। ਇਹ ਪੁਲ ਬਿਲਕੁਲ ਠੀਕ ਹੈ। ਮੈਂ ਤੁਹਾਡੇ ਕੋਲ ਫੋਟੋਆਂ ਭੇਜ ਦਿੰਦਾ ਹਾਂ। ਸਿਰਫ਼ ਰੇਲਿੰਗ ਲਾਉਣ ਵਾਲੀ ਹੈ ਉਹ ਇੱਕ ਮਹੀਨੇ ਵਿੱਚ ਲਗਾ ਦਿਆਂਗੇ। ਹਾਲੇ ਚੌੜਾ ਕਰਨ ਦੀ ਕੋਈ ਤਜ਼ਵੀਜ਼ ਨਹੀਂ ਹੈ ਜੀ।

(ਕ੍ਰਮ ਨੰ: 18)

ਸ਼੍ਰੀ ਮਨੋਰੰਜਨ ਕਾਲੀਆ : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ ਪਰਾਗਪੁਰ, ਜਲੰਧਰ ਵਿਖੇ ਸੀਵਰੇਜ ਦਾ ਕੰਮ ਕਰਵਾਇਆ ਗਿਆ ਹੈ, ਜਿਸ ਦੀਆਂ ਪਾਈਪਾਂ ਐਨ.ਐਚ.-1 ਦੇ ਥੱਲੋਂ ਕੱਢਣ ਸਬੰਧੀ ਮਨਜ਼ੂਰੀ ਦਾ ਮਾਮਲਾ ਲੰਬੇ ਸਮੇਂ ਤੋਂ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ ਕੋਲ ਲੰਬਿਤ ਪਿਆ ਹੈ। ਸਰਕਾਰ ਵੱਲੋਂ ਇਸ ਪ੍ਰੋਜੈਕਟ ਤੇ ਹੁਣ ਤੱਕ ਕੀਤਾ ਗਿਆ ਕਰੋੜਾਂ ਰੁਪਏ ਦਾ ਖ਼ਰਚ ਵਿਅਰਥ ਗਿਆ ਹੈ, ਸਬੰਧਤ ਲੋਕਾਂ ਨੂੰ ਸੀਵਰੇਜ ਦੀ ਅਣਹੋਂਦ ਕਾਰਨ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

ਸਥਾਨਕ ਸਰਕਾਰ ਮੰਤਰੀ (ਸ਼੍ਰੀ ਅਨਿਲ ਜੋਸ਼ੀ) : ਪਰਾਗਪੁਰ ਦੇ ਇਲਾਕੇ ਵਿੱਚ ਸੀਵਰੇਜ ਪਾਉਣ ਸਬੰਧੀ ਪ੍ਰੋਜੈਕਟ ਵਿੱਚ ਨੈਸ਼ਨਲ ਹਾਈਵੇਅ ਨੂੰ ਕਰਾਸ ਕਰਨ ਵਾਸਤੇ ਅਤੇ ਨੈਸ਼ਨਲ ਹਾਈਵੇਅ ਦੇ ਨਾਲ ਨਾਲ 1485 ਮੀਟਰ ਸੀਵਰ ਪਾਉਣ ਵਾਸਤੇ ਮਿਤੀ 4.3.2014 ਨੂੰ ਪ੍ਰੋਜੈਕਟ ਡਾਇਰੈਕਟਰ, ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ, ਅੰਬਾਲਾ ਨੂੰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਬੇਨਤੀ ਕੀਤੀ ਗਈ ਸੀ। ਇਸ ਉਪਰੰਤ ਮਿਤੀ 16.9.2014 ਨੂੰ ਸਕੱਤਰ, ਪੰਜਾਬ ਸਰਕਾਰ, PWD (B&R) ਦੀ ਪ੍ਰਧਾਨਗੀ ਹੇਠ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ ਦੇ ਸੀ.ਜੇ.ਐਮ. ਨਾਲ ਮੀਟਿੰਗ ਹੋਈ ਸੀ ਜਿਸ ਵਿੱਚ ਹੇਠ ਲਿਖੇ ਫੈਸਲੇ ਹੋਏ ਸਨ :

1. ਨੈਸ਼ਨਲ ਹਾਈਵੇਅ (ਐਨ.ਐਚ.-1) ਨੂੰ ਕਰਾਸ ਕਰਨ ਵਾਸਤੇ ਮਨਜ਼ੂਰੀ ਦਿੱਤੀ ਜਾਵੇਗੀ।

2. ਜੋ ਸੀਵਰ ਪਾਇਆ ਜਾਣਾ ਹੈ ਉਹ Right of Way (ROW) ਨੂੰ ਛੱਡ ਕੇ ਪਾਇਆ ਜਾਵੇ।

ਇਸ ਮਾਮਲੇ ਤੇ ਮੁੜ ਵਿਚਾਰ ਲਈ ਫਿਰ ਮਿਤੀ 16.2.2015 ਨੂੰ ਸਕੱਤਰ, ਪੰਜਾਬ ਸਰਕਾਰ, ਪੀ.ਡਬਲਿਊ.ਡੀ. (ਬੀ. ਐਂਡ ਆਰ.) ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ ਜਿਸ ਵਿੱਚ ਫਿਰ ਉਹੀ ਫੈਸਲਾ ਲਿਆ ਗਿਆ ਕਿਉਂਕਿ ਰਾਈਟ ਆਫ਼ ਵੇਅ ਤੋਂ ਅੱਗੇ ਜਗ੍ਹਾ ਖਾਲੀ ਨਹੀਂ ਹੈ ਅਤੇ ਇਮਾਰਤਾਂ ਬਣੀਆਂ ਹੋਈਆਂ ਹਨ। ਇਸ ਲਈ ਜੇਕਰ ਸੀਵਰੇਜ ਪਾਉਣਾ ਹੈ ਤਾਂ ਇਨ੍ਹਾਂ ਇਮਾਰਤਾਂ ਨੂੰ ਡਿਮਾਲਿਸ਼ ਕਰਨਾ ਪਵੇਗਾ ਜੋ ਕਿ ਠੀਕ ਨਹੀਂ ਹੈ। ਜਿੱਥੋਂ ਤੱਕ ਕਰੋੜਾਂ ਰੁਪਏ ਦੇ ਵਿਅਰਥ ਹੋਣ ਦਾ ਸਵਾਲ ਹੈ ਉਸ ਬਾਰੇ ਦੱਸਿਆ ਜਾਂਦਾ ਹੈ ਕਿ ਜੋ ਸੀਵਰ ਲੱਗ ਚੁੱਕਾ ਹੈ ਉਹ ਪਿੰਡ ਬੰਬੀਆਂ ਵਿਖੇ ਉਸਾਰੀ ਅਧੀਨ ਮੇਨ ਪੰਪਿੰਗ ਸਟੇਸ਼ਨ ਤੇ ਸੀਵਰੇਜ ਟਰੀਟਮੈਂਟ ਪਲਾਂਟ ਦੇ ਮੁਕੰਮਲ ਹੋਣ ਉਪਰੰਤ ਚਾਲੂ ਹੋ ਜਾਵੇਗਾ ਅਤੇ ਕੋਈ ਵੀ ਖਰਚਾ ਵਿਅਰਥ ਨਹੀਂ ਗਿਆ ਅਤੇ ਨਾ ਹੀ ਜਾਵੇਗਾ।

ਸ਼੍ਰੀ ਮਨੋਰੰਜਨ ਕਾਲੀਆ : ਸਪੀਕਰ ਸਾਹਿਬ, ਜਦੋਂ ਸਾਲ 1977 ਵਿੱਚ ਕਾਰਪੋਰੇਸ਼ਨ ਬਣੀ ਸੀ ਉਦੋਂ ਪਰਾਗਪੁਰ ਕਾਰਪੋਰੇਸ਼ਨ ਅਧੀਨ ਆਇਆ ਸੀ। 1977 ਤੋਂ ਲੈ ਕੇ ਹੁਣ ਤੱਕ ਉਥੇ ਨਾ ਸੀਵਰੇਜ ਹੈ, ਨਾ ਵਾਟਰ ਸਪਲਾਈ ਹੈ ਅਤੇ ਨਾ ਹੀ ਸੜਕ ਸੀ। ਸਾਲ 2011 ਵਿੱਚ ਪਹਿਲੀ ਵਾਰੀ ਮਾਨਯੋਗ ਮੁੱਖ ਮੰਤਰੀ ਜੀ ਨੇ ਲਗਭਗ ਡੇਢ-ਦੋ ਸੌ ਕਰੋੜ ਰੁਪਏ ਮੁਹੱਈਆ ਕਰਵਾਏ ਸਨ ਅਤੇ ਸਾਰੇ ਇਲਾਕੇ ਵਿੱਚ ਸੀਵਰੇਜ ਪਾਉਣ ਦਾ ਕੰਮ ਅਰੰਭਿਆ ਗਿਆ ਸੀ। ਪਰਾਗਪੁਰ ਦੋ ਹਿੱਸਿਆਂ ਵਿੱਚ ਪੈਂਦਾ ਹੈ, ਇੱਕ ਐਨ.ਐਚ.-1 ਦੇ ਸੱਜੇ ਪਾਸੇ ਅਤੇ ਇੱਕ ਖੱਬੇ ਪਾਸੇ। ਸੱਜੇ ਪਾਸੇ ਸੀਵਰੇਜ ਪੈ ਗਿਆ ਹੈ। ਖੱਬੇ ਪਾਸੇ ਵਾਲੀ ਅਬਾਦੀ ਵਿੱਚ ਜੇਕਰ ਸਰਕਾਰ ਐਨ.ਐਚ.-1 along the sewerage ਨਹੀਂ ਪਾਉਣਾ ਚਾਹੁੰਦੀ ਤਾਂ ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਮਿਊਂਸਪਲ ਐਕਟ ਦੀ ਸੈਕਸ਼ਨ 1932 ਵਿਚਲੀ ਪ੍ਰੋਵੀਜ਼ਨ ਅਨੁਸਾਰ ਇਮਾਰਤ ਨੂੰ ਡਿਮਾਲਿਸ਼ ਕਰਨ ਦੀ ਲੋੜ ਨਹੀਂ ਹੈ, ਕਾਨੂੰਨ ਅਨੁਸਾਰ ਮਿਊਂਸਪਲ ਕਾਰਪੋਰੇਸ਼ਨ ਸੀਵਰੇਜ ਅੰਡਰਗਰਾਊਂਡ ਪਾ ਸਕਦੀ ਹੈ। ਸੋ, ਪ੍ਰਾਈਵੇਟ ਪ੍ਰਾਪਰਟੀ ਵਿੱਚੋਂ ਵੀ ਅੰਡਰਗਰਾਊਂਡ ਸੀਵਰੇਜ ਲੰਘ ਸਕਦਾ ਹੈ। ਵੈਸੇ ਤਾਂ ਐਨ.ਐਚ. -1 along the sewerage ਪਾਉਣ ਦੀ ਇਜਾਜ਼ਤ ਦੇ ਦੇਣੀ ਚਾਹੀਦੀ ਹੈ ਪਰ ਜੇ ਨਹੀਂ ਮਿਲਦੀ ਤਾਂ ਤੁਹਾਨੂੰ ਪੂਰਾ ਕਾਨੂੰਨੀ ਅਧਿਕਾਰ ਹੈ ਕਿ ਪ੍ਰਾਈਵੇਟ ਪ੍ਰਾਪਰਟੀ ਵਿੱਚ

ਅੰਡਰ ਗਰਾਊਂਡ ਸੀਵਰੇਜ ਪਾਇਆ ਜਾ ਸਕਦਾ ਹੈ। ਕੀ ਮੰਤਰੀ ਜੀ ਇਸ ਤਰ੍ਹਾਂ ਦਾ ਕੋਈ ਉਪਰਾਲਾ ਕਰਨਗੇ ਤਾਂ ਕਿ ਪਰਾਗਪੁਰ ਦੇ ਲੋਕ ਜਿਹੜੇ ਆਜ਼ਾਦੀ ਤੋਂ ਬਾਅਦ ਸਿਵਿਕ ਅਮੈਨੇਟੀਜ਼ ਨੂੰ ਉਡੀਕ ਰਹੇ ਹਨ, ਉਨ੍ਹਾਂ ਨੂੰ ਇਹ ਸਹੂਲਤ ਮਿਲ ਸਕੇ। ਕੀ ਮੰਤਰੀ ਜੀ ਇਸ ਗੰਭੀਰ ਮਸਲੇ ਨੂੰ ਜਲਦੀ ਤੋਂ ਜਲਦੀ ਹੱਲ ਕਰਵਾਉਣਗੇ?

ਮੰਤਰੀ : ਸਪੀਕਰ ਸਾਹਿਬ, ਕਮਿਸ਼ਨਰ, ਨਗਰ ਨਿਗਮ, ਜਲੰਧਰ ਵੱਲੋਂ ਦੱਸਿਆ ਗਿਆ ਹੈ ਕਿ ਨੈਸ਼ਨਲ ਹਾਈਵੇਅ ਦੇ Right of Way ਦੇ 5 ਮੀਟਰ ਕੋਰੀਡੋਰ ਵਿੱਚ ਸੀਵਰ ਪਾਇਆ ਜਾ ਸਕਦਾ ਹੈ ਪਰੰਤੂ ਉਥੇ ਇਨਕ੍ਰੋਚਮੈਂਟ ਹੈ ਅਤੇ ਭਗਤ ਸ਼੍ਰੀ ਰਵਿਦਾਸ ਜੀ ਦਾ ਇੱਕ ਮੰਦਰ ਵੀ ਬਣਿਆ ਹੋਇਆ ਹੈ। ਬਾਕੀ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਅੰਡਰਗਰਾਊਂਡ ਸੀਵਰੇਜ ਪਾਇਆ ਜਾ ਸਕਦਾ ਹੈ ਤਾਂ ਉਸ ਨੂੰ ਐਗਜ਼ਾਮਿਨ ਕਰ ਲਵਾਂਗੇ। ਜੇਕਰ ਕੋਈ ਵਾਇਬਿਲਟੀ ਹੋਈ ਤਾਂ ਜ਼ਰੂਰ ਹੱਲ ਕੱਢਾਂਗੇ।

ਸ਼੍ਰੀ ਮਨੋਰੰਜਨ ਕਾਲੀਆ : ਮਾਨਯੋਗ ਸਪੀਕਰ ਸਾਹਿਬ, ਕਾਰਪੋਰੇਸ਼ਨ ਨੂੰ ਇਸ ਸੈਕਸ਼ਨ ਅਧੀਨ ਕਾਨੂੰਨੀ ਅਧਿਕਾਰ ਦਿੱਤਾ ਗਿਆ ਹੈ। ਮੈਂ ਸੋਚਿਆ ਸੀ ਕਿ ਮੰਤਰੀ ਜੀ ਕਹਿਣਗੇ ਕਿ ਕਰਵਾ ਦੇਵਾਂਗੇ। ਐਗਜ਼ਾਮਿਨ ਕਰਨ ਵਾਲੀ ਗੱਲ ਤਾਂ ਹੋਵੇ ਜੇਕਰ ਕਾਨੂੰਨ ਨਾ ਹੋਵੇ। ਕਾਨੂੰਨ ਵਿੱਚ ਮਿਉਂਸਪਲ ਕਾਰਪੋਰੇਸ਼ਨ ਨੂੰ ਐਕਟ ਅਧੀਨ ਅਧਿਕਾਰ ਦਿੱਤਾ ਗਿਆ ਹੈ। ਮਾਨਯੋਗ ਸਪੀਕਰ ਸਾਹਿਬ, ਇਹ ਬਹੁਤ ਮਹੱਤਵਪੂਰਨ ਮਾਮਲਾ ਹੈ, ਮੰਤਰੀ ਜੀ ਇਸ ਤੇ ਬਿਆਨ ਦੇਣ ਕਿ ਜੇਕਰ ਕਾਨੂੰਨ ਇਜਾਜ਼ਤ ਦਿੰਦਾ ਹੈ ਤਾਂ ਇਹ ਕਰਵਾ ਦੇਣਗੇ।

ਮੰਤਰੀ : ਸਪੀਕਰ ਸਾਹਿਬ, ਕਾਨੂੰਨ ਦੇ ਨਾਲ-ਨਾਲ ਵਾਇਬਿਲਟੀ ਦੀ ਗੱਲ ਵੀ ਹੈ ਕਿਉਂਕਿ right of way ਤੋਂ ਬਾਅਦ ਉਥੇ ਇਨਕ੍ਰੋਚਮੈਂਟ ਹੈ। ਅੰਡਰ ਗਰਾਊਂਡ ਸੀਵਰੇਜ ਪੈਣਾ ਹੈ। ਉਥੇ ਵੱਡੀਆਂ ਵੱਡੀਆਂ ਬਿਲਡਿੰਗਾਂ ਹਨ, ਮੈਰਿਜ ਪੈਲੇਸ ਬਣੇ ਹੋਏ ਹਨ, ਉਨ੍ਹਾਂ ਦੀਆਂ ਕਿੰਨੀਆਂ ਵੱਡੀਆਂ ਵੱਡੀਆਂ ਨੀਹਾਂ ਹੋਣਗੀਆਂ। ਇਸ ਕਰਕੇ ਹੀ ਮੈਂ ਕਿਹਾ ਹੈ ਕਿ ਅਗਰ ਵਾਇਬਿਲਟੀ ਹੋਈ ਤਾਂ ਉਸ ਨੂੰ ਐਗਜ਼ਾਮਿਨ ਕਰਵਾ ਲਵਾਂਗੇ। ਹੁਣ ਮੈਂ ਇੱਥੇ ਕਿਸ ਤਰ੍ਹਾਂ ਕਹਿ ਦੇਵਾਂ ਕਿ ਹਾਂ ਜੀ ਪਾ ਦੇਵਾਂਗੇ ਅਤੇ ਮੁੜ ਕੇ ਪਵੇ ਨਾ। ਇਸ ਦਾ ਕੀ ਫਾਇਦਾ ਹੋਵੇਗਾ। (ਵਿਘਨ, ਸ਼ੋਰ)

ਮਾਨਯੋਗ ਸਪੀਕਰ : ਤੁਸੀਂ ਇਨ੍ਹਾਂ ਨਾਲ ਬੈਠ ਕੇ ਗੱਲ ਕਰ ਲੈਣਾ।

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੂੰ ** ** ** ਹੈ.... (ਵਿਘਨ, ਸ਼ੋਰ)

Mr. Speaker : No, Joshi Ji, you can't speak.

ਸ਼੍ਰੀ ਮਨੋਰੰਜਨ ਕਾਲੀਆ : ਸਪੀਕਰ ਸਾਹਿਬ, ਇਹ ਸ਼ਬਦ ਵਾਪਸ ਲੈਣ। (ਵਿਘਨ)

ਮਾਨਯੋਗ ਸਪੀਕਰ : ** ** ਸ਼ਬਦ ਐਕਸਪੰਜ ਕਰ ਦਿੱਤਾ ਜਾਵੇ।

ਮੰਤਰੀ : ** ** ** (ਵਿਘਨ, ਸ਼ੋਰ)

ਮਾਨਯੋਗ ਸਪੀਕਰ : ਐਕਸਪੰਜ ਕਰਵਾ ਦਿੱਤਾ ਹੈ ਜੀ। (ਵਿਘਨ, ਸ਼ੋਰ) ਕਾਲੀਆ ਜੀ ਬੈਠ ਜਾਉ।

PRESENTATION OF THE SECOND REPORT OF THE BUSINESS ADVISORY COMMITTEE

ਸੋਧੇ ਹੋਏ ਆਰਜ਼ੀ ਪ੍ਰੋਗਰਾਮ ਤੇ ਵਿਚਾਰ ਕਰਨ ਤੋਂ ਬਾਅਦ ਕਮੇਟੀ ਨੇ ਸਿਫ਼ਾਰਸ਼ ਕੀਤੀ ਕਿ ਮਿਤੀ 19.03.2015 ਤੋਂ 25.03.2015 ਤੱਕ ਪੰਜਾਬ ਵਿਧਾਨ ਸਭਾ ਦੀਆਂ ਬੈਠਕਾਂ ਦੌਰਾਨ ਨਿਮਨਲਿਖਤ ਕੰਮ-ਕਾਰ ਕੀਤਾ ਜਾਵੇਗਾ:-

ਵੀਰਵਾਰ, 19 ਮਾਰਚ, 2015 (10.00 ਵਜੇ ਸਵੇਰੇ)	ਗੈਰ ਸਰਕਾਰੀ ਕੰਮ-ਕਾਰ।
ਸ਼ੁੱਕਰਵਾਰ, 20 ਮਾਰਚ, 2015 (10.00 ਵਜੇ ਸਵੇਰ)	i) ਸਾਲ 2013-14 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀਆਂ ਰਿਪੋਰਟਾਂ (ਸਿਵਲ ਅਤੇ ਵਪਾਰਕ) ਅਤੇ ਸਾਲ 2013-14 ਲਈ ਪੰਜਾਬ ਸਰਕਾਰ ਦੇ ਵਿੱਤੀ ਲੇਖੇ ਅਤੇ ਸਾਲ 2013-14 ਲਈ ਨਮਿੱਤਣ ਲੇਖੇ।
	ii) ਸਾਲ 2007-2008, 2008-09, 2009-10 ਅਤੇ

** Expunged as ordered by the Chair.

	2010-11 ਲਈ ਅਨੁਪੂਰਕ ਅਨੁਮਾਨਾਂ ਦੇ ਸਬੰਧ ਵਿੱਚ ਗ੍ਰਾਂਟਾਂ ਲਈ ਵਾਧੂ ਮੰਗਾਂ ਪੇਸ਼ ਕਰਨਾ
	iii) ਸਾਲ 2007-2008, 2008-09, 2009-10 ਅਤੇ 2010-11 ਲਈ ਅਨੁਪੂਰਕ ਅਨੁਮਾਨਾਂ ਦੇ ਸਬੰਧ ਵਿੱਚ ਗ੍ਰਾਂਟਾਂ ਲਈ ਵਾਧੂ ਮੰਗਾਂ ਸਬੰਧੀ ਨਮਿੱਤਣ ਬਿਲ।
	iv) ਸਾਲ 2014-15 ਲਈ ਅਨੁਪੂਰਕ ਅਨੁਮਾਨਾਂ ਦੇ ਸਬੰਧ ਵਿਚ ਗ੍ਰਾਂਟਾਂ ਲਈ ਮੰਗਾਂ ਪੇਸ਼ ਕਰਨਾ।
	v) ਸਾਲ 2014-15 ਲਈ ਅਨੁਪੂਰਕ ਅਨੁਮਾਨਾਂ ਦੇ ਸਬੰਧ ਵਿਚ ਨਮਿੱਤਣ ਬਿਲ।
	vi) ਸਾਲ 2015-16 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ।
ਸ਼ਨਿੱਚਰਵਾਰ, 21 ਮਾਰਚ, 2015 ਐਤਵਾਰ, 22 ਮਾਰਚ, 2015 ਸੋਮਵਾਰ, 23 ਮਾਰਚ, 2015	ਛੁੱਟੀਆਂ
ਮੰਗਲਵਾਰ, 24 ਮਾਰਚ, 2015 (2.00 ਵਜੇ ਬਾਅਦ ਦੁਪਹਿਰ ਤੋਂ ਕਾਰਜ ਸੂਚੀ ਵਿਚ ਦਰਜ ਕੰਮ-ਕਾਰ ਸਮਾਪਤ ਹੋਣ ਤੱਕ)	i) ਸਾਲ 2015-16 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ ਮੁੜ ਆਰੰਭ ਕਰਨਾ। (ਸਮਾਪਤ ਕੀਤੀ ਜਾਵੇਗੀ।) ii) ਸਾਲ 2015-16 ਲਈ ਬਜਟ ਅਨੁਮਾਨਾਂ ਦੇ ਸਬੰਧ ਵਿਚ ਗਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ।

	iii)	ਸਾਲ 2015–16 ਲਈ ਬਜਟ ਅਨੁਮਾਨਾਂ ਦੇ ਸਬੰਧ ਵਿਚ ਨਮਿੱਤਣ ਬਿਲ।
ਬੁੱਧਵਾਰ, 25 ਮਾਰਚ, 2015	i)	ਸਰਕਾਰੀ ਮਤੇ
(10.00 ਵਜੇ ਸਵੇਰ)	ii)	ਵਿਧਾਨਕ ਕੰਮ–ਕਾਰ
	iii)	ਸਾਲ 2015–16 ਲਈ ਪੰਜਾਬ ਵਿਧਾਨ ਸਭਾ ਦੀਆਂ ਚੁਣੀਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ।
	iv)	ਸਦਨ ਨੂੰ ਅਣਮਿੱਥੇ ਸਮੇਂ ਲਈ ਸਥਗਿੱਤ ਕਰਨ ਸਬੰਧੀ ਨਿਯਮ 16 ਅਧੀਨ ਪ੍ਰਸਤਾਵ।

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫ਼ਾਰਸ਼ਾਂ ਨਾਲ ਅਸੰਗਤ ਹੋਏ/ਹੋਣ, ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ।

ਮਾਨਯੋਗ ਸਪੀਕਰ : ਹੁਣ ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨਗੇ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

"ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਦੂਜੀ ਰਿਪੋਰਟ ਵਿਚ ਦਰਜ ਸਿਫ਼ਾਰਸ਼ਾਂ ਨਾਲ ਸਹਿਮਤ ਹੈ।"

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

"ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਦੂਜੀ ਰਿਪੋਰਟ ਵਿਚ ਦਰਜ ਸਿਫ਼ਾਰਸ਼ਾਂ ਨਾਲ ਸਹਿਮਤ ਹੈ।"

ਮਾਨਯੋਗ ਸਪੀਕਰ : ਪ੍ਰਸ਼ਨ ਹੈ –

"ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਦੂਜੀ ਰਿਪੋਰਟ ਵਿਚ ਦਰਜ ਸਿਫ਼ਾਰਸ਼ਾਂ ਨਾਲ ਸਹਿਮਤ ਹੈ।"

ਪ੍ਰਸਤਾਵ ਪ੍ਰਵਾਨ ਹੋਇਆ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੇਰੀ ਤਾਂ ਇਕੋ ਹੀ ਬੇਨਤੀ ਹੈ ਕਿ ਮਿਤੀ 25.3.2015 ਨੂੰ ਲੈਜਿਸਲੇਟਿਵ ਬਿਜ਼ਨਸ ਆਉਣਾ ਹੈ। ਸਰਕਾਰ ਨੇ ਜਿਹੜੇ ਜਿਹੜੇ ਕਾਨੂੰਨ ਪਾਸ ਕਰਾਉਣੇ ਹਨ ਉਹ ਸਾਨੂੰ ਪਹਿਲਾਂ ਦੇ ਦਿੱਤੇ ਜਾਣ ਤਾਂ ਕਿ ਅਸੀਂ ਇੰਨ-ਟਾਈਮ ਤਿਆਰੀ ਕਰਕੇ ਆ ਸਕੀਏ। ਮੌਕੇ ਦੇ ਮੌਕੇ ਜਦੋਂ ਬਿਲ ਦਿੱਤਾ ਜਾਂਦਾ ਹੈ ਤਾਂ ਉਸ ਵਿਚ ਸਾਨੂੰ ਵੀ ਪਤਾ ਨਹੀਂ ਹੁੰਦਾ ਕਿ ਕੀ ਹੈ....

ਮਾਨਯੋਗ ਸਪੀਕਰ : ਉਹ ਸਰਕੂਲੇਟ ਹੋ ਗਏ ਹਨ।

PRESENTATION OF REPORTS OF THE COMMITTEES

ਮਾਨਯੋਗ ਸਪੀਕਰ : ਹੁਣ ਏਜੰਡੇ ਦੀ ਅਗਲੀ ਆਈਟਮ ਰਿਪੋਰਟਾਂ ਪੇਸ਼ ਕਰਨਾ। ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਦੇ ਸਭਾਪਤੀ ਰਿਪੋਰਟ ਪੇਸ਼ ਕਰਨਗੇ।

1. **ਸਭਾਪਤੀ, ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ (ਸਰਦਾਰ ਸਰਵਨ ਸਿੰਘ ਫਿਲੌਰ) :** ਸ਼੍ਰੀਮਾਨ ਜੀ, ਮੈਂ ਸਦਨ ਵਿਚ ਮੰਤਰੀ ਸਾਹਿਬਾਨਾਂ ਦੁਆਰਾ ਸਮੇਂ ਸਮੇਂ ਤੇ ਦਿੱਤੇ ਗਏ ਆਸ਼ਵਾਸਨਾਂ/ਵਚਨਾਂ ਅਤੇ ਵਿਸ਼ਵਾਸਾਂ ਆਦਿ ਦੀ ਪੜਤਾਲ ਕਰਨ ਲਈ ਸਾਲ 2014-15 ਲਈ ਗਠਿਤ ਕੀਤੀ ਗਈ ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਦੇ ਸਭਾਪਤੀ ਵਜੋਂ ਇਸ ਦੀ 45ਵੀਂ ਰਿਪੋਰਟ ਪੇਸ਼ ਕਰਦਾ ਹਾਂ।

   ਮਾਨਯੋਗ ਸਪੀਕਰ : ਹੁਣ ਕੁਐਸਚਨਜ਼ ਐਂਡ ਰੈਫਰੈਂਸਿਜ਼ ਕਮੇਟੀ ਦੇ ਮੈਂਬਰ ਸਾਹਿਬ ਰਿਪੋਰਟ ਪੇਸ਼ ਕਰਨਗੇ।

2. **ਮੈਂਬਰ, ਕੁਐਸਚਨਜ਼ ਐਂਡ ਰੈਫਰੈਂਸਿਜ਼ ਕਮੇਟੀ (ਸ਼੍ਰੀ ਜੋਗਿੰਦਰ ਪਾਲ ਜੈਨ) :** ਸ਼੍ਰੀਮਾਨ ਜੀ, ਮੈਂ ਸਾਲ 2014-15 ਲਈ ਗਠਿਤ ਕੀਤੀ ਗਈ ਕੁਐਸਚਨਜ਼ ਐਂਡ ਰੈਫਰੈਂਸਿਜ਼ ਕਮੇਟੀ ਦੇ ਮੈਂਬਰ ਵਜੋਂ ਅਧਿਕਾਰ ਦਿੱਤੇ ਜਾਣ ਤੇ ਇਸ ਦੀ 9ਵੀਂ ਰਿਪੋਰਟ ਸਦਨ ਵਿਚ ਪੇਸ਼ ਕਰਦਾ ਹਾਂ।

ਮਾਨਯੋਗ ਸਪੀਕਰ : ਹੁਣ ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਦੇ ਸਭਾਪਤੀ ਰਿਪੋਰਟ ਪੇਸ਼ ਕਰਨਗੇ।

3. **ਸਭਾਪਤੀ, ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ (ਸਰਦਾਰ ਹਰਪ੍ਰੀਤ ਸਿੰਘ)** : ਸ਼੍ਰੀਮਾਨ ਜੀ, ਮੈਂ ਜ਼ਿਲ੍ਹਾ ਪ੍ਰੀਸ਼ਦ, ਫਤਹਿਗੜ੍ਹ ਸਾਹਿਬ ਅਤੇ ਪੰਚਾਇਤ ਸੰਮਤੀ, ਖੇੜਾ (ਜ਼ਿਲ੍ਹਾ ਫਤਹਿਗੜ੍ਹ ਸਾਹਿਬ) ਅਤੇ ਨਗਰ ਕੌਂਸਲ, ਮਲੇਰਕੋਟਲਾ ਦੇ ਆਮ ਕੰਮਕਾਜ ਅਤੇ ਪੰਚਾਇਤੀ ਰਾਜ ਇਕਾਈਆਂ ਕਮੇਟੀ ਦੀਆਂ ਕ੍ਰਮਵਾਰ (i) 12ਵੀਂ, (ii) 13ਵੀਂ ਅਤੇ (iii) 14ਵੀਂ ਰਿਪੋਰਟ ਸਦਨ ਵਿਚ ਪੇਸ਼ ਕਰਦਾ ਹਾਂ।

PAPERS LAID ON THE TABLE OF THE HOUSE

ਮਾਨਯੋਗ ਸਪੀਕਰ : ਅਗਲੀ ਆਈਟਮ, ਸਦਨ ਦੀ ਟੇਬਲ ਤੇ ਕਾਗਜ਼-ਪੱਤਰ ਰੱਖਣਾ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜਸੂਚੀ ਵਿਚ ਮੱਦ ਨੰ: V ਅਧੀਨ ਦਰਸਾਏ ਗਏ ਲੜੀ ਨੰ: 1 ਤੋਂ 6 ਤੱਕ ਦੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ:-

1. ਸਾਲ 2013-14 ਲਈ ਪੰਜਾਬ ਸੇਵਾ ਦਾ ਅਧਿਕਾਰ ਕਮਿਸ਼ਨ ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਸੇਵਾ ਦਾ ਅਧਿਕਾਰ ਐਕਟ, 2011 ਦੀ ਧਾਰਾ 18(2) ਅਧੀਨ ਲੋੜੀਂਦਾ ਹੈ।
2. ਸਾਲ 1.4.2014 ਤੋਂ 30.9.2014 ਤੱਕ ਬਜਟ (2014-15) ਦੇ ਸਬੰਧ ਵਿੱਚ ਪ੍ਰਾਪਤੀਆਂ ਅਤੇ ਖਰਚਿਆਂ ਦੀਆਂ ਪ੍ਰਵਿਰਤੀਆਂ ਦੇ ਵਿਵਰਣ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ, 2003 ਦੀ ਧਾਰਾ 6(1) ਅਧੀਨ ਲੋੜੀਂਦਾ ਹੈ।
3. ਸਾਲ 2010-11 ਲਈ ਨੀਮ ਚਮੇਲੀ ਟੂਰਿਸਟ ਕੰਪਲੈਕਸ ਲਿਮਿਟਡ ਦੀ 8ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।
4. ਸਾਲ 2010-11 ਲਈ ਅੰਮ੍ਰਿਤਸਰ ਹੋਟਲ ਲਿਮਿਟਡ ਦੀ 8ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

5. ਸਾਲ 2010-11 ਲਈ ਗੁਲਮੋਹਰ ਟੂਰਿਸਟ ਕੰਪਲੈਕਸ ਲਿਮਿਟਡ (ਹੋਲੀਡੇ ਹੋਮ) ਦੀ 8ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।
6. ਸਾਲ 2010-11 ਲਈ ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਲਿਮਿਟਡ ਦੀ 40ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

-----

1. NON-OFFICIAL RESOLUTION REGARDING RECOMMENDATION TO THE STATE GOVERNMENT TO TAKE EFFECTIVE STEPS TO CHECK THE RISING NUMBER OF NOT ONLY FATAL ACCIDENTS ON ACCOUNT OF ABANDONED / STRAY CATTLE IN THE STATE BUT ALSO CAUSING CONSIDERABLE DAMAGE TO THE CROPS OF THE FARMERS.

ਮਾਨਯੋਗ ਸਪੀਕਰ : ਅਗਲੀ ਆਈਟਮ, ਗੈਰ ਸਰਕਾਰੀ ਮਤੇ। ਸਰਦਾਰ ਮਹੇਸ਼ਇੰਦਰ ਸਿੰਘ ਜੀ ਗੈਰ ਸਰਕਾਰੀ ਮਤਾ ਪੇਸ਼ ਕਰਨਗੇ।

ਸ਼੍ਰੀ ਭਾਰਤ ਭੂਸ਼ਣ ਆਸ਼ੂ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਛੇ ਨੰਬਰ ਤੇ ਸਨਅਤ, ਉਦਯੋਗ ਅਤੇ ਟਰੇਡਰਜ਼ ਨਾਲ ਸੰਬੰਧਿਤ ਰੈਜ਼ੋਲਿਊਸ਼ਨ ਹੈ।

ਮਾਨਯੋਗ ਸਪੀਕਰ : ਹੁਣ ਤਾਂ ਆਪਾਂ ਅੱਗੇ ਲੰਘ ਆਏ ਹਾਂ।

ਸ਼੍ਰੀ ਭਾਰਤ ਭੂਸ਼ਣ ਆਸ਼ੂ : ਸਪੀਕਰ ਸਾਹਿਬ, ਇਹ ਹਾਲੇ ਆਉਣਾ ਹੈ। ਮੇਰੀ ਬੇਨਤੀ ਇਹ ਹੈ ਕਿ ਇਹ ਬਹੁਤ ਹੀ ਅਹਿਮ ਮਸਲਾ ਹੈ। ਇਸ ਲਈ ਪਹਿਲੇ ਪੰਜ ਮਤਿਆਂ ਨੂੰ ਟਾਈਮ ਬਾਊਂਡ ਕਰ ਦਿੱਤਾ ਜਾਵੇ ਤਾਂ ਕਿ ਆਪਾਂ ਇੱਥੇ ਤੱਕ ਪਹੁੰਚ ਜਾਈਏ।

ਮਾਨਯੋਗ ਸਪੀਕਰ : ਮੈਂ ਇਹ ਨਹੀਂ ਕਰ ਸਕਦਾ। ਹਾਂ ਜੀ, ਸਰਦਾਰ ਮਹੇਸ਼ਇੰਦਰ ਸਿੰਘ ਜੀ।

ਸਰਦਾਰ ਮਹੇਸ਼ਇੰਦਰ ਸਿੰਘ : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

"ਕਿ ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫ਼ਾਰਸ਼ ਕਰਦਾ ਹੈ ਕਿ ਰਾਜ ਵਿੱਚ ਅਵਾਰਾ ਪਸ਼ੂਆਂ ਦੇ ਸ਼ਹਿਰਾਂ ਵਿੱਚ ਅਤੇ ਸੜਕਾਂ ਤੇ ਤੁਰੇ ਫਿਰਨ ਕਾਰਨ ਭਾਰੀ ਗਿਣਤੀ ਵਿੱਚ ਵਾਪਰਦੇ ਭਿਆਨਕ ਹਾਦਸਿਆਂ ਨੂੰ ਰੋਕਣ ਲਈ ਅਸਰਦਾਰ ਕਦਮ ਚੁੱਕੇ ਜਾਣ।"

ਸਪੀਕਰ ਸਾਹਿਬ, ਮੈਂ ਇਸ ਮਤੇ ਦੇ ਨਾਲ ਇਹ ਸੋਧਨਾ ਵੀ ਪੇਸ਼ ਕਰਦਾ ਹਾਂ ਕਿ ਇਸ ਮਤੇ ਦੇ ਨਾਲ ਇਹ ਲਾਈਨ ਜੋੜ ਲਈ ਜਾਵੇ :

"ਅਤੇ ਇਨ੍ਹਾਂ ਦੁਆਰਾ ਕਿਸਾਨਾਂ ਦੀਆਂ ਫ਼ਸਲਾਂ ਦੇ ਕੀਤੇ ਜਾਂਦੇ ਭਾਰੀ ਨੁਕਸਾਨ"

ਮਾਨਯੋਗ ਸਪੀਕਰ : ਸਰਦਾਰ ਮਹੇਸ਼ਇੰਦਰ ਸਿੰਘ ਜੀ ਵੱਲੋਂ ਜੋ ਮਤਾ ਪੜ੍ਹਿਆ ਗਿਆ ਹੈ, ਉਸ ਵਿੱਚ ਨਾਲ ਸੋਧਨਾ ਦਾ ਨੋਟਿਸ ਦਿੱਤਾ ਗਿਆ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਸ ਨੂੰ ਪੜ੍ਹਿਆ ਤੇ ਪ੍ਰਸਤਾਵ ਪੇਸ਼ ਕੀਤਾ ਸਮਝਿਆ ਜਾਵੇ ।

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

"ਕਿ ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫ਼ਾਰਸ਼ ਕਰਦਾ ਹੈ ਕਿ ਰਾਜ ਵਿੱਚ ਅਵਾਰਾ ਪਸ਼ੂਆਂ ਦੇ ਸ਼ਹਿਰਾਂ ਵਿੱਚ ਅਤੇ ਸੜਕਾਂ ਤੇ ਤੁਰੇ ਫਿਰਨ ਕਾਰਨ ਭਾਰੀ ਗਿਣਤੀ ਵਿੱਚ ਵਾਪਰਦੇ ਭਿਆਨਕ ਹਾਦਸਿਆਂ ਅਤੇ ਇਨ੍ਹਾਂ ਦੁਆਰਾ ਕਿਸਾਨਾਂ ਦੀਆਂ ਫ਼ਸਲਾਂ ਦੇ ਕੀਤੇ ਜਾਂਦੇ ਭਾਰੀ ਨੁਕਸਾਨ ਨੂੰ ਰੋਕਣ ਲਈ ਅਸਰਦਾਰ ਕਦਮ ਚੁੱਕੇ ਜਾਣ।"

ਬਹਿਸ, ਹਾਂ ਜੀ ਸਰਦਾਰ ਮਹੇਸ਼ਇੰਦਰ ਸਿੰਘ ਜੀ ?

ਸਰਦਾਰ ਮਹੇਸ਼ਇੰਦਰ ਸਿੰਘ (ਬਾਘਾ ਪੁਰਾਣਾ) : ਸਪੀਕਰ ਸਾਹਿਬ, ਅਵਾਰਾ ਪਸ਼ੂਆਂ ਕਰਕੇ ਸ਼ਹਿਰਾਂ ਦੀਆਂ ਸੜਕਾਂ ਤੇ ਬਹੁਤ ਹੀ ਵੱਡੇ ਭਿਆਨਕ ਹਾਦਸੇ ਵਾਪਰਦੇ ਹਨ, ਕਿਸਾਨਾਂ ਦੀਆਂ ਫ਼ਸਲਾਂ ਦਾ ਨੁਕਸਾਨ ਹੁੰਦਾ ਹੈ। ਇਸ ਦੇ ਬਹੁਤ ਸਾਰੇ ਮਾੜੇ ਨਤੀਜੇ ਨਿਕਲਦੇ ਹਨ ਤੇ ਇਸ ਵਾਸਤੇ ਬਹੁਤ ਸਾਰੇ ਅਸਰਦਾਰ ਕਦਮ ਚੁੱਕਣ ਦੀ ਜ਼ਰੂਰਤ ਹੈ। ਮੈਂ ਕੁਝ ਸੁਝਾਅ ਵੀ ਦੇਵਾਂਗਾ ਤੇ ਇਨ੍ਹਾਂ ਪਸ਼ੂਆਂ ਕਾਰਨ ਪਿਛਲੇ ਸਮਿਆਂ ਵਿੱਚ ਜਿਹੜੀਆਂ ਦੁਰਘਟਨਾਵਾਂ ਸਾਡੇ

ਸੂਬੇ ਅਤੇ ਸਾਡੇ ਸਮਾਜ ਨੂੰ ਦਰਪੇਸ਼ ਆਈਆਂ ਹਨ, ਉਹ ਵੀ ਆਪ ਜੀ ਦੀ ਖ਼ਿਦਮਤ ਵਿੱਚ ਰੱਖਣਾ ਚਾਹੁੰਦਾ ਹਾਂ।

ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਸਾਡੇ ਸੂਬੇ ਦੇ 13,040 ਪਿੰਡ ਹਨ ਅਤੇ ਇੰਨੀ ਛੋਟੀ ਜਿਹੀ ਅਬਾਦੀ ਵਿੱਚ 1,06,000 ਬੇਸਹਾਰਾ ਪਸ਼ੂ ਹਨ ਜਿਨ੍ਹਾਂ ਵਿੱਚ ਜ਼ਿਆਦਾ ਗਿਣਤੀ ਗਊਆਂ ਦੀ ਆਉਂਦੀ ਹੈ। ਇਨ੍ਹਾਂ ਗਊਆਂ ਦੀ ਜ਼ਿਆਦਾ ਗਿਣਤੀ ਪਿੰਡਾਂ ਵਿੱਚ ਹੋਣ ਕਾਰਨ ਇਹ ਕਿਸਾਨਾਂ ਦੀਆਂ ਫ਼ਸਲਾਂ ਨੂੰ ਖਰਾਬ ਕਰਦੀਆਂ ਹਨ ਜਿਸ ਕਾਰਨ ਕਿਸਾਨ ਉਨ੍ਹਾਂ ਗਊਆਂ ਨੂੰ ਧੱਕ ਕੇ ਕਸਬਿਆਂ ਵੱਲ, ਸ਼ਹਿਰਾਂ ਵੱਲ ਕਰ ਦਿੰਦੇ ਹਨ। ਜਿਸ ਕਾਰਨ ਹਾਦਸੇ ਵਾਪਰਦੇ ਹਨ ਅਤੇ ਜਾਨੀ ਨੁਕਸਾਨ ਹੁੰਦਾ ਹੈ। ਇਨ੍ਹਾਂ ਅਵਾਰਾ ਪਸ਼ੂਆਂ ਕਾਰਨ ਸ਼ਹਿਰਾਂ ਵਿੱਚ ਲੋਕ ਸੁਰੱਖਿਅਤ ਤੁਰ-ਫਿਰ ਨਹੀਂ ਸਕਦੇ, ਸਕੂਲੀ ਬੱਚਿਆਂ ਨੂੰ ਮੁਸ਼ਕਲਾਂ ਆਉਂਦੀਆਂ ਹਨ, ਟ੍ਰੈਫਿਕ ਨੂੰ ਮੁਸ਼ਕਲਾਂ ਆਉਂਦੀਆਂ ਹਨ। ਸਪੀਕਰ ਸਾਹਿਬ, ਸਾਡੇ ਪੰਜਾਬ ਦੇ 161 ਕਸਬੇ ਹਨ। ਪਿੰਡਾਂ ਦੇ ਕਿਸਾਨਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਆਪਣੀਆਂ ਫ਼ਸਲਾਂ ਨੂੰ ਬਚਾਉਣ, ਇਸ ਲਈ ਉਹ ਇਨ੍ਹਾਂ ਬੇਸਹਾਰਾ ਗਊਆਂ ਅਤੇ ਦੂਸਰੇ ਅਵਾਰਾ ਪਸ਼ੂਆਂ ਨੂੰ ਕਸਬਿਆਂ ਵੱਲ ਧੱਕ ਦਿੰਦੇ ਹਨ ਜਿਸ ਕਾਰਨ ਬਹੁਤ ਵੱਡੇ ਹਾਦਸੇ ਵਾਪਰਦੇ ਹਨ।

*12.08 ਵਜੇ ਬਾਅਦ ਦੁਪਹਿਰ (*ਇਸ ਸਮੇਂ ਸਰਦਾਰ ਇਕਬਾਲ ਸਿੰਘ ਝੂੰਦਾਂ, ਮੈਂਬਰ, ਪੈਨਲ ਆਫ਼ ਚੇਅਰਮੈਨ ਨੇ ਸਦਨ ਦੀ ਕੁਰਸੀ ਸੰਭਾਲੀ।)

ਚੇਅਰਮੈਨ ਸਾਹਿਬ, ਤੁਸੀਂ ਮੇਰੀ ਗੱਲ ਸੁਣ ਕੇ ਹੈਰਾਨ ਹੋਵੋਗੇ ਕਿ ਪਿਛਲੇ ਦੋ ਸਾਲਾਂ ਵਿੱਚ ਬੇਸਹਾਰਾ ਗਊਆਂ ਕਾਰਨ ਵਾਪਰੇ ਹਾਦਸਿਆਂ ਵਿੱਚ 147 ਲੋਕਾਂ ਦੀ ਮੌਤ ਹੋਈ ਹੈ ਅਤੇ ਇਨ੍ਹਾਂ ਵਿਚੋਂ ਜ਼ਿਆਦਾਤਰ ਐਕਸੀਡੈਂਟ ਅਮਰੀਕਨ ਗਊਆਂ ਕਰਕੇ ਹੋਏ ਹਨ। ਕਾਰਨ ਇਹ ਹੈ ਕਿ ਉਨ੍ਹਾਂ ਦਾ ਰੰਗ ਕਾਲਾ ਹੁੰਦਾ ਹੈ ਅਤੇ ਰਾਤ ਨੂੰ ਉਹ ਸਾਨੂੰ ਦਿਖਾਈ ਨਹੀਂ ਦਿੰਦੀਆਂ। ਜਿਸ ਕਾਰਨ ਜ਼ਿਆਦਾ ਹਾਦਸੇ ਵਾਪਰਦੇ ਹਨ। ਇੱਥੇ ਆਪੋਜ਼ੀਸ਼ਨ ਦੇ ਲੀਡਰ ਸਾਹਿਬ ਬੈਠੇ ਸਨ, ਮੈਂ ਉਨ੍ਹਾਂ ਨੂੰ ਵੀ ਗੁਜਾਰਿਸ਼ ਕਰਦਾ ਹਾਂ ਕਿ ਜਦੋਂ ਕੋਈ ਅਜਿਹਾ ਹਾਦਸਾ ਵਾਪਰਦਾ ਹੈ ਤਾਂ ਉਹ ਉਨ੍ਹਾਂ ਦੇ ਪਰਿਵਾਰਾਂ ਲਈ ਉਤਨਾ ਹੀ ਵੱਡਾ ਮੁੱਦਾ ਤੇ ਉਨਾ ਹੀ ਵੱਡਾ ਇਸ਼ੂ ਬਣ ਜਾਂਦਾ ਹੈ ਕਿ ਆਪ ਮਰੇ ਜਗ ਪਰਲੋ। ਜਿਸ ਦੇ ਘਰ ਦਾ ਜੀਅ ਚਲਾ ਗਿਆ ਹੈ, ਉਸ ਲਈ ਅੱਤਵਾਦ ਦਾ ਮੁੱਦਾ ਵੀ ਉਤਨਾ ਕੁ ਹੀ ਮਾਇਨੇ ਰੱਖਦਾ

[ਸਰਦਾਰ ਮਹੇਸ਼ਇੰਦਰ ਸਿੰਘ]

ਹੈ ਜਿੰਨੇ ਦੂਸਰੇ ਮੁੱਦੇ ਹਨ। ਅਬੋਹਰ ਵਿੱਚ ਇੱਕ ਪਰਿਵਾਰ ਰਾਤ ਨੂੰ ਸਫ਼ਰ ਤੇ ਨਿਕਲਿਆ ਹੋਇਆ ਸੀ। ਉਹ ਕਿਸੇ ਧਾਰਮਿਕ ਸਥਾਨ ਤੋਂ ਆਏ ਸਨ। ਰਸਤੇ ਵਿੱਚ ਕਾਲੇ ਰੰਗ ਦਾ ਅਮਰੀਕਨ ਢੱਠਾ ਖੜ੍ਹਾ ਸੀ, ਜਿਹੜਾ ਉਨ੍ਹਾਂ ਨੂੰ ਨਜ਼ਰ ਨਹੀਂ ਆਇਆ। ਪੂਰੇ ਦਾ ਪੂਰਾ ਪਰਿਵਾਰ ਹਾਦਸਾਗ੍ਰਸਤ ਹੋ ਗਿਆ।

ਇੱਥੇ ਹੀ ਬੱਸ ਨਹੀਂ, ਚੇਅਰਮੈਨ ਸਾਹਿਬ, 3 ਲੱਖ ਗਊਆਂ ਹੋਰ ਹਨ। 1,06,000 ਬੇਸਹਾਰਾ ਗਊਆਂ ਤਾਂ ਸੜਕਾਂ ਤੇ ਫਿਰਦੀਆਂ ਹਨ ਪਰੰਤੂ ਤਿੰਨ ਲੱਖ ਗਊਆਂ ਗਊਸ਼ਾਲਾਵਾਂ ਵਿੱਚ ਵੀ ਰਹਿੰਦੀਆਂ ਹਨ। ਇਸ ਸਮੇਂ ਪੰਜਾਬ ਵਿੱਚ 470 ਗਊਸ਼ਾਲਾਵਾਂ ਹਨ ਜਿਨ੍ਹਾਂ ਨੂੰ ਸਾਡੇ ਸਾਧੂ-ਸੰਤ ਚਲਾਉਂਦੇ ਹਨ ਜਾਂ ਬਹੁਤ ਸਾਰੀਆਂ ਐਨ.ਜੀ.ਓਜ਼. ਅਤੇ ਸਮਾਜ ਸੇਵੀ ਸੰਸਥਾਵਾਂ ਇਨ੍ਹਾਂ ਤਿੰਨ ਲੱਖ ਗਊਆਂ ਨੂੰ ਸਾਂਭ ਰਹੀਆਂ ਹਨ। ਸਭ ਤੋਂ ਵੱਡੀ ਮੁਸ਼ਕਲ ਅਤੇ ਤਰਾਸਦੀ ਇਹ ਹੈ ਕਿ ਪੰਜਾਬ ਵਿੱਚ ਇੱਕ ਫਿਰਕਾ ਐਸਾ ਹੈ, ਜਿਹੜਾ ਗਊ ਦੀ ਪੂਜਾ ਕਰਦਾ ਹੈ, ਉਸ ਨੂੰ ਮਾਂ ਦਾ ਦਰਜਾ ਦਿੰਦਾ ਹੈ, ਉਸ ਦੇ ਸਮਾਨ ਸਮਝਦਾ ਹੈ। ਮੇਰੇ ਮਨ ਵਿੱਚ ਵੀ ਇਨ੍ਹਾਂ ਦਾ ਬਹੁਤ ਵੱਡਾ ਸਤਿਕਾਰ ਹੈ ਪਰੰਤੂ ਇੱਕ ਫਿਰਕਾ ਐਸਾ ਹੈ, ਜਿਸ ਦੀ ਫ਼ਸਲ ਨੂੰ ਇਹ ਗਊਆਂ ਖਰਾਬ ਕਰਦੀਆਂ ਹਨ। ਉਨ੍ਹਾਂ ਨੂੰ ਪਿਆਰ-ਸਤਿਕਾਰ ਇਸ ਗੱਲ ਨਾਲ ਨਹੀਂ ਹੈ, ਉਨ੍ਹਾਂ ਨੂੰ ਆਪਣੀ ਫ਼ਸਲ ਨਾਲ ਪਿਆਰ ਹੈ ਕਿਉਂਕਿ ਉਨ੍ਹਾਂ ਨੇ ਆਪਣਾ ਪੇਟ ਪਾਲਣਾ ਹੈ, ਪਰਿਵਾਰ ਪਾਲਣਾ ਹੈ, ਬੱਚੇ ਪਾਲਣੇ ਹਨ। ਸਤਿਕਾਰਯੋਗ ਚੇਅਰਮੈਨ ਸਾਹਿਬ, ਜਦੋਂ ਉਨ੍ਹਾਂ ਦੀ ਫ਼ਸਲ ਦਾ ਨੁਕਸਾਨ ਹੁੰਦਾ ਹੈ ਤਾਂ ਇਨ੍ਹਾਂ ਦੋ ਫਿਰਕਿਆਂ ਵਿੱਚ ਬਹੁਤ ਵੱਡਾ ਤਣਾਅ ਪੈਦਾ ਹੋ ਜਾਂਦਾ ਹੈ। ਉਨ੍ਹਾਂ ਫਿਰਕਿਆਂ ਦੇ ਵਿੱਚ ਇਨ੍ਹਾਂ ਸਾਰੀਆਂ ਗੱਲਾਂ ਕਰਕੇ ਬਹੁਤ ਵੱਡਾ ਰੋਸ ਪੈਦਾ ਹੋ ਜਾਂਦਾ ਹੈ। ਜਿਹੜੀਆਂ ਅਵਾਰਾ ਬੇਸਹਾਰਾ ਗਊਆਂ ਫਿਰਦੀਆਂ ਹਨ, ਉਨ੍ਹਾਂ ਨੂੰ ਸਾਡੇ ਜ਼ਿੰਮੀਦਾਰ ਕਿਸਾਨ ਟਰਾਲੀਆਂ ਤੇ, ਟਰੱਕਾਂ ਤੇ ਲੱਦ ਕੇ ਕਈ ਦਫ਼ਾ ਕਿਤੇ ਹੋਰ ਛੱਡਣ ਜਾਂਦੇ ਹਨ ਕਿਉਂਕਿ 100-100, 150-150 ਗਾਂ ਇਕੱਠੀ ਫਿਰਦੀ ਹੈ, ਉਹ ਜਿਸ ਕਿਸਾਨ ਦੇ ਖੇਤ ਵਿੱਚ ਚਲੀ ਗਈ, ਉਥੇ ਸਾਰੀ ਦੀ ਸਾਰੀ ਫ਼ਸਲ ਦਾ ਉਜਾੜਾ ਹੋ ਜਾਣ ਨਾਲ ਬੜਾ ਭਾਰੀ ਨੁਕਸਾਨ ਹੋ ਜਾਂਦਾ ਹੈ। ਕਿਸਾਨ ਦੀ ਫ਼ਸਲ ਦਾ ਬੀਮਾ ਵੀ ਕੋਈ ਨਹੀਂ ਹੁੰਦਾ। ਗੜ੍ਹੇਮਾਰੀ ਹੋ ਜਾਣਾ ਤਾਂ ਕੁਦਰਤ ਦੀ ਕਰੋਪੀ ਹੈ ਲੇਕਿਨ ਜਦੋਂ ਅਜਿਹੇ ਬੇਸਹਾਰਾ ਪਸ਼ੂ ਕਿਸੇ ਦੀ ਫ਼ਸਲ ਦਾ ਨੁਕਸਾਨ ਕਰਦੇ ਹਨ, ਉਦੋਂ ਉਨ੍ਹਾਂ ਕੋਲ ਟਰਾਲੀਆਂ/ਟਰੱਕਾਂ ਵਿੱਚ ਲੱਦ ਕੇ ਕਿਤੇ ਦੂਰ-ਦਰਾਡੇ ਛੱਡ ਆਉਣ ਦੇ ਸਿਵਾਏ ਹੋਰ ਕੋਈ ਚਾਰਾ ਨਹੀਂ ਰਹਿੰਦਾ।

ਵੱਡੀ ਤ੍ਰਾਸਦੀ ਇਹ ਹੈ ਕਿ ਅਸੀਂ ਕਾਨੂੰਨੀ ਤੌਰ ਤੇ ਇਨ੍ਹਾਂ ਪਸ਼ੂਆਂ ਨੂੰ ਟਰੱਕਾਂ/ਟਰਾਲੀਆਂ ਵਿੱਚ ਲੱਦ ਨਹੀਂ ਸਕਦੇ ਕਿਉਂਕਿ ਇਸ ਕੰਮ ਤੋਂ ਦੂਸਰਾ ਫਿਰਕਾ ਸਾਨੂੰ ਰੋਕਦਾ ਹੈ। ਟਰਾਲੀਆਂ/ਟਰੱਕਾਂ ਤੋਂ ਇਨ੍ਹਾਂ ਪਸ਼ੂਆਂ ਨੂੰ ਉਤਾਰਨ ਦੀ ਕੋਈ ਪਰਾਪਰ ਜਗ੍ਹਾ ਨਾ ਹੋਣ ਕਾਰਨ ਉਤੋਂ ਧੱਕੇ ਦੇ ਦੇ ਕੇ ਇਨ੍ਹਾਂ ਨੂੰ ਛੱਡਿਆ ਜਾਂਦਾ ਹੈ। ਇਸ ਤਰ੍ਹਾਂ ਕਿਸੇ ਦੀ ਲੱਤ ਟੁੱਟ ਜਾਂਦੀ ਹੈ, ਕਿਸੇ ਦਾ ਹੋਰ ਨੁਕਸਾਨ ਹੋ ਜਾਂਦਾ ਹੈ। ਜਿਹੜੇ ਫਿਰਕੇ ਜਾਨਵਰ ਦੀ ਪੂਜਾ ਕਰਦੇ ਹਨ, ਇਸ ਨੂੰ ਮਾਂ ਦਾ ਦਰਜਾ ਦਿੰਦੇ ਹਨ, ਉਹ ਕਹਿੰਦੇ ਹਨ ਕਿ ਅਜਿਹਾ ਕਰਨ ਨਾਲ ਸਾਡੀਆਂ ਬੇਸਹਾਰਾ ਗਊਆਂ ਅਪਾਹਜ ਹੋ ਜਾਂਦੀਆਂ ਹਨ। ਉਹ ਜਿਹੜੀਆਂ ਅਪਾਹਜ ਹੁੰਦੀਆਂ ਹਨ, ਉਹ ਦੂਜੇ ਫਿਰਕੇ ਦੇ ਮਨਾਂ ਵਿੱਚ ਹੋਰ ਅਸਰ ਪਾਉਂਦੀਆਂ ਹਨ। ਜੋ ਕਿ ਦੋਨੋਂ ਹੀ ਫਿਰਕਿਆਂ ਦੇ ਮਨਾਂ ਵਿੱਚ ਇੱਕ ਬਹੁਤ ਵੱਡਾ ਤਣਾਅ ਪੈਦਾ ਕਰ ਦਿੰਦੀ ਹੈ। ਇਸ ਨੂੰ ਹੱਲ ਕਰਨਾ ਪ੍ਰਸ਼ਾਸਨ, ਸਰਕਾਰ ਅਤੇ ਸਮਾਜ ਸੇਵੀ ਲੋਕਾਂ ਲਈ ਇੱਕ ਬਹੁਤ ਵੱਡਾ ਕਠਿਨ ਕਾਰਜ ਬਣ ਜਾਂਦਾ ਹੈ। ਸੋ, ਇਹ ਸਾਡੇ ਪਿੰਡਾਂ ਅਤੇ ਸ਼ਹਿਰਾਂ ਦੀ ਸਾਂਝੀ ਸਮੱਸਿਆ ਹੈ।

ਸਤਿਕਾਰਯੋਗ ਚੇਅਰਮੈਨ ਸਾਹਿਬ, ਇਨ੍ਹਾਂ ਗੱਲਾਂ ਦੇ ਹੱਲ ਲਈ ਪੰਜਾਬ ਦੀ ਹਕੂਮਤ ਨੇ ਪੰਜਾਬ ਗਊ ਸੇਵਾ ਕਮਿਸ਼ਨ ਦੀ ਸਥਾਪਨਾ ਕੀਤੀ ਹੈ। ਸਤਿਕਾਰਯੋਗ ਸੀ.ਐਮ. ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਉਸ ਦੀ ਪਹਿਲੀ ਮੀਟਿੰਗ ਅਟੈਂਡ ਕੀਤੀ ਸੀ। ਜਿਸ ਵਿੱਚ ਉਨ੍ਹਾਂ ਨੇ ਆਪਣੇ ਵੱਲੋਂ ਆਦੇਸ਼ ਦਿੱਤੇ ਸੀ ਕਿ ਪੰਜਾਬ ਦੇ 22 ਜ਼ਿਲ੍ਹਿਆਂ ਵਿੱਚ ਹਰ ਡਿਸਟ੍ਰਿਕਟ ਹੈਡਕਵਾਰਟਰ ਤੇ 25 ਏਕੜ ਵਿੱਚ ਇੱਕ ਗਊਸ਼ਾਲਾ ਬਣਾਈ ਜਾਵੇਗੀ। ਉਨ੍ਹਾਂ ਗਊਸ਼ਾਲਾਵਾਂ ਦੇ ਕੰਮ ਕੀ ਹਨ ਜਾਂ ਉਨ੍ਹਾਂ ਦੇ ਅਧਿਕਾਰ ਕੀ ਹਨ ਜਾਂ ਉਨ੍ਹਾਂ ਦੇ ਫਾਈਨਾਂਸ ਦੀ ਦੇਖ-ਰੇਖ ਕਰਨੀ, ਉਨ੍ਹਾਂ ਪਸ਼ੂਆਂ ਲਈ ਹਰੇ ਅਤੇ ਸੁੱਕੇ ਚਾਰੇ ਦਾ ਕਿਥੋਂ ਪ੍ਰਬੰਧ ਕਰਨਾ ਹੈ, ਆਦਿ ਬਾਰੇ ਗਊ ਕਮਿਸ਼ਨ ਨੂੰ ਕੋਈ ਅਖ਼ਤਿਆਰਾਤ ਨਹੀਂ ਦਿੱਤੇ ਗਏ ਜਾਂ ਉਨ੍ਹਾਂ ਨੂੰ ਆਦੇਸ਼ ਨਹੀਂ ਦਿੱਤੇ ਗਏ। ਜਿਸ ਕਾਰਨ ਇਨ੍ਹਾਂ ਗੱਲਾਂ ਦੀ ਸਾਨੂੰ ਬਹੁਤ ਵੱਡੀ ਮੁਸ਼ਕਲ ਆ ਰਹੀ ਹੈ। ਇਸ ਵਾਸਤੇ ਮੈਂ ਮੌਜੂਦਾ ਹਕੂਮਤ ਨੂੰ, ਸਾਡੇ ਸੀ.ਐਮ. ਸਾਹਿਬ ਨੂੰ ਅਤੇ ਸਾਡੇ ਕਨਸਰਨਡ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਗੱਲ ਵੱਲ ਉਚੇਚਾ ਧਿਆਨ ਦੇਣ ਕਿ ਇਹ ਸਾਰੇ ਜਿਹੜੇ ਅਧਿਕਾਰ ਹਨ, ਜਿਹੜੀਆਂ ਡਿਊਟੀਆਂ ਹਨ, ਉਹ ਕਿਸ ਤਰੀਕੇ ਦੇ ਨਾਲ ਦੇਣੀਆਂ ਹਨ, ਕਿਵੇਂ ਪ੍ਰੋਵਾਈਡ ਕਰਨੀਆਂ ਹਨ।

ਸੀ.ਐਮ. ਸਾਹਿਬ ਨੇ ਹੁਕਮ ਲਾਇਆ ਸੀ ਕਿ ਅਸੀਂ 22 ਗਊਸ਼ਾਲਾਵਾਂ ਬਣਾਉਣੀਆਂ ਹਨ। ਮੈਂ ਪਹਿਲਾਂ ਜ਼ਿਕਰ ਕਰ ਚੁੱਕਿਆ ਹਾਂ ਕਿ ਸਾਡੀ ਤਿੰਨ ਲੱਖ ਗਊ ਅਜਿਹੀਆਂ ਗਊਸ਼ਾਲਾਵਾਂ ਵਿੱਚ ਰਹਿੰਦੀ ਹੈ, ਜਿਨ੍ਹਾਂ ਨੂੰ ਸਾਧੂ ਸੰਤ ਚਲਾਉਂਦੇ ਹਨ ਪਰੰਤੂ ਇਸ ਤੋਂ ਇਲਾਵਾ 1,06,000 ਗਊ ਅਜਿਹੀ ਹੈ, ਜਿਹੜੀ ਬੇਸਹਾਰਾ ਹੈ ਔਰ ਇਨ੍ਹਾਂ ਵਿੱਚ ਖਾਸ ਤੌਰ ਤੇ ਅਮਰੀਕਨ ਗਊਆਂ ਜ਼ਿਆਦਾ ਹਨ। ਸੀ.ਐਮ. ਸਾਹਿਬ ਦੇ ਹੁਕਮ ਦੇ ਮੁਤਾਬਿਕ ਜਦੋਂ ਸਾਡੀਆਂ 22 ਗਊਸ਼ਾਲਾਵਾਂ ਹਰ ਡਿਸਟ੍ਰਿਕਟ ਦੇ ਵਿੱਚ ਬਣ ਗਈਆਂ ਤਾਂ ਇੱਕ ਗਊਸ਼ਾਲਾ ਦੇ ਵਿੱਚ 3000 ਗਊਆਂ ਰੱਖਣ ਦੀ ਕਪੈਸਿਟੀ ਹੋਵੇਗੀ। ਇਸ ਤਰ੍ਹਾਂ 66,000 ਗਊਆਂ ਤਾਂ ਉਥੇ ਆ ਗਈਆਂ ਪਰੰਤੂ ਜਿਹੜਾ ਅੱਜ ਪੰਜਾਬ ਸਰਕਾਰ ਦਾ ਡਾਟਾ ਹੈ ਉਸ ਮੁਤਾਬਿਕ ਸਾਡੀਆਂ 1,06,000 ਗਊਆਂ ਅਵਾਰਾ ਫਿਰਦੀਆਂ ਹਨ। ਉਸ ਨੂੰ ਦੇਖਦੇ ਹੋਏ 40,000 ਗਊ ਤਾਂ ਫਿਰ ਉਸੇ ਤਰੀਕੇ ਨਾਲ ਬੇਸਹਾਰਾ ਅਵਾਰਾ ਫਿਰਦੀ ਰਹੇਗੀ ਅਤੇ ਉਵੇਂ ਹੀ ਹਾਦਸਿਆਂ ਦਾ ਕਾਰਨ ਬਣਦੀ ਰਹੇਗੀ, ਉਵੇਂ ਹੀ ਬੱਚਿਆਂ ਨੂੰ ਦਰੜੇਗੀ, ਉਵੇਂ ਹੀ ਤੁਰੇ ਜਾਂਦੇ ਰਾਹਗੀਰਾਂ ਲਈ ਮੁਸ਼ਕਲ ਬਣਦੀ ਰਹੇਗੀ। ਮੈਂ ਬੇਨਤੀ ਕਰਾਂਗਾ ਕਿ ਇਸ ਮਸਲੇ ਦੇ ਹੱਲ ਲਈ ਜਿੰਨੀ ਛੇਤੀ ਹੋਵੇ ਕੋਸ਼ਿਸ਼ ਕਰਨੀ ਚਾਹੀਦੀ ਹੈ। 22 ਜ਼ਿਲ੍ਹਿਆਂ ਵਿਚੋਂ 19 ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼ ਨੇ ਜਗ੍ਹਾ ਆਈਡੈਂਟੀਫਾਈ ਕਰਕੇ ਅਤੇ ਨਕਸ਼ੇ ਬਣਾ ਕੇ ਸਰਕਾਰ ਨੂੰ ਦੇ ਦਿੱਤੇ ਹਨ। ਸੋ, ਇਨ੍ਹਾਂ ਨਕਸ਼ਿਆਂ ਨੂੰ ਛੇਤੀ ਤੋਂ ਛੇਤੀ ਅਪਰੂਵ ਕਰਕੇ ਇਸ ਮੁਸ਼ਕਲ ਦਾ ਆਪਾਂ ਹੱਲ ਲੱਭੀਏ।

ਇਸ ਦੇ ਨਾਲ ਨਾਲ, ਚੇਅਰਮੈਨ ਸਾਹਿਬ, ਮੇਰੀ ਇੱਕ ਗੁਜ਼ਾਰਿਸ਼ ਹੈ ਕਿ ਜਿਹੜਾ ਗਊ ਸੇਵਾ ਕਮਿਸ਼ਨ ਸਥਾਪਿਤ ਹੋਇਆ ਹੈ ਉਸ ਕੋਲ ਕੋਈ ਫੰਡ ਨਹੀਂ ਹਨ। ਇੱਕ ਪੈਸਾ ਤੱਕ ਨਹੀਂ ਹੈ ਜਿਸ ਨਾਲ ਉਹ ਗਊਸ਼ਾਲਾਵਾਂ ਦੀ ਉਸਾਰੀ ਕਰ ਸਕਣ, ਗਊਸ਼ਾਲਾਵਾਂ ਦੀ ਸਾਂਭ-ਸੰਭਾਲ ਕਰ ਸਕਣ, ਡ੍ਰਾਈ ਅਤੇ ਗ੍ਰੀਨ ਫੌਡਰ ਦਾ ਇੰਤਜ਼ਾਮ ਕਰ ਸਕਣ। ਮੈਂ ਬੇਨਤੀ ਕਰਾਂਗਾ ਕਿ ਸਾਡੇ ਗਵਾਂਢੀ ਸੂਬੇ ਹਰਿਆਣਾ ਨੇ ਵੀ ਇਸੇ ਤਰੀਕੇ ਨਾਲ ਇੱਕ ਕਮਿਸ਼ਨ ਜਾਂ ਕਾਰਪੋਰੇਸ਼ਨ ਗਊਆਂ ਲਈ ਬਣਾਈ ਹੈ ਅਤੇ ਉਸ ਲਈ 119 ਕਰੋੜ ਰੁਪਏ ਦੀ ਬਜਟ ਦੇ ਵਿੱਚ ਤਜਵੀਜ਼ ਰੱਖੀ ਹੈ। ਮੈਂ ਬੇਨਤੀ ਕਰਾਂਗਾ ਕਿ ਸਾਡੇ ਕੋਲ ਵੀ ਅਜੇ ਸਮਾਂ ਹੈ, ਅਸੀਂ ਇਸੇ ਬਜਟ ਵਿਚ ਤਰਮੀਮ ਕਰਕੇ ਇਹ ਮੱਦ ਲਿਆਈਏ ਤਾਂ ਕਿ ਗਊਸ਼ਾਲਾਵਾਂ ਅਤੇ ਗਊਆਂ ਦੀ ਸੰਭਾਲ ਲਈ ਜਾਂ ਗਊਸ਼ਾਲਾਵਾਂ ਦੀ ਉਸਾਰੀ ਵਾਸਤੇ ਬਜਟ

ਤਜਵੀਜ਼ ਕਰ ਸਕੀਏ ਕਿਉਂਕਿ ਬਿਨਾਂ ਪੈਸੇ ਤੋਂ ਤਾਂ ਕੁਝ ਹੋਣਾ ਨਹੀਂ ਹੈ ਅਤੇ ਸਾਰਾ ਮਸਲਾ ਉਥੇ ਦਾ ਉਥੇ ਰਹਿ ਜਾਣਾ ਹੈ।

ਇਸ ਦੇ ਨਾਲ ਨਾਲ ਇਕ ਬਹੁਤ ਵੱਡੀ ਮੁਸ਼ਕਲ ਹੋਰ ਆਉਂਦੀ ਹੈ ਉਹ ਇਹ ਹੈ ਕਿ ਇਕ ਗਊ ਮਾਫੀਆ ਹੈ, ਜਿਵੇਂ ਲੈਂਡ ਮਾਫੀਆ ਪੰਜਾਬ ਵਿਚ ਕੰਮ ਕਰਦਾ ਹੈ, ਇਸੇ ਤਰੀਕੇ ਨਾਲ ਕੁਝ ਲੋਕ ਅਜਿਹੇ ਹਨ ਜਿਹੜੇ ਰਾਤ ਨੂੰ ਸੜਕਾਂ ਤੋਂ ਗਊਆਂ ਨੂੰ ਚੁੱਕ ਲੈਂਦੇ ਹਨ ਕਿਉਂਕਿ ਇਹ ਸ਼ਹਿਰਾਂ ਵਿਚ, ਹਾਈਵੇਜ ਉਤੇ ਆਮ ਫਿਰਦੀਆਂ ਹਨ ਅਤੇ ਕੋਈ ਉਨ੍ਹਾਂ ਦੀ ਪਰਵਾਹ ਨਹੀਂ ਕਰਦਾ। ਉਹ ਚੁੱਕ ਕੇ ਕੋਈ ਸਹਾਰਨਪੁਰ ਛੱਡ ਆਉਂਦਾ ਹੈ, ਕੋਈ ਕਿਤੇ ਛੱਡ ਆਉਂਦਾ ਹੈ। ਅਜਿਹੇ ਲੋਕ ਰਾਤੋ ਰਾਤ ਅਜਿਹਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਸੋ, ਇਹ ਇਕ ਤਰ੍ਹਾਂ ਦੀ ਸਮੱਗਲਿੰਗ ਹੁੰਦੀ ਹੈ। ਜਿਹੜੇ ਲੋਕ ਗਊ ਦੀ ਪੂਜਾ ਕਰਦੇ ਹਨ ਉਹ ਅਜਿਹੇ ਅਨਸਰਾਂ ਨੂੰ ਰੋਕਣ ਦੀ ਕੋਸ਼ਿਸ਼ ਕਰਦੇ ਹਨ, ਜਿਸ ਕਾਰਨ ਤਣਾਅ ਪੈਦਾ ਹੋ ਜਾਂਦਾ ਹੈ। ਫੇਰ ਪਰਚੇ ਦਰਜ ਹੁੰਦੇ ਹਨ, ਐਫ.ਆਈ.ਆਰ. ਦਰਜ ਹੁੰਦੀਆਂ ਹਨ, ਲੜਾਈਆਂ ਹੁੰਦੀਆਂ ਹਨ, ਝਗੜੇ ਹੁੰਦੇ ਹਨ। ਜਿਸ ਕਾਰਨ ਪ੍ਰਸ਼ਾਸਨ ਲਈ ਬਹੁਤ ਵੱਡੀ ਮੁਸ਼ਕਲ ਖੜ੍ਹੀ ਹੋ ਜਾਂਦੀ ਹੈ। ਅਜਿਹੇ ਹਾਲਾਤਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਮੈਂ ਦੋ-ਚਾਰ ਸੁਝਾਅ ਤੁਹਾਡੀ ਖ਼ਿਦਮਤ ਵਿਚ ਰੱਖਦਾ ਹਾਂ ਅਤੇ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜੇ ਆਪਾਂ ਗੌਰ ਕਰੀਏ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਇਨ੍ਹਾਂ ਮੁਸ਼ਕਿਲਾਂ ਦਾ ਹੱਲ ਬਹੁਤ ਸੁਖਾਲਾ ਨਿਕਲ ਸਕਦਾ ਹੈ।

ਚੇਅਰਮੈਨ ਸਾਹਿਬ, ਸਭ ਤੋਂ ਪਹਿਲੀ ਬੇਨਤੀ ਇਹ ਹੈ ਕਿ ਸਾਨੂੰ ਅਜਿਹੇ ਲੋਕਾਂ ਲਈ ਬਹੁਤ ਸਖ਼ਤ ਕਾਨੂੰਨ ਬਣਾਉਣ ਦੀ ਲੋੜ ਹੈ। ਜਿਹੜੇ ਪਸ਼ੂਆਂ ਨੂੰ ਸਮੱਗਲ ਕਰਦੇ ਹਨ ਜਾਂ ਇਨ੍ਹਾਂ ਨੂੰ ਖੁੱਲ੍ਹਾ ਛੱਡ ਜਾਂਦੇ ਹਨ ਜਾਂ ਉਨ੍ਹਾਂ ਦਾ ਦੁੱਧ ਚੋਅ ਕੇ ਉਨ੍ਹਾਂ ਦਾ ਰੱਸਾ ਲਾਹ ਦਿੰਦੇ ਹਨ ਤੇ ਆਪਣਾ ਫਰਜ਼ ਅਦਾ ਨਹੀਂ ਕਰਦੇ, ਇਨ੍ਹਾਂ ਖ਼ਿਲਾਫ਼ ਜਿੰਨਾ ਚਿਰ ਸਖ਼ਤ ਕਾਨੂੰਨ ਨਹੀਂ ਬਣਦਾ, ਜਿੰਨਾ ਚਿਰ ਅਸੀਂ ਸਖ਼ਤ ਕਦਮ ਨਹੀਂ ਚੁੱਕਦੇ ਔਰ ਉਸ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਨਹੀਂ ਕਰਦੇ, ਉਤਨਾ ਚਿਰ ਅਜਿਹੇ ਲੋਕਾਂ ਦੇ ਮਨਾਂ ਵਿੱਚ ਡਰ ਨਹੀਂ ਪੈਂਦਾ। ਸਤਿਕਾਰਯੋਗ ਚੇਅਰਮੈਨ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਇਸ ਗੱਲ ਦਾ ਹੱਲ ਲੱਭਣਾ ਜਾਂ ਇਸ ਨੂੰ ਹੱਲ ਕਰਨਾ ਬਹੁਤ ਮੁਸ਼ਕਲ ਹੈ।

ਸੈਂਟਰ ਗੌਰਮਿੰਟ ਦੀ ਸਕੀਮ ਹੈ, ਜਿਸ ਵਿੱਚ ਉਨ੍ਹਾਂ ਨੇ ਇੱਕ ਟੈਗ ਸਿਸਟਮ

ਜਾਰੀ ਕੀਤਾ ਹੈ। ਇਸ ਦੁਆਰਾ ਹਰ ਗਊ ਜਾਂ ਜਿਹੜਾ ਵੀ ਅਵਾਰਾ ਪਸ਼ੂ ਹੈ ਉਸ ਦੇ ਗਲ ਵਿਚ ਉਹ ਟੈਗ ਪਾ ਦਿੱਤਾ ਜਾਵੇਗਾ। ਇਹ ਟੈਗ ਸਿਸਟਮ ਗੁਜਰਾਤ ਤੇ ਰਾਜਸਥਾਨ ਦੀ ਹਕੂਮਤ ਨੇ ਸ਼ੁਰੂ ਕੀਤਾ ਹੈ। ਚੇਅਰਮੈਨ ਸਾਹਿਬ, ਮੇਰੀ ਤੁਹਾਡੇ ਰਾਹੀਂ ਇਸ ਹਕੂਮਤ ਨੂੰ ਗੁਜ਼ਾਰਿਸ਼ ਹੈ ਕਿ ਉਹ ਪੰਜਾਬ ਵਿਚ ਵੀ ਇਸੇ ਤਰ੍ਹਾਂ ਦਾ ਟੈਗ ਸਿਸਟਮ ਸ਼ੁਰੂ ਕਰਨ ਤਾਂ ਕਿ ਬੇਸਹਾਰਾ ਗਊਆਂ ਜਿਹੜੀਆਂ ਅਕਸਰ ਕਿਸੇ ਡੇਅਰੀ ਫਾਰਮ ਜਾਂ ਕਿਸੇ ਕਿਸਾਨ ਦੇ ਘਰ ਵਿਚੋਂ ਛੱਡੀਆਂ ਜਾਂਦੀਆਂ ਹਨ, ਅਗਰ ਉਸ ਦੇ ਗਲ ਵਿਚ ਟੈਗ ਪਾਇਆ ਹੋਵੇਗਾ ਤਾਂ ਸਾਨੂੰ ਪਤਾ ਲੱਗ ਜਾਵੇਗਾ ਕਿ ਇਹ ਕਿਸ ਦਾ ਪਸ਼ੂ ਹੈ। ਇਹ ਸਿਸਟਮ ਅਜਿਹਾ ਹੈ ਕਿ ਨਾ ਤਾਂ ਉਹ ਟੈਗ ਲਹਿ ਸਕਦਾ ਹੈ, ਨਾ ਡਿਸਮੈਂਟਲ ਹੋ ਸਕਦਾ ਹੈ, ਨਾ ਉਸ ਨੂੰ ਸਾੜਿਆ ਜਾ ਸਕਦਾ ਹੈ, ਨਾ ਫੂਕਿਆ ਜਾ ਸਕਦਾ ਹੈ। ਇਹ ਸਿਸਟਮ ਜਿਸ ਨੂੰ ਰਾਜਸਥਾਨ ਤੇ ਗੁਜਰਾਤ ਦੀ ਹਕੂਮਤ ਨੇ ਅਪਣਾਇਆ ਹੈ, ਜੇ ਅਸੀਂ ਵੀ ਲਾਗੂ ਕਰੀਏ ਤਾਂ ਜਿਹੜਾ ਕਿਸਾਨ ਦੁੱਧ ਪੀ ਕੇ ਪਸ਼ੂ ਛੱਡ ਦਿੰਦਾ ਹੈ ਜਾਂ ਡੇਅਰੀ ਵਾਲਾ ਕੱਢ ਦਿੰਦਾ ਹੈ, ਉਸ ਦਾ ਪਤਾ ਲੱਗ ਜਾਵੇਗਾ ਕਿ ਕਿਹੜੇ ਜ਼ਿੰਮੀਦਾਰ ਨੇ ਇੰਨਾ ਲੰਮਾ ਸਮਾਂ ਉਸ ਗਊ ਦਾ ਦੁੱਧ ਪੀ ਕੇ ਅੱਜ ਉਸ ਨੂੰ ਘਰੋਂ ਕੱਢ ਦਿੱਤਾ ਹੈ ਜਾਂ ਕਿਹੜੇ ਡੇਅਰੀ ਫਾਰਮ ਵਾਲੇ ਨੇ ਇੰਨਾ ਚਿਰ ਉਸ ਪਸ਼ੂ ਦੇ ਦੁੱਧ ਦਾ ਮੁਨਾਫ਼ਾ ਲੈ ਕੇ ਆਪਣੇ ਡੇਅਰੀ ਫਾਰਮ ਵਿਚੋਂ ਕੱਢ ਦਿੱਤਾ ਹੈ। ਇਹ ਅਤਿ ਜ਼ਰੂਰੀ ਹੈ ਕਿ ਅਸੀਂ ਇਸ ਸਿਸਟਮ ਨੂੰ ਅਪਣਾਈਏ।

ਚੇਅਰਮੈਨ ਸਾਹਿਬ, ਮੇਰੀ ਅਗਲੀ ਬੇਨਤੀ ਤੁਹਾਡੇ ਰਾਹੀਂ ਸਰਕਾਰ ਨੂੰ ਇਹ ਹੈ ਕਿ ਅਮਰੀਕਨ ਗਾਂ ਦੇ ਵਿਚ ਇਕ ਬਹੁਤ ਵੱਡਾ ਨੁਕਸ ਇਹ ਹੈ ਕਿ ਇਹ ਸਾਡੇ ਵਾਤਾਵਰਣ ਦੇ ਮੁਤਾਬਿਕ ਨਹੀਂ ਹੈ। ਸਾਡੇ ਪੰਜਾਬ ਦੇ ਟੈਂਪਰੇਚਰ ਮੁਤਾਬਿਕ ਉਹ ਇਥੇ ਨਹੀਂ ਰਹਿ ਸਕਦੀ। ਸਾਡੇ ਸੂਬੇ ਦੀ ਅਸਲੀ ਗਾਂ ਸਾਹੀਵਾਲ ਗਾਂ ਹੈ। ਸਾਹੀਵਾਲ ਪੰਜਾਬ ਦੀ ਮੇਨ ਦੇਸੀ ਗਾਂ ਵਜਦੀ ਹੈ। ਉਹ ਸਾਡੇ ਵਾਤਾਵਰਣ ਦੇ ਮੁਤਾਬਿਕ ਸਾਡੇ ਟੈਂਪਰੇਚਰ ਦੇ ਮੁਤਾਬਿਕ, ਸਾਡੇ ਇਥੋਂ ਦੇ ਮੌਸਮ ਕਾਰਨ ਇਥੇ ਰਹਿ ਸਕਦੀ ਹੈ ਲੇਕਿਨ ਉਸ ਦਾ ਦੁੱਧ ਘੱਟ ਹੋਣ ਦੇ ਕਾਰਨ ਸਾਡੇ ਲੋਕਾਂ ਨੇ ਸੀਮਨ ਇੰਪੋਰਟ ਕਰਕੇ ਇਥੇ ਅਮਰੀਕਨ ਗਾਵਾਂ ਰੱਖ ਲਈਆਂ।

ਸਾਡੇ ਪੰਜਾਬ ਵਿੱਚ ਇਕ ਹੋਰ ਬਹੁਤ ਵੱਡਾ ਨੁਕਸ ਇਹ ਆਇਆ ਕਿ ਪਹਿਲਾਂ ਖੇਤੀ ਬਲਦਾਂ ਨਾਲ ਹੋਇਆ ਕਰਦੀ ਸੀ। ਅਸੀਂ ਆਪ ਜ਼ਿਮੀਂਦਾਰ ਹਲ ਚਲਾਉਂਦੇ ਸੀ ਲੇਕਿਨ ਹੁਣ ਸਾਰਾ ਕੁਝ ਮੈਕੇਨਾਈਜ਼ ਹੋ ਗਿਆ ਹੈ, ਟਰੈਕਟਰ ਆ

ਗਏ ਹਨ, ਕੰਬਾਈਨਾਂ ਆ ਗਈਆਂ, ਹਾਰਵੈਸਟਿੰਗ ਹੋ ਗਈ। ਇਸ ਤਰ੍ਹਾਂ ਉਨ੍ਹਾਂ ਬਲਦਾਂ ਦੀ ਜ਼ਰੂਰਤ ਨਹੀਂ ਰਹੀ। ਸੋ, ਜਿਹੜੇ ਗਾਵਾਂ ਦੇ ਵੱਛੇ ਹੁੰਦੇ ਹਨ ਜਿਹੜੇ ਬਾਅਦ ਵਿਚ ਢੱਠੇ ਬਣ ਜਾਂਦੇ ਹਨ, ਉਨ੍ਹਾਂ ਨੂੰ ਅਸੀਂ ਅਵਾਰਾ ਛੱਡ ਦਿੰਦੇ ਹਾਂ, ਅਸੀਂ ਕਹਿੰਦੇ ਹਾਂ ਕਿ ਅਸੀਂ ਇਨ੍ਹਾਂ ਨੂੰ ਪੱਠੇ ਕਿਉਂ ਪਾਈਏ। ਨਾ ਉਨ੍ਹਾਂ ਨੂੰ ਕੋਈ ਜ਼ਿਮੀਂਦਾਰ ਰੱਖਦਾ ਹੈ ਤੇ ਨਾ ਹੀ ਕੋਈ ਡੇਅਰੀ ਫਾਰਮਿੰਗ ਵਾਲਾ ਰੱਖਦਾ ਹੈ। ਡੇਅਰੀ ਫਾਰਮਿੰਗ ਵਾਲਿਆਂ ਦਾ ਹਾਲ ਤਾਂ ਇਹ ਹੈ ਕਿ ਜਿਹੜੀ ਗਊ ਇਕ ਵਾਰੀ ਦੁੱਧ ਦੇਣਾ ਛੱਡ ਗਈ, ਦੁਬਾਰਾ ਗੱਭਣ ਨਹੀਂ ਹੋਈ ਤਾਂ ਉਹ ਉਸ ਦਾ ਰੱਸਾ ਲਾਹ ਦਿੰਦੇ ਹਨ। ਫੇਰ ਸਾਰਾ ਦਿਨ ਉਹ ਸੜਕਾਂ ਦੇ ਕਿਨਾਰਿਆਂ ਉਤੇ ਚਰਦੀ ਰਹਿੰਦੀ ਹੈ ਤੇ ਸ਼ਾਮ ਨੂੰ ਆਪਣੇ ਘਰ ਆ ਜਾਂਦੀ ਹੈ ਉਦੋਂ ਉਹ ਉਸ ਨੂੰ ਰੱਸਾ ਪਾ ਕੇ ਬੰਨ੍ਹ ਲੈਂਦੇ ਹਨ। ਅਗਰ ਅਸੀਂ ਟੈਗ ਸਿਸਟਮ ਜਾਰੀ ਕਰਾਂਗੇ ਤਾਂ ਅਜਿਹੇ ਅਵਾਰਾ ਪਸ਼ੂਆਂ ਤੋਂ ਛੁਟਕਾਰਾ ਮਿਲ ਸਕਦਾ ਹੈ।

ਮੈਂ ਤੁਹਾਨੂੰ ਇਕ ਵੱਡੀ ਗੱਲ ਦੱਸਦਾ ਹਾਂ,ਸਾਰੇ ਹਿੰਦੁਸਤਾਨ ਵਿਚ ਘੋੜਿਆਂ ਦੇ ਸਟੱਡ ਫਾਰਮ ਹਨ, ਪੰਜਾਬ ਵਿਚ ਵੀ ਹਨ। ਹਰ ਸਟੱਡ ਫਾਰਮ ਵਾਲਿਆਂ ਨੂੰ ਉਨ੍ਹਾਂ ਦਾ ਇਕ ਮਾਅਰਕਾ ਮਿਲਿਆ ਹੋਇਆ ਹੈ। ਉਨ੍ਹਾਂ ਦੋ-ਚਾਰ ਅੱਖਰਾਂ ਨੂੰ ਗਰਮ ਕਰਕੇ ਉਹ ਬਛੇਰੇ ਜਾਂ ਬਛੇਰੀ ਦੀ ਪਿੱਠ ਉਤੇ ਗਰਮ ਕਰਕੇ ਲਗਾ ਦਿੰਦੇ ਹਨ। ਉਹ ਅੱਖਰ ਉਕਰ ਜਾਂਦੇ ਹਨ ਅਤੇ ਜਦੋਂ ਤੱਕ ਉਸ ਜਾਨਵਰ ਨੇ ਜਿਊਂਦਾ ਰਹਿਣਾ ਹੈ, ਉਹ ਨਿਸ਼ਾਨ ਸਦਾ ਸਦਾ ਲਈ ਉਸ ਦੀ ਪਿੱਠ ਤੇ ਰਹਿਣਾ ਹੈ। ਇਸੇ ਤਰੀਕੇ ਨਾਲ ਅਸੀਂ ਡੇਅਰੀ ਫਾਰਮਿੰਗ ਵਾਲੇ ਪਸ਼ੂਆਂ ਦੀ ਨਿਸ਼ਾਨਦੇਹੀ ਕਰੀਏ, ਉਨ੍ਹਾਂ ਦਾ ਰਿਕਾਰਡ ਬਣਾਈਏ ਕਿ ਇਹ ਗਾਂ ਕਿਥੋਂ ਖਰੀਦੀ ਗਈ ਹੈ, ਕਿਸ ਦੇ ਡੇਅਰੀ ਫਾਰਮ ਵਿੱਚ ਇਹ ਵੱਛਾ ਪੈਦਾ ਹੋਇਆ ਹੈ, ਕਿਸ ਨੂੰ ਇਹ ਵੇਚਿਆ ਗਿਆ ਹੈ, ਕਿਸ ਦਾ ਇਹ ਜਾਨਵਰ ਅਵਾਰਾ ਫਿਰਦਾ ਹੈ। ਇਸ ਤਰੀਕੇ ਨਾਲ ਅਸੀਂ ਸੌਖੇ ਹੀ ਉਸ ਦੇ ਮਾਲਕ ਨੂੰ ਲੱਭ ਕੇ ਉਸ ਨੂੰ ਜੁਰਮਾਨਾ ਕਰ ਸਕਦੇ ਹਾਂ ਅਤੇ ਅਵਾਰਾ ਜਾਨਵਰ ਦੀ ਮੁਸ਼ਕਿਲ ਦੀ ਰੋਕਥਾਮ ਕਰ ਸਕਦੇ ਹਾਂ।

ਚੇਅਰਮੈਨ ਸਾਹਿਬ, ਇਸ ਦੇ ਨਾਲ ਹੀ ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅੰਗਰੇਜ਼ ਹਕੂਮਤ ਵੇਲੇ ਜਿੱਥੇ ਜਿੱਥੇ ਥਾਣੇ ਹੁੰਦੇ ਸਨ, ਉਸ ਦੇ ਨਾਲ ਹੀ ਕਾਂਜੀ ਹਾਲ ਬਣੇ ਹੁੰਦੇ ਸਨ। ਜਿਨ੍ਹਾਂ ਵਿੱਚ ਕਿਸੇ ਦੇ ਅਵਾਰਾ ਘੁੰਮਦੇ ਪਸ਼ੂ ਨੂੰ ਪਕੜ ਕੇ ਬੰਦ ਕਰ ਦਿੱਤਾ ਜਾਂਦਾ ਸੀ। ਉਸ ਵੇਲੇ ਪਸ਼ੂ ਅਜਿਹੇ ਨਹੀਂ ਹੁੰਦੇ ਸਨ ਕਿ ਇਹ ਦੁੱਧ ਨਹੀਂ ਦਿੰਦਾ। ਜੇ ਉਹ ਕਿਲੋ ਦੁੱਧ ਦਿੰਦਾ ਸੀ, ਉਹ ਵੀ ਬਹੁਤ ਸੀ,

ਅੱਧਾ ਕਿਲੋ ਦਿੰਦਾ ਸੀ, ਉਹ ਵੀ ਬਹੁਤ ਸੀ ਕਿਉਂਕਿ ਗਰੀਬੀ ਬਹੁਤ ਸੀ। ਉਸ ਵੇਲੇ ਜੇਕਰ ਕਿਸੇ ਨੇ ਜਾਨਵਰ ਦੇ ਪੱਖੋਂ ਅਣਗਹਿਲੀ ਕਰ ਦਿੱਤੀ ਅਤੇ ਜਾਨਵਰ ਨੇ ਜਾ ਕੇ ਕਿਸੇ ਹੋਰ ਦੀ ਫ਼ਸਲ ਖਰਾਬ ਕਰ ਦਿੱਤੀ ਤਾਂ ਇਸ ਵਾਸਤੇ ਕਾਂਜੀ ਹਾਲ ਬਣੇ ਹੁੰਦੇ ਸਨ। ਜੁਰਮਾਨਾ ਦੇ ਕੇ ਥਾਣੇ ਤੋਂ ਜਾਨਵਰ ਛੁਡਵਾ ਸਕਦੇ ਸਨ। ਮੇਰੀ ਤੁਹਾਨੂੰ ਗੁਜਾਰਿਸ਼ ਹੈ ਕਿ ਉਸੇ ਤਰੀਕੇ ਦੇ ਕਾਂਜੀ ਹਾਲ ਸ਼ੁਰੂ ਕੀਤੇ ਜਾਣ ਤਾਂ ਕਿ ਜਿਹੜੇ ਅਵਾਰਾ ਜਾਨਵਰ ਤੁਰੇ ਫਿਰਦੇ ਹਨ, ਇਹ ਫੜ ਕੇ ਉਥੇ ਰੱਖੇ ਜਾਣ ਅਤੇ ਉਥੋਂ ਜਿਹੜੀਆਂ ਗਊਸ਼ਾਲਾਵਾਂ ਸਰਕਾਰ ਬਣਾ ਰਹੀ ਹੈ, ਉਥੇ ਇਹ ਭੇਜੇ ਜਾਣ। ਇਹ ਬਹੁਤ ਵੱਡਾ ਉਪਰਾਲਾ ਹੋਵੇਗਾ।

ਚੇਅਰਮੈਨ ਸਾਹਿਬ, ਅੱਜ ਸਰਕਾਰ ਦੇ ਸਾਮ੍ਹਣੇ ਸਭ ਤੋਂ ਵੱਡੀ ਮੁਸ਼ਕਿਲ ਇਹ ਹੈ ਕਿ ਜ਼ਮੀਨਾਂ ਬਹੁਤ ਮਹਿੰਗੀਆਂ ਹੋ ਗਈਆਂ ਹਨ। ਪੰਜਾਬ ਦੇ ਦਿਹਾਤਾਂ ਵਿੱਚ ਵੀ ਜਾ ਕੇ ਦੇਖੋ, ਅੱਜ ਵੱਖ ਵੱਖ ਪਿੰਡਾਂ ਦੀ ਤਾਸੀਰ ਮੁਤਾਬਿਕ 25 ਲੱਖ, 22 ਲੱਖ, 24 ਲੱਖ, 27 ਲੱਖ ਏਕੜ ਜ਼ਮੀਨ ਦੀ ਕੀਮਤ ਲਈ ਜਾਂਦੀ ਹੈ। ਜੇਕਰ ਸਰਕਾਰ ਨੂੰ ਜ਼ਮੀਨ ਮੁੱਲ ਖਰੀਦਣੀ ਪਵੇ ਤਾਂ ਇਹ ਸਾਡੀ ਸਰਕਾਰ ਵਾਸਤੇ ਬਹੁਤ ਵੱਡਾ ਬੋਝ ਹੋਵੇਗਾ। ਜੇਕਰ 22 ਜ਼ਿਲ੍ਹਾ ਹੈਡ ਕੁਆਰਟਰਾਂ ਤੇ 25-25 ਕਿੱਲੇ ਜ਼ਮੀਨ ਲਈ ਜਾਵੇ ਤਾਂ ਤੁਸੀਂ ਆਪ ਅੰਦਾਜ਼ਾ ਲਗਾਓ ਕਿ ਕੁੱਲ 550 ਕਿੱਲੇ ਜ਼ਮੀਨ ਅਤੇ 20 ਲੱਖ ਰੁਪਏ ਦੇ ਹਿਸਾਬ ਨਾਲ ਇਸ ਜ਼ਮੀਨ ਦੀ ਕੀਮਤ ਲਗਾਈਏ ਤਾਂ ਇਹ ਕਿੰਨੀ ਬਣੇਗੀ। ਮੁਲਕ ਦੀ ਅਜ਼ਾਦੀ ਤੋਂ ਪਹਿਲਾਂ ਅਤੇ ਮੁਲਕ ਦੀ ਅਜ਼ਾਦੀ ਤੋਂ ਬਾਅਦ ਵੀ ਕਈ ਸਮਾਜ-ਸੇਵੀ ਸੰਸਥਾਵਾਂ, ਰਾਜਿਆਂ-ਮਹਾਰਾਜਿਆਂ ਅਤੇ ਹੋਰ ਕਈ ਧਾਰਮਿਕ ਬਿਰਤੀ ਦੇ ਲੋਕਾਂ ਨੇ ਬਹੁਤ ਸਾਰੀ ਜ਼ਮੀਨ ਗਊਸ਼ਾਲਾਵਾਂ ਨੂੰ ਦਾਨ ਦਿੱਤੀ ਸੀ ਲੇਕਿਨ ਸਾਡੇ ਨਾਲ ਇੱਕ ਬੇਇਨਸਾਫ਼ੀ ਇਹ ਹੋਈ ਕਿ ਉਨ੍ਹਾਂ ਜ਼ਮੀਨਾਂ ਤੇ ਕੁਝ ਤਾਕਤਵਰ ਲੋਕ ਆਪਣੇ ਬਾਜ਼ੂ ਦੇ ਜ਼ੋਰ ਨਾਲ ਜਾਂ ਲੈਂਡ ਮਾਫ਼ੀਆ ਨੇ ਅਜਿਹਾ ਕੀਤਾ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਪਟਵਾਰੀ ਤੋਂ ਗਿਰਦਾਵਰੀ ਕਰਵਾ ਕੇ ਕੋਰਟ ਤੋਂ ਸਟੇਅ ਲੈ ਆਏ ਕਿ ਮੇਰਾ ਇਸ ਜ਼ਮੀਨ ਤੇ ਕਬਜ਼ਾ ਹੈ। ਜੇਕਰ ਅਸੀਂ ਉਨ੍ਹਾਂ ਜ਼ਮੀਨਾਂ ਨੂੰ ਨਜਾਇਜ਼ ਕਬਜ਼ਿਆਂ ਤੋਂ ਛੁਡਵਾਉਣ ਸਬੰਧੀ ਵਿਧਾਨ ਸਭਾ ਵਿੱਚ ਕੋਈ ਬਿਲ ਲਿਆਈਏ ਤਾਂ ਉਥੇ ਗਊਸ਼ਾਲਾਵਾਂ ਬਣਾਉਣ ਨਾਲ ਕਿੰਨਾ ਵੱਡਾ ਮਸਲਾ ਹੱਲ ਹੋ ਸਕਦਾ ਹੈ।

ਚੇਅਰਮੈਨ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਅਵਾਰਾ ਘੁੰਮਦੇ ਜਾਨਵਰਾਂ ਕਾਰਨ ਹੋਏ ਐਕਸੀਡੈਂਟਾਂ ਦੀ ਵਜ੍ਹਾ ਕਰਕੇ ਦੋ ਸਾਲਾਂ ਵਿੱਚ 147 ਲੋਕ ਮੌਤ ਨੂੰ

ਪਿਆਰੇ ਹੋ ਗਏ। ਚੇਅਰਮੈਨ ਸਾਹਿਬ, ਉਨ੍ਹਾਂ ਲੋਕਾਂ ਦੇ ਘਰ ਤਾਂ ਪਰਲੋ ਆ ਗਈ। ਉਨ੍ਹਾਂ ਲਈ ਤਾਂ ਅੱਤਵਾਦ ਵੀ ਇਹੀ ਹੈ, ਗਰੀਬੀ ਵੀ ਇਹੀ ਹੈ, ਹਿੰਦੁਸਤਾਨ-ਪਾਕਿਸਤਾਨ ਦੀ ਜੰਗ ਵੀ ਇਹੀ ਹੈ। ਮੇਰੀ ਤੁਹਾਨੂੰ ਗੁਜਾਰਿਸ਼ ਹੈ ਕਿ ਇਸ ਵਾਸਤੇ ਸਭ ਤੋਂ ਜ਼ਿਆਦਾ ਐਨੀਮਲ ਹਸਬੈਂਡਰੀ ਵਿਭਾਗ ਨੂੰ ਆਪਣਾ ਫਰਜ਼ ਨਿਭਾਉਣਾ ਬਣਦਾ ਹੈ। ਅਮਰੀਕਨ ਗਊਆਂ ਸਾਡੇ ਵਾਤਾਵਰਣ ਦੇ ਮੁਤਾਬਿਕ ਨਹੀਂ ਹਨ। ਇਹ ਗਊਆਂ ਅਸੀਂ ਇਸ ਕਰਕੇ ਪਾਲਣ ਲੱਗ ਗਏ ਕਿਉਂਕਿ ਇਨ੍ਹਾਂ ਦਾ ਦੁੱਧ ਜ਼ਿਆਦਾ ਹੈ ਲੇਕਿਨ ਇਸ ਦੇ ਦੁੱਧ ਦੀ ਸਭ ਤੋਂ ਵੱਡੀ ਤ੍ਰਾਸਦੀ ਬਾਰੇ ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਤੁਸੀਂ ਇਸ ਦੀ thoroughly study ਕਰਵਾਓ, ਮੈਂ ਟੈਕਨੀਕਲ ਮਾਈਂਡ ਨਹੀਂ ਹਾਂ ਪਰ ਕੁਝ ਲੋਕਾਂ ਨੂੰ ਇਸ ਬਾਰੇ ਖ਼ਦਸ਼ਾ ਹੈ। ਜੋ ਮੈਂ ਸਮਾਜ ਵਿਚੋਂ ਸੁਣਿਆ ਹੈ, ਉਹ ਤੁਹਾਡੀ ਖ਼ਿਦਮਤ ਵਿੱਚ ਇਸ ਪਵਿੱਤਰ ਸਦਨ ਵਿੱਚ ਰੱਖਣਾ ਚਾਹੁੰਦਾ ਹਾਂ। ਉਹ ਕਹਿੰਦੇ ਹਨ ਕਿ ਇਸ ਗਊ ਦੇ ਦੁੱਧ ਨਾਲ ਕੈਂਸਰ ਹੋਣ ਦੀਆਂ ਜ਼ਿਆਦਾ ਸੰਭਾਵਨਾਵਾਂ ਹਨ ਅਤੇ ਜੇ ਤੁਸੀਂ ਸਾਹੀਵਾਲ ਗਾਂ ਦਾ ਦੁੱਧ ਪੀਂਦੇ ਹੋ ਤਾਂ ਇਨਸਾਨ ਨੂੰ ਕੈਂਸਰ ਹੋਣ ਦੀ 1% ਵੀ ਸੰਭਾਵਨਾ ਨਹੀਂ ਰਹਿੰਦੀ। ਉਸ ਦਾ ਦੁੱਧ ਘੱਟ ਜ਼ਰੂਰ ਹੈ ਪਰੰਤੂ ਸਾਡੇ ਵਾਤਾਵਰਣ ਦੇ ਅਨੁਕੂਲ ਹੈ। ਅਮਰੀਕਨ ਗਾਵਾਂ ਫੰਡਰ ਹੋ ਜਾਂਦੀਆਂ ਹਨ, ਉਹ ਦੁਬਾਰਾ ਬੱਚਾ ਨਹੀਂ ਦਿੰਦੀਆਂ, ਦੁਬਾਰਾ ਦੁੱਧ ਦੇ ਕਾਬਲ ਨਹੀਂ ਰਹਿੰਦੀਆਂ ਅਤੇ ਜਿਹੜੇ ਉਨ੍ਹਾਂ ਦੇ ਵੱਛੇ ਹੁੰਦੇ ਹਨ, ਉਹ ਵੱਡੇ ਹੋ ਕੇ ਢੱਠੇ ਬਣ ਜਾਂਦੇ ਹਨ, ਉਹ ਖੇਤੀ ਦੇ ਕੰਮ ਨਹੀਂ ਆਉਂਦੇ। ਇਸ ਲਈ ਚਾਹੇ ਉਹ ਵੱਛੇ ਹੋਣ ਜਾਂ ਵੱਡੇ ਹੋ ਕੇ ਢੱਠੇ ਬਣ ਜਾਣ ਜਾਂ ਫੇਰ ਦੁੱਧ ਤੋਂ ਵਾਂਝੀਆਂ ਗਊਆਂ ਹੋਣ, ਉਨ੍ਹਾਂ ਨੂੰ ਕਿਸਾਨ ਜਾਂ ਡੇਅਰੀ ਫਾਰਮ ਵਾਲੇ ਕੱਢ ਦਿੰਦੇ ਹਨ। ਇਸ ਨਾਲ ਬੇਸ਼ੱਕ ਸਾਰੇ ਸਮਾਜ ਨੂੰ ਮੁਸ਼ਕਿਲ ਹੁੰਦੀ ਹੈ ਲੇਕਿਨ ਸਾਡਾ ਸਮਾਜ ਇਸ ਗੱਲ ਨੂੰ ਸਵੀਕਾਰ ਨਹੀਂ ਕਰਦਾ ਕਿ ਅਸੀਂ ਇਨ੍ਹਾਂ ਨੂੰ ਪੱਠੇ ਪਾ ਦੇਈਏ ਜਾਂ ਗਊ ਸਮਝ ਕੇ ਇਸ ਦੀ ਪੂਜਾ ਕਰ ਦੇਈਏ। ਕੁਝ ਲੋਕ ਇਸ ਦੀ ਪੂਜਾ ਵੀ ਕਰਦੇ ਹਨ, ਉਹ ਕੀ ਕਰਦੇ ਹਨ ਕਿ ਦੋ-ਚਾਰ ਥਾਵਾਂ ਤੇ ਜਾ ਕੇ ਹਰਾ ਚਾਰਾ ਢੇਰੀ ਕਰ ਦਿੰਦੇ ਹਨ। ਗਾਵਾਂ ਖਾਂਦੀਆਂ ਰਹਿੰਦੀਆਂ ਹਨ ਫੇਰ ਕਿਸੇ ਵਿੱਚ ਜਾ ਕੇ ਟੱਕਰ ਮਾਰਦੀਆਂ ਹਨ, ਅਗਲੇ ਦਾ ਐਕਸੀਡੈਂਟ ਹੋ ਜਾਂਦਾ ਹੈ। ਅਜਿਹੀਆਂ ਸਾਰੀਆਂ ਗੱਲਾਂ ਨੂੰ ਬਹੁਤ ਧਿਆਨ ਨਾਲ ਸੋਚਣ ਅਤੇ ਵਾਚਣ ਦੀ ਲੋੜ ਹੈ।

ਇਸ ਗੱਲ ਵੱਲ ਧਿਆਨ ਦੇਣ ਦੀ ਲੋੜ ਹੈ ਕਿ ਜਿਹੜੀਆਂ ਗਊਆਂ ਅਸੀਂ

ਬੇਸਹਾਰਾ ਛੱਡ ਦਿੰਦੇ ਹਾਂ, ਇਸ ਵਾਸਤੇ ਪਾਬੰਦੀ ਹੋਵੇ। ਇਕੱਲੀ ਪਾਬੰਦੀ ਹੀ ਨਹੀਂ, ਇਸ ਦੇ ਨਾਲ ਵੱਡਾ ਜੁਰਮਾਨਾ ਵੀ ਲਗਾਇਆ ਜਾਵੇ। ਜਿੰਨੀ ਕੀਮਤ ਦੀ ਉਹ ਗਊ ਕਿਸੇ ਨੇ ਖਰੀਦੀ ਸੀ, ਉਤਨੀ ਹੀ ਕੀਮਤ ਦਾ ਜੁਰਮਾਨਾ ਉਸ ਤੇ ਲਗਾਇਆ ਜਾਵੇ ਤਾਂ ਕਿ ਉਸ ਨੂੰ ਪਤਾ ਲੱਗੇ ਕਿ ਮੈਂ ਇਸ ਗਊ ਦਾ ਦੁੱਧ ਪੀਤਾ ਹੈ। ਮੈਨੂੰ ਇਹ ਦੁੱਧ ਪਿਲਾਉਂਦੀ ਰਹੀ ਹੈ ਜਾਂ ਮੈਂ ਇਸ ਦਾ ਦੁੱਧ ਵੇਚ ਕੇ ਆਪਣਾ ਪਰਿਵਾਰ ਪਾਲਦਾ ਰਿਹਾ ਹਾਂ। ਇਸ ਤਰ੍ਹਾਂ ਨਾਲ ਇਸ ਪਿਰਤ ਤੋਂ ਛੁਟਕਾਰਾ ਹੋ ਸਕਦਾ ਹੈ, ਨਹੀਂ ਤਾਂ ਇਸੇ ਤਰੀਕੇ ਨਾਲ ਹੀ ਸਾਰਾ ਕੰਮ ਚਲਦਾ ਰਹਿਣਾ ਹੈ।

ਸਤਿਕਾਰਯੋਗ ਚੇਅਰਮੈਨ ਸਾਹਿਬ, ਇਸ ਤੋਂ ਇਲਾਵਾ ਵੀ ਇੱਕ ਗੱਲ ਹੋਰ ਹੈ ਕਿ ਇਕੱਲੀ ਗਊਆਂ ਦੀ ਸਮੱਸਿਆ ਹੀ ਨਹੀਂ ਹੈ। ਕੰਢੀ ਏਰੀਏ ਵਿੱਚ ਜਿਹੜੇ ਸੂਰ ਹਨ, ਤੁਸੀਂ ਹੈਰਾਨ ਹੋਵੋਗੇ ਕਿ ਉਹ ਸਾਡੇ ਕਿਸੇ ਕੰਮ ਨਹੀਂ ਆਉਂਦੇ। ਕਈ ਲੋਕ ਸੂਰ ਦਾ ਸ਼ਿਕਾਰ ਕਰਕੇ ਖਾ ਵੀ ਲੈਂਦੇ ਹਨ। ਸ਼ਹਿਰਾਂ ਵਿੱਚ ਵੀ ਅਸੀਂ ਅਜਿਹਾ ਵੇਖਦੇ ਹਾਂ। ਸੂਰ ਦੇ ਮੀਟ ਨਾਲ ਇੱਕ ਸਭ ਤੋਂ ਵੱਡੀ ਭਿਆਨਕ ਬਿਮਾਰੀ ਐਪੇਲਿਪਸੀ, ਜਿਸ ਨੂੰ ਮਿਰਗੀ ਕਹਿੰਦੇ ਹਾਂ, ਉਹ ਹੁੰਦੀ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਕੰਢੀ ਏਰੀਏ ਵਿੱਚ ਇਹ ਸੂਰ ਪੱਕੀ ਫ਼ਸਲ ਨੂੰ ਵੀ ਬਹੁਤ ਜ਼ਿਆਦਾ ਖਰਾਬ ਕਰਦੇ ਹਨ। ਪਟਿਆਲੇ ਮਹਾਰਾਜਾ ਸਾਹਿਬ ਦਾ ਪੁਰਾਣਾ ਬੀੜ ਸੀ, ਉਸ ਵਿੱਚ ਬੜੇ ਸੂਰ ਰਹਿੰਦੇ ਹਨ। ਉਹ ਸੂਰ ਵੱਡੀ ਗਿਣਤੀ ਵਿੱਚ ਆ ਕੇ ਨੇੜਲੇ ਖੇਤਾਂ ਵਿੱਚ 10-20 ਕਿੱਲਿਆਂ ਤੱਕ ਦੀ ਫ਼ਸਲ ਦਾ ਬਹੁਤ ਜ਼ਿਆਦਾ ਨੁਕਸਾਨ ਕਰਦੇ ਹਨ। ਜਿਸ ਕਾਰਨ ਪੱਕੀ ਹੋਈ ਫ਼ਸਲ ਦਾ ਬੜਾ ਭਾਰੀ ਨੁਕਸਾਨ ਹੁੰਦਾ ਹੈ ਪਰ ਅਸੀਂ ਕੁਝ ਨਹੀਂ ਕਰ ਸਕਦੇ ਕਿਉਂਕਿ ਇਨ੍ਹਾਂ ਨੂੰ ਮਾਰਨ ਅਤੇ ਸ਼ਿਕਾਰ ਕਰਨ ਤੇ ਸਰਕਾਰ ਦੀ ਪਾਬੰਦੀ ਹੈ। ਮੈਂ ਤੁਹਾਡੇ ਰਾਹੀਂ ਇਸ ਸਬੰਧ ਵਿੱਚ ਬੇਨਤੀ ਕਰਾਂਗਾ ਕਿ ਇਨ੍ਹਾਂ ਅਵਾਰਾ ਜਾਨਵਰਾਂ ਨੂੰ ਮਾਰਨ ਤੇ ਸ਼ਿਕਾਰ ਕਰਨ ਦੀ ਖੁਲ੍ਹ ਦੇਣੀ ਚਾਹੀਦੀ ਹੈ ਕਿਉਂਕਿ ਉਹ ਕਿਸੇ ਕੰਮ ਨਹੀਂ ਆਉਂਦੇ। ਜਿਹੜੀ ਚੀਜ਼ ਸਾਡੀ ਸੁਸਾਇਟੀ ਜਾਂ human being ਦੇ ਕੰਮ ਹੀ ਨਹੀਂ ਆਉਂਦੀ, ਅਸੀਂ ਉਨ੍ਹਾਂ ਨੂੰ ਕਿਤੇ ਇਸਤੇਮਾਲ ਕਰ ਹੀ ਨਹੀਂ ਸਕਦੇ ਅਤੇ ਉਹ ਸਾਡੀ ਫ਼ਸਲ ਖਰਾਬ ਕਰਦੇ ਹਨ, ਉਥੇ ਫਿਰ ਸਰਕਾਰ ਨੂੰ ਖੁੱਲ੍ਹ ਦੇਣੀ ਚਾਹੀਦੀ ਹੈ ਕਿ ਅਸੀਂ ਇਨ੍ਹਾਂ ਨੂੰ ਮਾਰ ਸਕੀਏ। ਲੋਕਾਂ ਕੋਲ ਲਾਇਸੰਸ ਹਨ, ਅਸਲਾ ਹੈ, ਉਹ ਆਪਣੇ ਖੇਤਾਂ ਵਿੱਚ ਜਾ ਕੇ ਨੁਕਸਾਨ ਕਰਨ ਵਾਲੇ ਜਾਨਵਰਾਂ ਨੂੰ ਮਾਰ ਸਕਣ ਤਾਂ ਕਿ ਸਾਨੂੰ ਉਨ੍ਹਾਂ ਤੋਂ ਛੁਟਕਾਰਾ ਮਿਲੇ।

ਚੇਅਰਮੈਨ ਸਾਹਿਬ, ਮੈਂ ਦੇਹਾਤ ਦਾ ਰਹਿਣ ਵਾਲਾ ਹਾਂ। ਜਿਹੜੀਆਂ ਬੇਸਹਾਰਾ ਗਊਆਂ ਹਨ, ਉਨ੍ਹਾਂ ਨੇ ਕੁਝ ਤਾਂ ਖਾਣਾ ਹੈ। ਖਾਣ ਵਾਸਤੇ ਉਹ ਕਿਸਾਨ ਦੇ ਖੇਤ ਵਿੱਚ ਜਾਣਗੀਆਂ ਕਿਉਂਕਿ ਉਨ੍ਹਾਂ ਨੂੰ ਹੋਰ ਕਿਤੇ ਟਿਕਾਣਾ ਨਹੀਂ ਮਿਲਦਾ। ਇਨ੍ਹਾਂ ਤੋਂ ਆਪਣੀਆਂ ਫ਼ਸਲਾਂ ਬਚਾਉਣ ਵਾਸਤੇ ਕਿਸਾਨ ਰਾਤ ਨੂੰ ਖ਼ੁਦ ਖੇਤਾਂ ਦੀ ਰਾਖੀ ਕਰਦਾ ਹੈ। ਅੱਜ ਹਕੀਕਤ ਇਹ ਹੈ ਕਿ ਜੇ ਰਾਤ ਨੂੰ 50-100 ਗਾਈਆਂ ਕਿਸੇ ਪਿੰਡ ਵਿੱਚ ਆ ਗਈਆਂ ਤਾਂ ਪਿੰਡ ਵਾਲੇ ਉਨ੍ਹਾਂ ਨੂੰ ਉਥੋਂ ਭਜਾ ਦਿੰਦੇ ਹਨ, ਉਹ ਦੂਸਰੇ ਪਿੰਡ ਵਿੱਚ ਵੜ ਜਾਂਦੀਆਂ ਹਨ। ਸਾਰੀ ਰਾਤ ਪਿੰਡਾਂ ਵਿੱਚ ਹੋ ਕੇ ਆਉਂਦੇ ਰਹਿੰਦੇ ਹਨ ਕਿ ਆ ਗਈਆਂ, ਆ ਗਈਆਂ। ਲੋਕ ਸੋਚਦੇ ਹਨ ਕਿ ਪਤਾ ਨਹੀਂ ਕੀ ਆ ਗਿਆ। ਉਹ ਹੁੰਦੀਆਂ ਤਾਂ ਗਊਆਂ ਹਨ। ਪਹਿਲੇ ਪਿੰਡ ਵਾਲੇ ਉਨ੍ਹਾਂ ਨੂੰ ਦੂਜੇ ਪਿੰਡ ਵਿੱਚ ਵਾੜ ਦਿੰਦੇ ਹਨ। ਦੂਜੇ ਪਿੰਡ ਵਾਲੇ ਮੂਹਰੋਂ ਡਾਂਗਾਂ ਲੈ ਕੇ ਖੜ੍ਹ ਜਾਂਦੇ ਹਨ। ਫਿਰ ਤੁਹਾਨੂੰ-ਮੈਨੂੰ ਟੈਲੀਫੋਨ ਆਉਂਦੇ ਹਨ ਕਿ ਦੋ ਪਿੰਡਾਂ ਵਿੱਚ ਗਊਆਂ ਪਿੱਛੇ ਲੜਾਈ ਹੋ ਗਈ, ਥਾਣੇਦਾਰ ਭੇਜੋ। ਫਿਰ ਰਾਤ ਨੂੰ ਪੁਲਿਸ ਉਥੇ ਜਾਂਦੀ ਹੈ ਅਤੇ ਫੈਸਲੇ ਮੁਕਾਉਂਦੀ ਹੈ। ਫਿਰ ਕਿਸੇ ਗਊਸ਼ਾਲਾ ਵਾਲੇ ਸਾਧੂ-ਸੰਤ ਦੀ ਮਿੰਨਤ ਕੀਤੀ ਜਾਂਦੀ ਹੈ ਕਿ ਬਾਬਾ ਜੀ, ਬੇਨਤੀ ਹੈ ਤੁਸੀਂ 50 ਗਊਆਂ ਅੰਦਰ ਵਾੜ ਲਵੋ। ਇਨ੍ਹਾਂ ਕਾਰਨ ਸਾਡੇ ਦੋ ਪਿੰਡ ਤਣਾਅ ਵਿੱਚ ਆਏ ਪਏ ਹਨ, ਲੋਕਾਂ ਦੇ ਸਿਰ ਪਾਟਣਗੇ। ਇਸ ਤਰ੍ਹਾਂ ਦੀਆਂ ਬਹੁਤ ਵੱਡੀਆਂ ਮੁਸ਼ਕਿਲਾਂ ਸਾਨੂੰ ਅਕਸਰ ਪੇਸ਼ ਆਉਂਦੀਆਂ ਹਨ।

ਫ਼ਸਲਾਂ ਦੀ ਰਾਖੀ ਦਾ ਮੈਂ ਜੋ ਜ਼ਿਕਰ ਕੀਤਾ ਸੀ, ਐਤਕੀਂ ਕਣਕ ਦਾ ਸੀਡ ਵਧੀਆ ਨਹੀਂ ਆਇਆ ਜਿਸ ਕਾਰਨ ਕਣਕ ਦੀ ਉਪਜ ਘੱਟ ਹੋਈ ਹੈ। ਜੇ ਸੌ ਦਾਣਾ ਅੱਗੇ ਹਰਾ ਹੁੰਦਾ ਸੀ ਤਾਂ ਉਨ੍ਹਾਂ ਵਿਚੋਂ ਐਤਕੀਂ 70 ਦਾਣੇ ਹੀ ਹਰੇ ਹੋਏ ਹਨ, ਪਤਾ ਨਹੀਂ ਕੀ ਬਿਮਾਰੀ ਲੱਗ ਗਈ ਹੈ। ਬੀਜ ਦਾ ਰੌਲਾ ਪਿਆ ਹੋਇਆ ਹੈ, ਭਾਵੇਂ ਅੱਜ ਇਹ ਮੁੱਦਾ ਨਹੀਂ ਸੀ ਪਰ ਇਸ ਬਾਰੇ ਵੀ ਖੇਤੀਬਾੜੀ ਮੰਤਰੀ ਸਾਹਿਬ ਨੂੰ ਬੇਨਤੀ ਕਰਕੇ ਕਿਸੇ ਦਿਨ ਕਹਿਣਾ ਹੈ ਕਿ ਜੋ ਤੁਹਾਡੇ ਵਿਗਿਆਨੀ ਹਨ, ਉਨ੍ਹਾਂ ਤੋਂ ਇਸ ਦੀ ਬੜੀ ਤਸੱਲੀ ਤੇ ਜ਼ਿੰਮੇਵਾਰੀ ਨਾਲ ਚੈਕਿੰਗ ਕਰਵਾ ਕੇ ਰਿਪੋਰਟ ਲਈ ਜਾਵੇ ਕਿ ਇਸ ਦੇ ਕਾਰਨ ਕੀ ਹਨ। ਅੱਜ ਸਾਡੀ ਕਣਕ ਦਾ ਝਾੜ 50 ਤੋਂ 55 ਮਣ ਪ੍ਰਤੀ ਏਕੜ ਨਿਕਲਦਾ ਹੈ। ਉਹ ਵੀ ਉਥੇ ਜਿਥੇ ਕਿ ਜ਼ਮੀਨ ਬਹੁਤ ਚੰਗੀ ਹੋਵੇ ਅਤੇ ਜ਼ਿੰਮੀਦਾਰ ਵੀ ਚੰਗਾ ਹੋਵੇ। ਜਿਹੜੇ ਫ਼ਸਲਾਂ ਦੀ ਰਾਖੀ ਕਰਨ ਵਾਲੇ ਵਿਅਕਤੀ ਹੁੰਦੇ ਹਨ, ਜਿਨ੍ਹਾਂ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ

ਰਾਤ ਨੂੰ ਪਿੰਡ ਦੇ ਅਖ਼ੀਰ ਤੱਕ ਗਊਆਂ ਭਜਾਉਣੀਆਂ ਹਨ ਤੇ ਫਸਲਾਂ ਦੀ ਰਾਖੀ ਕਰਨੀ ਹੈ, ਪਿੰਡਾਂ ਵਿੱਚ ਅਜਿਹੇ 20-30 ਰਾਖੇ ਹਨ, ਜਿਹੜੇ ਕਿ ਅੱਜ ਚਾਰ ਮਣ ਪ੍ਰਤੀ ਏਕੜ ਕਣਕ ਰਾਖੀ ਕਰਨ ਵਾਸਤੇ ਲੈਂਦੇ ਹਨ। ਹੁਣ ਤੁਸੀਂ ਅੰਦਾਜ਼ਾ ਲਗਾ ਲਉ ਕਿ ਚਾਰ ਮਣ ਇਕੱਲਾ ਰਾਖੀ ਕਰਨ ਵਾਲਾ ਹੀ ਇੱਕ ਏਕੜ ਵਿਚੋਂ ਲੈ ਜਾਵੇ ਤਾਂ ਪਿੱਛੇ ਕਿਸਾਨ ਕੋਲ ਕੀ ਰਹਿ ਜਾਂਦਾ ਹੈ।

ਮੇਰੀ ਤੁਹਾਡੇ ਚਰਨਾਂ ਵਿੱਚ ਇੱਕ ਬੇਨਤੀ ਹੋਰ ਹੈ ਕਿ ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ, ਮੈਂ ਮਹਿਸੂਸ ਕਰਦਾ ਹਾਂ ਕਿ ਸਾਡੀ ਗੁਰੂਆਂ ਪੀਰਾਂ ਦੀ ਛੋਹ ਪ੍ਰਾਪਤ ਪਵਿੱਤਰ ਧਰਤੀ ਹੈ ਅਤੇ ਇਹ ਪਵਿੱਤਰ ਹੀ ਰਹਿਣੀ ਚਾਹੀਦੀ ਹੈ। ਨਾ ਤਾਂ ਇਥੇ ਕੋਈ ਬੀਫ਼ ਖਾਂਦਾ ਹੈ ਅਤੇ ਨਾ ਹੀ ਇਥੇ ਕੋਈ ਸਲਾਟਰ ਹਾਊਸ ਹੈ। ਕਈ ਲੋਕ ਚਾਹੁੰਦੇ ਹਨ ਕਿ ਭਾਵੇਂ ਸੂਰ ਹੈ, ਕੋਈ ਹੋਰ ਜਾਨਵਰ ਹੈ ਜਾਂ ਗਊ ਹੈ, ਇਨ੍ਹਾਂ ਨੂੰ ਮਾਰ ਦਿਉ। ਮੈਂ ਅਜਿਹਾ ਨਹੀਂ ਚਾਹੁੰਦਾ। ਇਨ੍ਹਾਂ ਨੂੰ ਕਿਉਂ ਮਾਰਿਆ ਜਾਵੇ? ਅਸੀਂ ਇਨ੍ਹਾਂ ਨੂੰ ਖ਼ਤਮ ਨਹੀਂ ਕਰ ਸਕਦੇ ਫੇਰ ਇਸ ਦਾ ਹੱਲ ਕੀ ਹੈ? ਸਾਡੇ ਪੰਜਾਬ ਦੇ ਸਾਧਨ ਬਹੁਤ ਸੀਮਤ ਹਨ, ਪੰਜਾਬ ਦੀ ਆਮਦਨ ਬੜੀ ਘੱਟ ਹੈ। ਉਨ੍ਹਾਂ ਵਾਸਤੇ ਅਸੀਂ ਬਹੁਤ ਸਾਰੀਆਂ ਗਊਸ਼ਾਲਾਵਾਂ ਖੋਲ੍ਹ ਸਕੀਏ, ਉਨ੍ਹਾਂ ਦੇ ਰਹਿਣ ਦਾ ਇਤਜ਼ਾਮ ਕਰ ਸਕੀਏ, ਇਸ ਕਰਕੇ ਮੈਂ ਗੁਜਾਰਿਸ਼ ਕਰਾਂਗਾ ਕਿ ਅਸੀਂ ਸਰਬ-ਸੰਮਤੀ ਨਾਲ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਬੇਨਤੀ ਕਰੀਏ ਕਿ ਇਨ੍ਹਾਂ ਪਸ਼ੂਆਂ ਦੀ ਨਸਬੰਦੀ ਕਰ ਸਕੀਏ।

ਚੇਅਰਮੈਨ ਸਾਹਿਬ, ਜੋ ਸਾਡੀਆਂ ਗਊਸ਼ਾਲਾਵਾਂ ਹਨ, ਉਨ੍ਹਾਂ ਦੀ ਬਹੁਤ ਵੱਡੀ ਤ੍ਰਾਸਦੀ ਇਹ ਹੈ ਕਿ ਉਨ੍ਹਾਂ ਵਿੱਚ ਅੱਗੇ ਤੋਂ ਅੱਗੇ ਹੋਰ ਪੈਦਾਇਸ਼ ਹੋ ਰਹੀ ਹੈ। ਉਹ ਮਹਿਸੂਸ ਨਹੀਂ ਕਰਦੇ ਕਿ ਅਸੀਂ ਇਨ੍ਹਾਂ ਨੂੰ ਖ਼ਤਮ ਕਰੀਏ, ਇਨ੍ਹਾਂ ਦੀ ਗਿਣਤੀ ਘਟਾਈਏ। ਇਸ ਕਾਰਨ ਜੇ ਇਕ ਗਊਸ਼ਾਲਾ ਵਿੱਚ 500 ਗਾਂ ਹੈ ਤਾਂ ਉਨ੍ਹਾਂ ਵਿਚੋਂ 100 ਗਾਂ ਹਰ ਸਾਲ ਬੱਚਾ ਦੇ ਦਿੰਦੀ ਹੈ। ਜਿੰਨਾ ਚਿਰ ਤੱਕ ਉਨ੍ਹਾਂ ਦੀ ਨਸਬੰਦੀ ਦੇ ਆਪਰੇਸ਼ਨ ਨਹੀਂ ਹੋ ਜਾਂਦੇ, ਇਸ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ। ਜੇਕਰ ਅਸੀਂ ਇਸ ਵੱਲ ਸਖ਼ਤੀ ਨਾਲ ਧਿਆਨ ਨਹੀਂ ਦੇਵਾਂਗੇ ਤਾਂ ਹੋਰ ਕੌਣ ਦੇਵੇਗਾ? ਪੰਜਾਬ ਵਿੱਚ ਬੇਸਹਾਰਾ ਗਊਆਂ, ਸੂਰਾਂ ਜਾਂ ਅਵਾਰਾ ਪਸ਼ੂਆਂ ਦੀ ਗਿਣਤੀ ਵਧਣ ਦੀ ਵੱਡੀ ਸਮੱਸਿਆ ਵਾਸਤੇ ਸਭ ਤੋਂ ਵੱਧ ਜ਼ਿੰਮੇਵਾਰੀ ਕਿਸ ਦੀ ਬਣਦੀ ਸੀ? ਇਹ ਪਸ਼ੂ ਪਾਲਣ ਵਿਭਾਗ ਦੀ ਬਣਦੀ ਸੀ। ਉਨ੍ਹਾਂ ਨੇ ਆਪਣੀ ਜ਼ਿੰਮੇਵਾਰੀ ਇੱਕ ਪਰਸੈਂਟ ਵੀ ਨਹੀਂ ਨਿਭਾਈ। ਸਰਕਾਰ ਉਨ੍ਹਾਂ ਨੂੰ ਹਦਾਇਤ

ਕਰੇ ਕਿ ਚਾਹੇ ਗਊਸ਼ਾਲਾ ਨੂੰ ਕੋਈ ਸਾਧੂ ਚਲਾਉਂਦਾ ਹੈ, ਚਾਹੇ ਸੰਤ ਚਲਾਉਂਦਾ ਹੈ, ਚਾਹੇ ਕੋਈ ਸਮਾਜ-ਸੇਵੀ ਸੰਸਥਾ ਜਾਂ ਐਨ.ਜੀ.ਓ. ਚਲਾਉਂਦਾ ਹੈ, ਉਨ੍ਹਾਂ ਗਊਸ਼ਾਲਾਵਾਂ ਵਿੱਚ ਜਾ ਕੇ ਜਿੰਨੀਆਂ ਗਊਆਂ ਦੀ ਨਸਬੰਦੀ ਹੋ ਸਕਦੀ ਹੈ, ਉਹ ਕਰਵਾਈ ਜਾਵੇ। ਜੇ ਅੱਜ ਅਸੀਂ ਅਜਿਹਾ ਕਰਨ ਲੱਗਾਂਗੇ ਤਾਂ ਪੰਜਾਂ-ਸੱਤਾਂ ਸਾਲਾਂ ਤੱਕ ਇਹ ਸਮੱਸਿਆ ਕਾਬੂ ਵਿੱਚ ਆਵੇਗੀ। ਸੋ, ਇਨ੍ਹਾਂ ਸ਼ਬਦਾਂ ਨਾਲ ਮੈਂ ਸਮੁੱਚੇ ਹਾਊਸ ਨੂੰ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਇਸ ਮਤੇ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। ਧੰਨਵਾਦ।

ਸਰਦਾਰ ਬਲਬੀਰ ਸਿੰਘ ਸਿੱਧੂ (ਐਸ.ਏ.ਐਸ. ਨਗਰ) : ਚੇਅਰਮੈਨ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਤੁਹਾਡੇ ਧਿਆਨ ਵਿਚ ਕੱਲ੍ਹ ਦੀ ਹੀ ਇਕ ਤਾਜ਼ੀ ਘਟਨਾ ਲਿਆਉਣਾ ਚਾਹੁੰਦਾ ਹਾਂ। ਕੱਲ੍ਹ ਡੇਰਾਬਸੀ ਦੇ ਨੇੜੇ ਮੁਬਾਰਕਪੁਰ ਪਿੰਡ ਵਿਚ ਇਕ ਹਲਕਾਈ ਹੋਈ ਗਊ ਨੇ ਕਾਫ਼ੀ ਬੰਦਿਆਂ ਨੂੰ ਨੁਕਸਾਨ ਪਹੁੰਚਾਇਆ ਹੈ। ਇਕ ਔਰਤ ਨੂੰ ਭੱਜ ਕੇ ਆਪਣੀ ਜਾਨ ਬਚਾਉਣੀ ਪਈ, ਉਹ ਔਰਤ ਆਪਣੀ ਜਾਨ ਬਚਾਉਣ ਵਾਸਤੇ ਦੋ-ਢਾਈ ਘੰਟੇ ਬਾਥਰੂਮ ਵਿਚ ਬੰਦ ਰਹੀ ਹੈ। ਤੁਸੀਂ ਅਖ਼ਬਾਰਾਂ ਵਿਚ ਵੀ ਇਸ ਖ਼ਬਰ ਬਾਰੇ ਪੜ੍ਹਿਆ ਹੋਣਾ ਹੈ। ਸੋ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਜਿਹੇ ਹਾਦਸਿਆਂ ਦੇ ਪੀੜ੍ਹਤ ਵਿਅਕਤੀਆਂ ਦੀ ਜੇਕਰ ਮੌਤ ਹੋ ਜਾਵੇ ਜਾਂ ਕੋਈ ਹਲਕ ਜਾਵੇ, ਫਿਰ ਉਸ ਦਾ ਇਲਾਜ ਹੁੰਦਾ ਹੈ। ਕੀ ਸਰਕਾਰ ਉਸ ਵਾਸਤੇ ਕੋਈ ਪ੍ਰਬੰਧ ਕਰਦੀ ਹੈ ਜਾਂ ਸਰਕਾਰ ਵਲੋਂ ਅਜਿਹੇ ਹਾਦਸਿਆਂ ਲਈ ਮੁਆਵਜ਼ੇ ਵਾਸਤੇ ਕਿੰਨਾ ਪੈਸਾ ਰੱਖਿਆ ਹੋਇਆ ਹੈ? ਜਦੋਂ ਕੋਈ ਕੀਮਤੀ ਜਾਨ ਚਲੀ ਜਾਂਦੀ ਹੈ ਤਾਂ ਇਨਸਾਨੀਅਤ ਦਾ ਕਿੰਨਾ ਨੁਕਸਾਨ ਹੁੰਦਾ ਹੈ। ਮੇਰੇ ਸਾਥੀ ਸਰਦਾਰ ਮਹੇਸ਼ਇੰਦਰ ਸਿੰਘ ਨੇ ਬਹੁਤ ਵਧੀਆ ਗੱਲ ਕੀਤੀ ਹੈ ਕਿ ਅਸੀਂ ਸਵੱਛ ਭਾਰਤ ਦੀ ਗੱਲ ਕਰਦੇ ਹਾਂ ਪਰ ਇੱਥੇ ਕੂੜਿਆਂ ਦੇ ਢੇਰ ਲੱਗੇ ਹੋਏ ਹਨ, ਜਿਨ੍ਹਾਂ ਤੇ ਗਊਆਂ ਚਰਦੀਆਂ ਰਹਿੰਦੀਆਂ ਹਨ। ਪਤਾ ਨਹੀਂ ਕਿਹੜਾ ਜ਼ਹਿਰੀਲਾ ਪਦਾਰਥ ਖਾ ਕੇ ਉਹ ਗਊ ਜਾਂ ਕੋਈ ਕੁੱਤਾ ਹਲਕ ਜਾਵੇ। ਆਮ ਤੌਰ ਤੇ ਲੋਕ ਦੁੱਧ ਚੋਅ ਕੇ ਗਊਆਂ ਛੱਡ ਦਿੰਦੇ ਹਨ। ਜੇਕਰ ਉਹ ਗਊ ਬਾਹਰ ਕੋਈ ਜ਼ਹਿਰੀਲਾ ਪਦਾਰਥ ਖਾ ਲਵੇ ਤਾਂ ਉਸ ਦਾ ਦੁੱਧ ਪੀ ਕੇ ਕਿੰਨੇ ਬੰਦੇ ਮਰ ਸਕਦੇ ਹਨ। ਕੀ ਸਰਕਾਰ ਨੇ ਇਸ ਵਾਸਤੇ ਕੋਈ ਪ੍ਰਬੰਧ ਕੀਤਾ ਹੈ?

[ਸਰਦਾਰ ਬਲਬੀਰ ਸਿੰਘ ਸਿੱਧੂ]

ਪਹਿਲੀ ਗੱਲ, ਕੂੜਿਆਂ ਦੇ ਢੇਰ ਕਵਰ ਹੋਣੇ ਚਾਹੀਦੇ ਹਨ ਅਤੇ ਉਥੇ ਬਕਾਇਦਾ ਇਕ ਗਾਰਡ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ, ਜੋ ਗਊਆਂ ਨੂੰ ਉਥੇ ਨਾ ਆਉਣ ਦੇਵੇ। ਦੂਸਰਾ, ਜਿਹੜੀਆਂ ਅਵਾਰਾ ਗਊਆਂ ਪਿੰਡਾਂ ਅਤੇ ਸ਼ਹਿਰਾਂ ਵਿਚ ਘੁੰਮਦੀਆਂ ਹਨ ਉਨ੍ਹਾਂ ਦਾ ਪ੍ਰਾਵਧਾਨ ਕਰਨਾ ਬਹੁਤ ਜ਼ਰੂਰੀ ਹੈ। ਮੇਰੇ ਹਲਕੇ ਵਿਚ ਕਈ ਅਜਿਹੇ ਪਿੰਡ ਹਨ ਜਿਥੇ ਗਊ ਚਰਾਂਦਾਂ ਦੇ ਨਾਂ ਤੇ 20-20, 50-50 ਕਿੱਲੇ ਜ਼ਮੀਨ ਉਪਲਬਧ ਹੈ ਪਰ ਉਹ ਜ਼ਮੀਨ ਜ਼ੋਰਾਵਰਾਂ ਨੇ ਕਬਜ਼ੇ ਵਿਚ ਕਰ ਲਈ ਹੈ। ਉਹ ਚਰਾਂਦਾਂ ਇਸ ਕਰਕੇ ਬਣਾਈਆਂ ਗਈਆਂ ਸਨ ਤਾਂ ਕਿ ਅਵਾਰਾ ਪਸ਼ੂ ਉਥੇ ਚਰ ਸਕਣ ਪਰੰਤੂ ਅਜਿਹਾ ਨਾ ਹੋਣ ਕਾਰਨ ਹੁਣ ਅਵਾਰਾ ਪਸ਼ੂ ਆਪਣੀ ਫੀਡ ਕੂੜੇ ਦੇ ਢੇਰਾਂ ਤੋਂ ਲੈ ਰਹੇ ਹਨ।

ਇਥੇ ਅਮਰੀਕਨ ਗਊ ਦੀ ਗੱਲ ਕੀਤੀ ਗਈ ਹੈ। ਅਮਰੀਕਨ ਗਊ ਦੀ ਦੁੱਧ ਦੇਣ ਦੀ ਸਮਰੱਥਾ 50 ਲੀਟਰ ਤੱਕ ਪਹੁੰਚ ਚੁੱਕੀ ਹੈ ਪਰ ਸਾਹੀਵਾਲ ਗਊ ਦਾ ਦੁੱਧ ਮੈਕਸੀਮਮ 17-18 ਲੀਟਰ ਹੈ। ਮੈਂ ਵੀ ਇਹ ਗਊਆਂ ਪਾਲੀਆਂ ਹੋਈਆਂ ਹਨ। ਇਸ ਦੀ ਫੈਟ 6 ਦੇ ਕਰੀਬ ਆਉਂਦੀ ਹੈ ਪਰ ਇੱਥੇ ਸਾਰਿਆਂ ਨੂੰ ਇਕੋ ਰੱਸੇ ਬੰਨ੍ਹਿਆ ਜਾਂਦਾ ਹੈ। 4.5 ਤੋਂ ਵੱਧ ਉਸ ਦੀ ਫੈਟ ਨਹੀਂ ਗਿਣੀ ਜਾਂਦੀ। 4.5 ਫੈਟ ਦੇ 27 ਰੁਪਏ 35 ਪੈਸੇ ਮਿਲਦੇ ਹਨ ਪਰ ਜੇਕਰ ਉਸ ਦੁੱਧ ਨੂੰ ਮੱਝ ਦੇ ਦੁੱਧ ਬਰਾਬਰ ਕਨਸਿਡਰ ਕੀਤਾ ਜਾਵੇ ਤਾਂ ਲੋਕਾਂ ਦਾ ਝੁਕਾਅ ਆਪਣੇ ਆਪ ਸਾਹੀਵਾਲ ਗਊਆਂ ਵਾਲੇ ਪਾਸੇ ਆ ਜਾਵੇਗਾ। ਇਸ ਨਾਲ ਲੋਕਾਂ ਦੀ ਇਨਕਮ ਵੀ ਵਧੇਗੀ ਅਤੇ ਲੋਕ ਅਮਰੀਕਨ ਗਊਆਂ ਦਾ ਸ਼ੌਂਕ ਛੱਡ ਦੇਣਗੇ। ਇਸ ਲਈ ਸਰਕਾਰ ਨੂੰ ਇਸ ਪਾਸੇ ਬਹੁਤ ਕੁਝ ਕਰਨ ਦੀ ਲੋੜ ਹੈ।

ਮੇਰੇ ਆਪਣੇ ਇਕ ਰਿਸ਼ਦੇਤਾਰ ਮੁੰਡੇ ਦਾ ਰਾਤ ਨੂੰ ਗਊ ਨਾਲ ਟਕਰਾ ਕੇ ਐਕਸੀਡੈਂਟ ਹੋ ਗਿਆ ਅਤੇ ਉਸਦੀ ਮੌਤ ਹੋ ਗਈ। ਉਹ ਇੰਜੀਨੀਅਰਿੰਗ ਦਾ ਵਿਦਿਆਰਥੀ ਸੀ। ਮੇਰੇ ਹਲਕੇ ਮੋਹਾਲੀ ਵਿਚ ਸੁਖਮਨੀ ਸੇਵਾ ਸੋਸਾਇਟੀ ਦੀ ਪ੍ਰਧਾਨ ਬੀਬੀ ਨੂੰ ਸੜਕ ਤੇ ਤੁਰੀ ਜਾਂਦੀ ਨੂੰ ਸਾਨ੍ਹ ਨੇ ਆਪਣੇ ਸਿੰਙਾਂ ਨਾਲ ਵਗਾਹ ਕੇ ਮਾਰਿਆ ਅਤੇ ਉਸ ਦੀ ਮੌਕੇ ਤੇ ਹੀ ਮੌਤ ਹੋ ਗਈ। ਸਰਕਾਰ ਨੇ ਜਿਹੜਾ ਕੱਲ੍ਹ ਬਜਟ ਪੇਸ਼ ਕੀਤਾ ਹੈ, ਉਸ ਵਿਚ ਅੰਕੜਿਆਂ ਦਾ ਹੇਰ-ਫੇਰ ਤਾਂ ਬਹੁਤ ਹੈ ਪਰ ਪ੍ਰੈਕਟੀਕਲੀ ਨਾ ਤਾਂ ਬੀ.ਜੇ.ਪੀ. ਸੁਹਿਰਦ ਹੈ ਅਤੇ ਨਾ ਹੀ ਸਰਕਾਰ ਸੁਹਿਰਦ ਹੈ। ਅੱਜ ਇਥੇ ਕਿਹਾ ਗਿਆ ਹੈ ਕਿ ਕਿਸਾਨ ਰਾਤ ਨੂੰ ਜਾਗ ਜਾਗ ਕੇ ਰਾਤਾਂ ਕੱਟਦੇ ਹਨ ਅਤੇ ਸਵੇਰੇ ਫਿਰ ਉਨ੍ਹਾਂ ਨੇ ਕੰਮ ਕਰਨਾ ਹੁੰਦਾ ਹੈ। ਇਸ

ਵਾਸਤੇ ਸਰਕਾਰ ਨੂੰ ਪ੍ਰਾਇਰਟੀ ਤੇ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ।

ਸਾਡਾ ਸਮਾਜ ਗਊ ਦੀ ਪੂਜਾ ਕਰਦਾ ਹੈ। ਤਕਰੀਬਨ ਸਾਡੇ ਸਾਰਿਆਂ ਦੇ ਮਨ ਵਿੱਚ ਗਊ ਦਾ ਬਹੁਤ ਹੀ ਸਤਿਕਾਰ ਹੈ। ਸੈਂਟਰ ਗੌਰਮਿੰਟ ਕੋਲ ਹਜ਼ਾਰਾਂ-ਅਰਬਾਂ ਰੁਪਏ ਦੇ ਫੰਡ ਹਨ। ਇਸ ਕਾਰਜ ਵਾਸਤੇ ਉਹ ਚਾਰ-ਪੰਜ ਹਜ਼ਾਰ ਕਰੋੜ ਰੁਪਿਆ ਪੰਜਾਬ ਸਰਕਾਰ ਨੂੰ ਦੇਵੇ। ਇਨ੍ਹਾਂ ਨੇ ਕਿਹਾ ਕਿ 25-25 ਕਿੱਲੇ ਜ਼ਮੀਨ ਚਾਹੀਦੀ ਹੈ, ਬਿਲਕੁਲ ਠੀਕ ਗੱਲ ਹੈ। ਜੇਕਰ ਅਸੀਂ ਹਜ਼ਾਰਾਂ-ਕਰੋੜਾਂ ਰੁਪਿਆ ਵੈਸੇ ਹੋਰ ਖ਼ਰਚ ਕਰ ਸਕਦੇ ਹਾਂ ਤਾਂ ਕੀ ਅਸੀਂ ਇਸ ਕੰਮ ਲਈ ਖ਼ਰਚ ਨਹੀਂ ਕਰ ਸਕਦੇ? ਸਾਡੇ ਕਿਸਾਨ ਅਤੇ ਸੋਸਾਇਟੀ ਨੂੰ ਬਚਾਉਣ ਦੀ ਖ਼ਾਤਰ ਕੀ ਅਸੀਂ ਨਹੀਂ ਕਰ ਸਕਦੇ? ਜਿਹੜੀਆਂ ਗਊਸ਼ਾਲਾਵਾਂ ਪਹਿਲਾਂ ਬਣੀਆਂ ਹੋਈਆਂ ਹਨ, ਇਹ ਕਹਿੰਦੇ ਹਨ ਕਿ ਉਥੇ 100 ਗਊ ਸੂਅ ਪੈਂਦੀ ਹੈ ਪਰ ਜੇਕਰ ਕਮਰਸ਼ੀਅਲ ਐਂਗਲ ਤੋਂ ਦੇਖਿਆ ਜਾਵੇ ਤਾਂ ਅਸੀਂ ਉਥੇ ਵੀ ਦੁੱਧ ਦੀ ਡੇਅਰੀ ਬਣਾ ਸਕਦੇ ਹਾਂ। ਉਨ੍ਹਾਂ ਗਊਆਂ ਦੇ ਦੁੱਧ ਨੂੰ ਡੇਅਰੀ ਵਿੱਚ ਪਾ ਸਕਦੇ ਹਾਂ ਤੇ ਗਊਆਂ ਵਾਸਤੇ ਚਾਰੇ ਦਾ ਪ੍ਰਬੰਧ ਕਰ ਸਕਦੇ ਹਾਂ। ਪਰ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਨਿਰ੍ਹਾ ਢਕੋਸਲੇਬਾਜ਼ੀ ਜਾਂ ਡਰਾਮੇਬਾਜ਼ੀ ਹੀ ਨਹੀਂ, ਇਨ੍ਹਾਂ ਗੱਲਾਂ ਨੂੰ ਪ੍ਰੈਕਟੀਕਲੀ ਹੋਂਦ ਵਿੱਚ ਲੈ ਕੇ ਆਓ ਤਾਂ ਕਿ ਅਸੀਂ ਪੰਜਾਬ ਨੂੰ ਬਚਾ ਸਕੀਏ। ਬਹੁਤ ਬਹੁਤ ਧੰਨਵਾਦ।

ਸਰਦਾਰ ਜਗਮੋਹਨ ਸਿੰਘ ਕੰਗ (ਖਰੜ): ਚੇਅਰਮੈਨ ਸਾਹਿਬ, ਇਹ ਇੱਕ ਬਹੁਤ ਹੀ ਅਹਿਮ ਮੁੱਦਾ ਹੈ ਅਤੇ ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ। ਮੈਂ ਬੜੇ ਹੀ ਧਿਆਨ ਦੇ ਨਾਲ ਸੁਣ ਰਿਹਾ ਸੀ, ਇਨ੍ਹਾਂ ਨੇ ਇਸ ਵਿੱਚ ਕੋਈ ਵੀ ਗੱਲ ਨਹੀਂ ਛੱਡੀ।

ਸ਼੍ਰੀ ਸਭਾਪਤੀ : ਕੰਗ ਸਾਹਿਬ, ਤੁਹਾਨੂੰ ਹਾਲੇ ਟਾਈਮ ਤਾਂ ਦਿੱਤਾ ਨਹੀਂ ਹੈ। ਤੁਸੀਂ ਪੁਆਇੰਟ ਆਫ਼ ਆਰਡਰ ਤੇ ਕੋਈ ਗੱਲ ਕਰਨੀ ਹੈ ਤਾਂ ਕਰ ਲਓ।

ਸਰਦਾਰ ਜਗਮੋਹਨ ਸਿੰਘ ਕੰਗ : ਚੇਅਰਮੈਨ ਸਾਹਿਬ, ਮੈਂ ਸਿਰਫ਼ ਦੋ-ਤਿੰਨ ਮਿੰਟ ਹੀ ਲਗਾਉਣੇ ਹਨ। ਮੇਰੇ ਕੋਲ ਲਗਾਤਾਰ ਪੰਜ ਸਾਲ ਪਸ਼ੂ ਪਾਲਣ ਮਹਿਕਮਾ ਰਿਹਾ ਹੈ। ਕੈਪਟਨ ਸਾਹਿਬ ਦੀ ਸਰਕਾਰ ਦੇ ਵਿੱਚ ਅਸੀਂ ਬਹੁਤ ਸਾਰੇ ਉਪਰਾਲੇ ਕਰਦੇ ਰਹੇ ਹਾਂ ਲੇਕਿਨ ਫੰਡਜ਼ ਦੀ ਘਾਟ ਕਾਰਨ ਉਹ ਸਿਰੇ ਨਹੀਂ ਚੜ੍ਹਦੇ ਸਨ। ਸਰਕਾਰ ਦਾ ਤਕਰੀਬਨ ਤੀਜੇ ਸਾਲ ਦਾ ਸੈਸ਼ਨ ਜਾ ਰਿਹਾ ਹੈ, ਕਈ ਵਾਰ ਇਹ ਮਤੇ ਆਏ, ਪਾਸ ਹੋਏ, ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ

[ਸਰਦਾਰ ਜਗਮੋਹਨ ਸਿੰਘ ਕੰਗ]
ਲਾਗੂ ਕੁਝ ਨਹੀਂ ਹੁੰਦਾ। ਮੈਂ ਇੱਕ ਸੁਝਾਅ ਦੇ ਕੇ ਬੈਠਣ ਲੱਗਿਆ ਹਾਂ, ਜੋ ਮੇਰਾ ਤਜਰਬਾ ਰਿਹਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਡੀ.ਸੀ. ਸਾਹਿਬ ਦੀ ਅਗਵਾਈ ਥੱਲੇ ਇੱਕ ਕਮੇਟੀ ਬਣਾਈ ਜਾਵੇ, ਜਿਸ ਵਿੱਚ ਐਮ.ਐਲ.ਏ. ਸਾਹਿਬਾਨ, ਸਿਆਸੀ ਪਾਰਟੀਆਂ ਦੇ ਆਗੂ, ਐਸ.ਡੀ.ਐਮ. ਅਤੇ ਗਊਸ਼ਾਲਾ ਦੇ ਅਧਿਕਾਰੀਆਂ ਨੂੰ ਮੈਂਬਰ ਵਜੋਂ ਲਿਆ ਜਾਵੇ। ਸਮੇਂ ਸਮੇਂ ਤੇ ਇਸ ਨੂੰ ਮੋਨੀਟਰ ਅਤੇ ਰਿਵੀਊ ਕੀਤਾ ਜਾਵੇ। ਪੰਚਾਇਤ ਦੀਆਂ ਜ਼ਮੀਨਾਂ ਨੂੰ ਇਸ ਲਈ ਵਰਤਿਆ ਜਾਵੇ। ਮੈਂ ਮਹਿਸੂਸ ਕਰਦਾ ਹਾਂ ਕਿ ਇੱਕ ਇਹੀ ਹੱਲ ਹੋ ਸਕਦਾ ਹੈ। ਸੋ, ਕਮੇਟੀ ਬਣਾਈ ਜਾਵੇ ਜਿਸ ਨੂੰ ਪਸ਼ੂ ਪਾਲਣ ਮੰਤਰੀ ਬਕਾਇਦਾ ਮੋਨੀਟਰ ਕਰਨ ਅਤੇ ਪੈਰਵੀ ਕਰਨ ਤਾਂ ਕਿ ਇਸ ਦਾ ਕੋਈ ਹੱਲ ਨਿਕਲ ਸਕੇ।

ਮੁੱਖ ਸੰਸਦੀ ਸਕੱਤਰ, ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ (ਚੌਧਰੀ ਨੰਦ ਲਾਲ): ਸਤਿਕਾਰਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਹੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਪਵਿੱਤਰ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਕੰਡੀ ਦੇ ਇਲਾਕੇ ਵਿੱਚ ਵਸਣ ਵਾਲਾ ਇਨਸਾਨ ਹਾਂ। ਅੱਜ ਜਿਹੜਾ ਅਵਾਰਾ ਪਸ਼ੂਆਂ ਅਤੇ ਜੰਗਲੀ ਜਾਨਵਰਾਂ ਬਾਰੇ ਸਾਡੇ ਬੜੇ ਸਤਿਕਾਰਯੋਗ ਮੈਂਬਰ ਸਰਦਾਰ ਮਹੇਸ਼ਇੰਦਰ ਜੀ ਨੇ ਮਤਾ ਲਿਆਂਦਾ ਹੈ, ਉਸ ਸਬੰਧ ਵਿੱਚ ਮੈਂ ਵੀ ਆਪਣੇ ਇਲਾਕੇ ਦੇ ਲੋਕਾਂ ਦੀਆਂ ਤਕਲੀਫਾਂ ਬਿਆਨ ਕਰਨਾ ਚਾਹੁੰਦਾ ਹਾਂ। ਵੈਸੇ ਤਾਂ ਕੰਡੀ ਦੇ ਇਲਾਕੇ ਵਿੱਚ ਬਹੁਤ ਵੱਡੀਆਂ ਤਕਲੀਫ਼ਾਂ ਰਹੀਆਂ ਹਨ, ਪਾਣੀ ਦੀ ਘਾਟ ਹੋਣ ਕਰਕੇ ਵਧੀਆ ਚੰਗੀ ਫ਼ਸਲ ਨਹੀਂ ਹੁੰਦੀ ਸੀ ਅਤੇ ਜ਼ਮੀਨਾਂ ਵੀ ਕਮਜ਼ੋਰ ਸਨ। ਸਾਡੇ ਬਹੁਤ ਹੀ ਸਤਿਕਾਰਯੋਗ ਮੁੱਖ ਮੰਤਰੀ, ਪੰਜਾਬ ਨੇ ਸਾਡੇ ਤੇ ਬਹੁਤ ਕਿਰਪਾ ਕੀਤੀ ਹੈ, ਸਾਡੇ ਤੇ ਬਹੁਤ ਵੱਡੀ ਮਿਹਰਬਾਨੀ ਕੀਤੀ ਹੈ, ਟਿਊਬਵੈੱਲ ਦੇ ਕੇ ਸਾਡੇ ਕੰਡੀ ਦੇ ਲੋਕਾਂ ਨੂੰ ਵੀ ਕਿਸਾਨ ਕਹਾਉਣ ਦਾ ਹੱਕ ਦਿੱਤਾ ਹੈ। ਸਾਡੇ ਲੋਕ ਬੜੇ ਮਿਹਨਤੀ ਹਨ। ਸਾਡਾ ਕੰਡੀ ਦਾ ਇਲਾਕਾ ਪਠਾਨਕੋਟ ਤੋਂ ਲੈ ਕੇ ਡੇਰਾਬੱਸੀ ਤੱਕ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਨਾਲ ਵਸਿਆ ਹੋਇਆ ਹੈ।

ਟਿਊਬਵੈੱਲ ਲੱਗਣ ਨਾਲ ਅੱਜ ਜਿਥੇ ਸਾਡੇ ਖੇਤਾਂ ਵਿੱਚ ਫ਼ਸਲਾਂ ਹੋਣੀਆਂ ਸ਼ੁਰੂ ਹੋਈਆਂ ਹਨ, ਉਥੇ ਅਵਾਰਾ ਪਸ਼ੂਆਂ ਦੀ ਮਾਰ ਵੀ ਪੈ ਜਾਂਦੀ ਹੈ। ਤਿੰਨ-ਤਿੰਨ ਚਾਰ-ਚਾਰ ਸੌ ਪਸ਼ੂਆਂ ਦਾ ਝੁੰਡ ਜਦੋਂ ਇੱਕ ਪਿੰਡ ਦੇ ਇੱਕ ਖੇਤ, ਇਲਾਕੇ ਵਿੱਚ ਜਿਸ ਨੂੰ ਹਾਲ ਕਹਿੰਦੇ ਹਨ, ਵਿੱਚ ਜਦੋਂ ਉਹ ਵੜਦੇ ਹਨ ਤਾਂ ਉਹ ਸਾਰੇ ਹਾਲ ਦੀ ਇੱਕ ਦਿਨ ਵਿੱਚ ਹੀ ਸਫ਼ਾਈ ਕਰ ਦਿੰਦੇ ਹਨ। ਸਾਡੇ ਲੋਕ ਦਿਨ

ਰਾਤ ਰਾਖੀ ਵਾਸਤੇ ਖੇਤਾਂ ਵਿੱਚ ਹੀ ਸੌਂਦੇ ਹਨ। ਉਸ ਦੇ ਬਾਵਜੂਦ ਵੀ ਅਵਾਰਾ ਪਸ਼ੂ ਆ ਕੇ ਸਾਰੀ ਫ਼ਸਲ ਖਾ ਜਾਂਦੇ ਹਨ। ਸਾਨੂੰ ਇਸ ਗੱਲ ਦੀ ਬੜੀ ਮੁਸ਼ਕਲ ਹੈ। ਮੈਂ ਇਸ ਪਵਿੱਤਰ ਸਦਨ ਵਿੱਚ ਇਹ ਗੱਲ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਦਾ ਹੱਲ ਕਰਨ ਬਾਰੇ ਕੁਝ ਸੋਚਿਆ ਜਾਵੇ ਤਾਂ ਕਿ ਸਾਡੀਆਂ ਫ਼ਸਲਾਂ ਦਾ ਬਚਾਅ ਹੋ ਸਕੇ। ਇਹ ਇਲਾਕੇ ਦੇ ਲੋਕਾਂ ਦੀ ਮੰਗ ਵੀ ਹੈ। ਇਲਾਕੇ ਦੇ ਲੋਕ ਮੰਗ ਕਰਦੇ ਹਨ ਕਿ ਅਵਾਰਾਂ ਪਸ਼ੂਆਂ ਤੋਂ ਫ਼ਸਲਾਂ ਬਚਾਉਣ ਵਾਸਤੇ ਸਰਕਾਰ ਤਾਰਾਂ ਦਾ ਜਾਲ ਲਗਾਉਣ ਦਾ ਕੋਈ ਇੰਤਜ਼ਾਮ ਕਰੇ ਜਾਂ ਕੋਈ ਹੋਰ ਇੰਤਜ਼ਾਮ ਕਰਕੇ ਦੇਵੇ। ਜੇ ਸਰਕਾਰ ਪ੍ਰਬੰਧ ਨਹੀਂ ਕਰ ਸਕਦੀ ਤਾਂ ਕਿਸਾਨਾਂ ਨੂੰ ਖ਼ੁਦ ਤਾਰਾਂ ਲਗਾਉਣ ਵਾਸਤੇ ਸਰਕਾਰ 75% ਤੱਕ ਦੀ ਸਬਸਿਡੀ ਦੇਵੇ ਤਾਂ ਕਿ ਉਹ ਆਪਣੀਆਂ ਫ਼ਸਲਾਂ ਬਚਾ ਸਕਣ ਅਤੇ ਆਪਣੇ ਬੱਚੇ ਪਾਲ ਸਕਣ।

ਵੈਸੇ ਸਾਡੇ ਇਲਾਕੇ ਤੇ ਪ੍ਰਮਾਤਮਾ ਦੀ ਬੜੀ ਮਿਹਰਬਾਨੀ ਅਤੇ ਸੰਤ ਮਹਾਂਪੁਰਸ਼ਾਂ ਦੀ ਬੜੀ ਕਿਰਪਾ ਹੈ। ਮਹਾਰਾਜ ਭੂਰੀ ਵਾਲਿਆਂ ਦੀ ਸੰਸਥਾ ਨੇ ਬਹੁਤ ਵੱਡਾ ਉਪਰਾਲਾ ਕੀਤਾ ਹੈ। ਉਹ ਆਪਣੇ ਤੌਰ ਤੇ ਅਤੇ ਪਿੰਡ ਅਤੇ ਲੋਕਾਂ ਦੇ ਸਹਿਯੋਗ ਨਾਲ ਗਊਸ਼ਾਲਾ ਚਲਾ ਰਹੇ ਹਨ। ਸੰਤ ਮਹਾਂਪੁਰਸ਼ ਉਥੇ ਸੇਵਾ ਕਰਦੇ ਹਨ ਅਤੇ ਲੋਕ ਵੀ ਉਨ੍ਹਾਂ ਦੀ ਮਦਦ ਕਰਦੇ ਹਨ। ਹਾਲਾਂਕਿ ਇਲਾਕੇ ਦੇ ਲੋਕ ਬੜੇ ਗਰੀਬ ਹਨ ਅਤੇ ਉਨ੍ਹਾਂ ਦਾ ਆਪਣਾ ਗੁਜ਼ਾਰਾ ਵੀ ਨਹੀਂ ਹੁੰਦਾ ਪਰ ਫਿਰ ਵੀ ਉਹ ਕੋਸ਼ਿਸ਼ ਕਰਕੇ ਪਸ਼ੂਆਂ ਲਈ ਹਰੇ ਪੱਠੇ ਅਤੇ ਸੁੱਕੇ ਪੱਠੇ ਲਿਆ ਕੇ ਦਿੰਦੇ ਹਨ ਲੇਕਿਨ ਇੰਨੇ ਕੁ ਸਹਿਯੋਗ ਨਾਲ ਉਸ ਗਊਸ਼ਾਲਾ ਦਾ ਪੂਰਾ ਪ੍ਰਬੰਧ ਨਹੀਂ ਹੁੰਦਾ। ਉਥੇ ਗਊਸ਼ਾਲਾ ਵਿੱਚ 1200-1300 ਗਊਆਂ ਰੱਖੀਆਂ ਹੋਈਆਂ ਹਨ। ਇੰਨੇ ਡੰਗਰਾਂ ਨੂੰ ਰੱਖਣਾ ਬੜਾ ਔਖਾ ਹੈ ਅਤੇ ਉਨ੍ਹਾਂ ਦਾ ਜੇਕਰ ਹਰ ਰੋਜ਼ ਦਾ ਖੁਰਾਕ ਦਾ ਖਰਚਾ ਗਿਣੀਏ ਤਾਂ ਬਹੁਤ ਜ਼ਿਆਦਾ ਹੋ ਜਾਂਦਾ ਹੈ। ਸਰਕਾਰ ਉਨ੍ਹਾਂ ਦੀ ਕਿਸੇ ਵੀ ਢੰਗ ਨਾਲ ਮਦਦ ਕਰੇ, ਉਨ੍ਹਾਂ ਨੂੰ ਪ੍ਰਤੀ ਪਸ਼ੂ ਘੱਟੋ-ਘੱਟ 50 ਰੁਪਏ ਦਾ ਖਰਚਾ ਹੀ ਦੇ ਦੇਵੇ। ਇਸ ਤਰ੍ਹਾਂ ਉਸ ਗਊਸ਼ਾਲਾ ਵਾਲੇ ਪਸ਼ੂਆਂ ਦੀ ਹੋਰ ਵੀ ਜ਼ਿਆਦਾ ਸੇਵਾ ਕਰ ਸਕਦੇ ਹਨ। ਉਥੇ ਇਸ ਤਰ੍ਹਾਂ ਦੀਆਂ ਗਊਆਂ ਵੀ ਹੁੰਦੀਆਂ ਹਨ ਜਿਹੜੀਆਂ ਲੰਗੜੀਆਂ-ਲੂਲੀਆਂ ਹੁੰਦੀਆਂ ਹਨ ਜਾਂ ਕੋਈ ਬੇਸਹਾਰਾ ਛੱਡ ਜਾਂਦਾ ਹੈ, ਜਿਵੇਂ ਇੱਥੇ ਕਿਹਾ ਗਿਆ ਹੈ ਕਿ ਲੋਕੀਂ ਦੁੱਧ ਪੀ ਕੇ ਛੱਡ ਜਾਂਦੇ ਹਨ।

ਇਸ ਤਰ੍ਹਾਂ ਇਨ੍ਹਾਂ ਪਸ਼ੂਆਂ ਦੇ ਕਈ ਝੁੰਡ ਬਣ ਜਾਂਦੇ ਹਨ। ਇਨ੍ਹਾਂ 200-300 ਗਊਆਂ ਦੇ ਝੁੰਡ ਰਾਤ ਦੇ ਸਮੇਂ ਹੀ ਖੇਤਾਂ ਵੱਲ ਆਉਂਦੇ ਹਨ। ਉਹ

ਟਾਈਮ ਦੇ ਵੀ ਇੰਨੇ ਪਾਬੰਦ ਹਨ ਕਿ ਉਨ੍ਹਾਂ ਨੂੰ ਪਤਾ ਹੈ ਕਿ ਕਿਸ ਸਮੇਂ ਉਨ੍ਹਾਂ ਨੇ ਚੱਲਣਾ ਹੈ ਅਤੇ ਕਿਸ ਸਮੇਂ ਖੇਤਾਂ ਵਿੱਚ ਜਾਣਾ ਹੈ ਅਤੇ ਫ਼ਸਲਾਂ ਖਾਣੀਆਂ ਹਨ। ਕੁਝ ਲੋਕ ਆਪਣੀ ਜ਼ਰੂਰਤ ਲਈ, ਫ਼ਸਲਾਂ ਬਚਾਉਣ ਲਈ ਮਿਹਨਤ ਨਾਲ ਤਾਰਾਂ ਲਗਾ ਦਿੰਦੇ ਹਨ ਜਿਹੜੀਆਂ ਕਿ ਆਰਜ਼ੀ ਤੌਰ ਤੇ ਹੀ ਲਗਾਈਆਂ ਹੁੰਦੀਆਂ ਹਨ। ਇਨ੍ਹਾਂ ਝੁੰਡਾਂ ਵਿੱਚ ਕੁਝ ਸਾਨ੍ਹ ਵੀ ਹੁੰਦੇ ਹਨ। ਗਊਆਂ ਦੇ ਵੱਛੇ ਵੱਡੇ ਹੋ ਕੇ ਤਕੜੇ ਸਾਨ੍ਹ ਬਣ ਜਾਂਦੇ ਹਨ। ਇਹ ਸਭ ਤੋਂ ਪਹਿਲਾਂ ਉਨ੍ਹਾਂ ਤਾਰਾਂ ਨੂੰ ਆਪਣੇ ਸਿੰਙਾਂ ਨਾਲ ਪੁੱਟਦੇ ਹਨ। ਉਹ ਤਾਰਾਂ ਪੁੱਟਣ ਨੂੰ ਆਪਣੀ ਡਿਊਟੀ ਸਮਝਦੇ ਹਨ ਤਾਂ ਕਿ ਬਾਕੀ ਦੀਆਂ ਗਊਆਂ ਅਤੇ ਬੱਚੇ ਖੇਤਾਂ ਵਿੱਚ ਵੜ ਕੇ ਫ਼ਸਲਾਂ ਖਾਣ ਦਾ ਮੌਕਾ ਪ੍ਰਾਪਤ ਕਰ ਸਕਣ। ਬਾਅਦ ਵਿੱਚ ਉਹ ਆਪਣਾ ਪੇਟ ਵੀ ਭਰ ਲੈਂਦਾ ਹੈ। ਜਿਹੜਾ ਮਤਾ ਸਰਦਾਰ ਮਹੇਸ਼ਇੰਦਰ ਸਿੰਘ ਜੀ ਨੇ ਲਿਆਂਦਾ ਹੈ, ਇਹ ਸਾਡੇ ਛੋਟੇ ਜ਼ਿੰਮੀਦਾਰਾਂ ਅਤੇ ਕਿਸਾਨਾਂ ਵਾਸਤੇ ਲਿਆਂਦਾ ਗਿਆ ਹੈ, ਜਿਹੜੇ ਦਿਨ ਰਾਤ ਮਿਹਨਤ ਕਰਨ ਤੋਂ ਬਾਅਦ ਵੀ ਅਰਾਮ ਨਹੀਂ ਕਰ ਸਕਦੇ। ਮੈਂ ਵੀ ਇਸ ਗੱਲ ਦੀ ਪ੍ਰੋੜਤਾ ਕਰਦਾ ਹਾਂ ਕਿ ਇਸ ਸਮੱਸਿਆ ਵੱਲ ਪੂਰਾ ਧਿਆਨ ਦਿੱਤਾ ਜਾਵੇ।

ਇਸ ਤੋਂ ਇਲਾਵਾ ਮੈਂ ਆਪਣੇ ਕੰਡੀ ਇਲਾਕੇ ਦੀ ਇਕ ਹੋਰ ਗੱਲ ਕਰਨਾ ਚਾਹੁੰਦਾ ਹਾਂ, ਭਾਵੇਂ ਉਹ ਹਾਸੋਹੀਣੀ ਲਗਦੀ ਹੈ। ਅਸੀਂ ਜੇ ਅਵਾਰਾ ਪਸ਼ੂਆਂ ਦੀ ਆਫ਼ਤ ਤੋਂ ਬਚ ਜਾਵਾਂਗੇ ਤਾਂ ਉਥੇ ਇਕ ਹੋਰ ਆਫ਼ਤ ਖੜ੍ਹੀ ਹੈ ਅਤੇ ਉਹ ਆਫ਼ਤ ਬਾਂਦਰਾਂ ਦੀ ਹੈ। ਸਾਡੇ ਪਿੰਡਾਂ ਵਿਚ ਉਨ੍ਹਾਂ ਦੀ ਤਾਦਾਦ ਇੰਨੀ ਵੱਧ ਗਈ ਹੈ ਕਿ ਉਹ ਦਿਨ-ਰਾਤ ਸਾਨੂੰ ਸੌਣ ਨਹੀਂ ਦਿੰਦੇ, ਲੋਕਾਂ ਨੂੰ ਕੰਮ ਨਹੀਂ ਕਰਨ ਦਿੰਦੇ। ਜੇਕਰ ਲੋਕਾਂ ਨੇ ਕੱਪੜੇ ਧੋ ਕੇ ਤਾਰ ਤੇ ਟੰਗੇ ਹੁੰਦੇ ਹਨ, ਉਹ ਖਰਾਬ ਕਰ ਦਿੰਦੇ ਹਨ। ਕਈ ਵਾਰੀ ਉਹ ਘਰਾਂ ਦੀਆਂ ਰਸੋਈਆਂ ਵਿਚ ਵੜ ਜਾਂਦੇ ਹਨ। ਜੇ ਕੁਦਰਤ ਵੱਲੋਂ ਉਹ ਹਨ ਤਾਂ ਅਸੀਂ ਕੀ ਕਰ ਸਕਦੇ ਹਾਂ ਪਰ ਅਸੀਂ ਸਰਕਾਰ ਕੋਲੋਂ ਜ਼ਰੂਰ ਮਦਦ ਮੰਗਦੇ ਹਾਂ ਕਿ ਉਨ੍ਹਾਂ ਤੋਂ ਕਿਸੇ ਵੀ ਢੰਗ-ਤਰੀਕੇ ਨਾਲ ਲੋਕਾਂ ਨੂੰ ਬਚਾਇਆ ਜਾਵੇ। ਇਹ ਸਾਡੇ ਅਤੇ ਖਾਸ ਕਰਕੇ ਕੰਡੀ ਦੇ ਇਲਾਕੇ ਦੇ ਲੋਕਾਂ ਦੀਆਂ ਸਖ਼ਤ ਲੋੜਾਂ 'ਚੋਂ ਹੈ। ਸਾਡੇ ਇਲਾਕੇ ਦੇ ਲੋਕ ਇਨ੍ਹਾਂ ਜਾਨਵਰਾਂ ਤੋਂ ਬੜੇ ਦੁਖੀ ਹਨ। ਸਰਕਾਰ ਸਾਡੀ ਮਦਦ ਕਰੇ। ਕਿਸਾਨਪੱਖੀ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਕਿਰਪਾ ਨਾਲ ਮੈਨੂੰ ਮੌਕਾ ਮਿਲਿਆ ਹੈ ਅਤੇ ਇਹ ਰਹਿਨੁਮਾਈ ਦਿੱਤੀ ਗਈ ਹੈ, ਇਸ ਵਾਸਤੇ ਬਹੁਤ ਬਹੁਤ ਧੰਨਵਾਦ।

ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ (ਗੜ੍ਹਸ਼ੰਕਰ) : ਚੇਅਰਮੈਨ ਸਾਹਿਬ, ਤੁਸੀਂ ਮੈਨੂੰ ਇਸ ਅਹਿਮ ਮਤੇ ਤੇ ਬੋਲਣ ਦਾ ਇਸ ਪਵਿੱਤਰ ਸਦਨ ਵਿਚ ਮੌਕਾ ਦਿੱਤਾ ਹੈ, ਇਸ ਲਈ ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਅੱਜ ਪੂਰੇ ਪੰਜਾਬ ਵਿਚ ਅਵਾਰਾ ਪਸ਼ੂਆਂ ਦੀ ਬਹੁਤ ਵੱਡੀ ਭਰਮਾਰ ਹੈ ਜਿਸ ਕਾਰਨ ਅਸੀਂ ਹਰ ਰੋਜ਼ ਬੜੇ ਭਿਆਨਕ ਐਕਸੀਡੈਂਟ ਹੁੰਦੇ ਵੇਖਦੇ ਹਾਂ। ਅਸੀਂ ਕਈ ਬਹੁਤ ਹੀ ਕੀਮਤੀ ਜਾਨਾਂ ਵੀ ਇਨ੍ਹਾਂ ਐਕਸੀਡੈਂਟਾਂ ਵਿਚ ਗਵਾ ਚੁੱਕੇ ਹਾਂ। ਸਰਦਾਰ ਮਹੇਸ਼ਇੰਦਰ ਸਿੰਘ, ਐਮ.ਐਲ.ਏ. ਵੱਲੋਂ ਜੋ ਇਹ ਮਤਾ ਸਦਨ ਵਿਚ ਲਿਆਂਦਾ ਗਿਆ ਹੈ, ਆਪਣੀ ਸਪੀਚ ਵਿਚ ਉਨ੍ਹਾਂ ਨੇ ਇਸ ਸਬੰਧੀ ਹਰ ਮੁੱਦੇ ਨੂੰ ਛੋਹਿਆ ਹੈ ਅਤੇ ਹੱਲ ਵੀ ਦੱਸੇ ਹਨ। ਜਿਹੜੀਆਂ ਗਊਆਂ ਦੁੱਧ ਦੇਣ ਤੋਂ ਹੱਟ ਜਾਂਦੀਆਂ ਹਨ ਅਤੇ ਜਿਹੜੇ ਵੱਛੇ ਪੈਦਾ ਹੁੰਦੇ ਹਨ, ਉਨ੍ਹਾਂ ਨੂੰ ਡੇਅਰੀ ਫਾਰਮਾਂ ਵਾਲੇ ਗੱਡੀਆਂ ਜਾਂ ਟਰਾਲੀਆਂ ਵਿਚ ਭਰ ਕੇ ਜ਼ਿਆਦਾਤਰ ਕੰਡੀ ਇਲਾਕਿਆਂ ਵਿਚ ਛੱਡ ਦਿੰਦੇ ਹਨ। ਜਿਵੇਂ ਕਿ ਚੌਧਰੀ ਸਾਹਿਬ ਨੇ ਦੱਸਿਆ ਹੈ, ਇਸ ਤਰ੍ਹਾਂ ਉਨ੍ਹਾਂ ਪਸ਼ੂਆਂ ਦੇ ਜੰਗਲਾਂ ਵਿਚ ਵੱਡੇ ਵੱਡੇ ਝੁੰਡ ਬਣ ਜਾਦੇ ਹਨ। ਜਦੋਂ ਉਹ ਝੁੰਡ ਇਕੱਠੇ ਹੋ ਕੇ ਆਉਂਦੇ ਹਨ ਤਾਂ ਉਹ ਫ਼ਸਲਾਂ ਦੀ ਤਬਾਹੀ ਕਰਦੇ ਹਨ। ਜਦੋਂ ਕਿਸਾਨ ਆਪਣੀ ਫ਼ਸਲ ਦੀ ਰਾਖੀ ਕਰਦਾ ਹੈ ਤਾਂ ਕਈ ਵਾਰ ਉਹ ਕਿਸਾਨ ਉਤੇ ਵੀ ਹਮਲਾ ਕਰ ਦਿੰਦੇ ਹਨ। ਮੇਰੇ ਹਲਕੇ ਵਿਚ ਇਕ ਪਿੰਡ ਜੀਵਨਪੁਰ ਜੱਟਾਂ ਹੈ। ਉਥੋਂ ਦੇ ਨੰਬਰਦਾਰ ਗੁਰਦਿਆਲ ਸਿੰਘ ਤੇ ਇਕ ਸਾਨ੍ਹ ਨੇ ਹਮਲਾ ਕਰ ਦਿੱਤਾ। ਕੁਦਰਤੀ ਉਸ ਦਾ ਬਚਾਅ ਤਾਂ ਹੋ ਗਿਆ ਪ੍ਰੰਤੂ ਉਹ ਦੋ ਹਫ਼ਤੇ ਹਸਪਤਾਲ ਵਿਚ ਆਪਣਾ ਇਲਾਜ ਕਰਵਾਉਂਦਾ ਰਿਹਾ।

ਜਿਵੇਂ ਰਾਜਸਥਾਨ ਅਤੇ ਗੁਜਰਾਤ ਵਿਚ ਟੈਗ ਸਿਸਟਮ ਸ਼ੁਰੂ ਕੀਤਾ ਹੋਇਆ ਹੈ, ਉਹ ਟੈਗ ਸਿਸਟਮ ਪੰਜਾਬ ਵਿਚ ਵੀ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ। ਜਿਹੜਾ ਵੀ ਪਰਿਵਾਰ ਗਊ ਰੱਖਦਾ ਹੈ, ਉਸ ਦਾ ਦੁੱਧ ਪੀਂਦਾ ਹੈ, ਉਸ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਜੇ ਗਊ ਵੱਛਾ ਵੀ ਦਿੰਦੀ ਹੈ ਤਾਂ ਵੀ ਉਹ ਪਰਿਵਾਰ ਉਸ ਦੀ ਸਾਂਭ-ਸੰਭਾਲ ਕਰੇ। ਜੇਕਰ ਗਊ ਦੁੱਧ ਦੇਣ ਤੋਂ ਹੱਟ ਜਾਂਦੀ ਹੈ ਤਾਂ ਵੀ ਉਸ ਦੀ ਸਾਂਭ-ਸੰਭਾਲ ਉਸ ਪਰਿਵਾਰ ਨੂੰ ਹੀ ਕਰਨੀ ਚਾਹੀਦੀ ਹੈ। ਜੇਕਰ ਉਹ ਪਰਿਵਾਰ ਉਨ੍ਹਾਂ ਪਸ਼ੂਆਂ ਨੂੰ ਖੁੱਲ੍ਹੇਆਮ ਛੱਡ ਦਿੰਦਾ ਹੈ ਤਾਂ ਉਸ ਉਤੇ ਐਕਸ਼ਨ ਲੈਣਾ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ।

ਮੇਰਾ ਗੜ੍ਹਸ਼ੰਕਰ ਦਾ ਏਰੀਆ ਕੰਢੀ ਦਾ ਏਰੀਆ ਅਤੇ ਬੀਤ ਦਾ ਏਰੀਆ

ਹੈ, ਜਿਸ ਦੇ ਤਕਰੀਬਨ 36 ਪਿੰਡ ਹਨ। ਅਸੀਂ ਸਾਲ 1997 ਦੀ ਸਰਕਾਰ ਵੇਲੇ ਸਰਦਾਰ ਪਰਕਾਸ਼ ਸਿੰਘ ਜੀ ਬਾਦਲ, ਮੁੱਖ ਮੰਤਰੀ ਜੀ ਨੂੰ ਉਥੇ ਲੈ ਕੇ ਗਏ ਸੀ। ਉਨ੍ਹਾਂ ਨੇ ਲੋਕਾਂ ਦੀ ਦੁੱਖ-ਤਕਲੀਫ਼ ਨੂੰ ਮੁੱਖ ਰੱਖਦੇ ਹੋਏ ਡੂੰਘੇ ਟਿਊਬਵੈਲ ਲਗਵਾਏ ਸਨ। ਅੱਜ ਉਥੇ 1400-1500 ਫੁੱਟ ਡੂੰਘੇ ਟਿਊਬਵੈਲ ਲਗਦੇ ਹਨ। ਕਿਸਾਨ ਆਪਣੀ ਫ਼ਸਲ ਬੀਜਦਾ ਹੈ ਅਤੇ ਰਾਤ ਨੂੰ ਉਸ ਫ਼ਸਲ ਦੀ ਰਾਖੀ ਕਰਦਾ ਹੈ। ਜਦੋਂ ਫ਼ਸਲ ਤਿਆਰ ਹੋ ਜਾਂਦੀ ਹੈ ਤਾਂ ਅਵਾਰਾ ਪਸ਼ੂ ਆ ਕੇ ਉਹ ਸਾਰੀ ਫ਼ਸਲ ਖਾ ਜਾਂਦੇ ਹਨ। ਇਸ ਕਰਕੇ ਡੀਪ ਟਿਊਬਵੈਲ ਲਗਾਉਣ ਦਾ ਵੀ ਕੋਈ ਜ਼ਿਆਦਾ ਫ਼ਾਇਦਾ ਨਹੀਂ ਮਿਲ ਰਿਹਾ ਕਿਉਂਕਿ ਜੇ ਫ਼ਸਲ ਤਿਆਰ ਵੀ ਹੋ ਜਾਂਦੀ ਹੈ ਤਾਂ ਉਹ ਫ਼ਸਲ ਬਚ ਨਹੀਂ ਸਕਦੀ। ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਜੀ ਸਾਡੇ ਇੱਕ ਪਿੰਡ ਸੈਲੇ ਵਿਖੇ ਇੱਕ ਉਦਘਾਟਨ ਕਰਨ ਵਾਸਤੇ ਗਏ ਸਨ। ਉਥੇ ਕਿਸਾਨਾਂ ਨੂੰ ਜਾਲ ਤੇ 50% ਸਬਸਿਡੀ ਦੇਣ ਦੀ ਅਨਾਊਂਸਮੈਂਟ ਕੀਤੀ ਗਈ ਸੀ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਪਵਿੱਤਰ ਸਦਨ ਵਿੱਚ ਬੇਨਤੀ ਕਰਦਾ ਹਾਂ ਕਿ ਕਿਸਾਨਾਂ ਨੂੰ ਇਹ ਸਬਸਿਡੀ ਦਿੱਤੀ ਜਾਣੀ ਚਾਹੀਦੀ ਹੈ। ਜੇ ਜਾਲ ਲੱਗ ਜਾਵੇ ਤਾਂ ਕਿਸਾਨ ਦੀ ਫ਼ਸਲ ਬਚ ਸਕਦੀ ਹੈ।

ਇਸ ਕੰਡੀ ਦੇ ਏਰੀਏ ਵਿੱਚ ਆਲੂ ਵੀ ਬੀਜਿਆ ਜਾਂਦਾ ਹੈ, ਮੱਕੀ ਵੀ ਬੀਜੀ ਜਾਂਦੀ ਹੈ। ਜਦੋਂ ਜੰਗਲਾਂ ਵਿੱਚੋਂ ਸੂਰ, ਗਾਵਾਂ, ਅਵਾਰਾ ਸਾਨ੍ਹ ਤੇ ਨੀਲ ਗਾਵਾਂ ਆਉਂਦੀਆਂ ਹਨ ਤਾਂ ਉਹ ਫ਼ਸਲ ਨੂੰ ਬਰਬਾਦ ਕਰਕੇ ਰੱਖ ਦਿੰਦੀਆਂ ਹਨ। ਇੱਕ ਕਿਸਾਨ 35 ਹਜ਼ਾਰ ਜਾਂ 40 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਠੇਕੇ ਤੇ ਦੂਜੇ ਕਿਸਾਨ ਤੋਂ ਜ਼ਮੀਨ ਲੈ ਕੇ ਆਪਣੀ ਫ਼ਸਲ ਬੀਜਦਾ ਹੈ। ਪਰੰਤੂ ਇਹ ਅਵਾਰਾ ਜਾਨਵਰ, ਅਵਾਰਾ ਪਸ਼ੂ ਆ ਕੇ ਉਸ ਦੀ ਫ਼ਸਲ ਨੂੰ ਬਰਬਾਦ ਕਰ ਦਿੰਦੇ ਹਨ ਜਿਸ ਕਾਰਨ ਕਿਸਾਨ ਕਰਜ਼ਈ ਹੋ ਜਾਂਦਾ ਹੈ। ਪੰਜਾਬ ਵਿੱਚ ਲੱਖਾਂ ਕਿਸਾਨਾਂ ਨੇ ਜੋ ਆਤਮ ਹੱਤਿਆ ਕੀਤੀ ਹੈ, ਉਹ ਦਾ ਕਾਰਨ ਇਹੀ ਸੀ ਕਿ ਉਹ ਘਾਟੇ ਵਿੱਚ ਗਿਆ ਸੀ।

ਮੇਰਾ ਹਲਕਾ ਤੇ ਚੌਧਰੀ ਸਾਹਿਬ ਦਾ ਹਲਕਾ ਨਾਲੋ-ਨਾਲ ਹੈ। ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਜੀ, ਜਿਨ੍ਹਾਂ ਨੇ ਪੰਜਾਬ ਵਿੱਚ ਬਹੁਤ ਸਾਰੇ ਸੁਚੱਜੇ ਉਪਰਾਲੇ ਕੀਤੇ ਹਨ, ਉਹ ਸਾਡੇ ਹਲਕੇ ਵਿੱਚ ਆਏ ਸਨ। ਚਾਂਦਪੁਰ ਰੁੜਕੀ ਵਿਖੇ ਇੱਕ ਗਊਸ਼ਾਲਾ ਦਾ ਨਿਰਮਾਣ ਕੀਤਾ ਸੀ ਤੇ ਸਾਡੇ ਸਵਾਮੀ ਕਿਸ਼ਨਾਨੰਦ ਜੀ, ਭੂਰੀ ਵਾਲੇ ਜਿਹੜੇ ਉਹ ਗਊਸ਼ਾਲਾ ਚਲਾਉਂਦੇ ਹਾਂ, ਬੱਦੀ ਅਤੇ ਬੀਤ ਏਰੀਏ

ਵਿੱਚ ਵੀ ਉਹ ਇੱਕ ਗਊਸ਼ਾਲਾ ਚਲਾ ਰਹੇ ਹਨ, ਜਿੱਥੇ ਮੁੱਖ ਮੰਤਰੀ ਜੀ ਨੇ ਵੀ ਉਨ੍ਹਾਂ ਦੀ ਹੈਲਪ ਕੀਤੀ, ਉਥੇ ਹੀ ਅਸੀਂ ਡਿਪਟੀ ਮੁੱਖ ਮੰਤਰੀ, ਸਰਦਾਰ ਸੁਖਬੀਰ ਸਿੰਘ ਜੀ ਬਾਦਲ ਨੂੰ ਵੀ ਉਥੇ ਲੈ ਕੇ ਗਏ ਸੀ। ਉਹ ਦਸ ਲੱਖ ਰੁਪਿਆ ਉਸ ਗਊਸ਼ਾਲਾ ਵਾਸਤੇ ਦੇ ਕੇ ਆਏ ਹਨ। ਚਾਂਦਪੁਰ ਰੁੜਕੀ ਵਿੱਚ ਜਦੋਂ ਗਊਸ਼ਾਲਾ ਨੂੰ ਪੈਸੇ ਦਿੱਤੇ ਤਾਂ ਮਹਾਂਪੁਰਸ਼ਾਂ ਨੂੰ ਹੋਰ ਵੀ ਹੌਂਸਲਾ ਤੇ ਬਲ ਮਿਲਿਆ। ਉਨ੍ਹਾਂ ਨੇ ਬੱਦੀ ਵਿਖੇ 1500 ਏਕੜ ਵਿੱਚ ਗਊਸ਼ਾਲਾ ਬਣਾਈ ਹੋਈ ਹੈ, ਜਿੱਥੇ ਹਜ਼ਾਰਾਂ ਗਊਆਂ ਦੀ ਸੇਵਾ ਕੀਤੀ ਜਾਂਦੀ ਹੈ।

ਕੰਡੀ ਅਤੇ ਬੀਤ ਦੇ ਏਰੀਏ ਵਿੱਚ ਪੰਚਾਇਤਾਂ ਕੋਲ ਜ਼ਮੀਨਾਂ ਵੀ ਹਨ। ਮੈਂ ਪੰਜਾਬ ਸਰਕਾਰ ਨੂੰ ਅਤੇ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਜ਼ਮੀਨਾਂ ਪੰਚਾਇਤਾਂ ਤੋਂ ਲੀਜ਼ ਤੇ ਲੈ ਕੇ ਉਥੇ ਗਊਸ਼ਾਲਾਵਾਂ ਬਣਾਈਆਂ ਜਾਣ। ਸਮਾਜਿਕ ਜਥੇਬੰਦੀਆਂ ਅਤੇ ਧਾਰਮਿਕ ਜਥੇਬੰਦੀਆਂ, ਜਿਨ੍ਹਾਂ ਵਿੱਚ ਮਹਾਂਪੁਰਸ਼ ਸੇਵਾ ਕਰਦੇ ਹਨ, ਦੀ ਡਿਊਟੀ ਲਗਾ ਕੇ ਉਨ੍ਹਾਂ ਗਊਆਂ ਦੀ ਸੇਵਾ ਕੀਤੀ ਜਾਵੇ। ਇਸ ਦੇ ਨਾਲ ਹੀ ਭਾਰਤ ਸਰਕਾਰ ਨੂੰ ਇਹ ਮਤਾ ਪਾ ਕੇ ਭੇਜਣਾ ਚਾਹੀਦਾ ਹੈ ਕਿ ਪੰਜਾਬ ਵਿੱਚ ਡੇਰਾਬਸੀ ਤੋਂ ਲੈ ਕੇ ਧਾਰ ਬਲਾਕ ਤੱਕ ਜੰਗਲ ਦੇ ਏਰੀਏ ਵਿੱਚ ਜਾਲ ਲਗਾਉਣ ਲਈ ਭਾਰਤ ਸਰਕਾਰ ਰਾਸ਼ੀ ਜਾਰੀ ਕਰੇ। ਇਹ ਰਾਸ਼ੀ ਬਹੁਤ ਜ਼ਿਆਦਾ ਲੋੜੀਂਦੀ ਹੈ ਅਤੇ ਪੰਜਾਬ ਸਰਕਾਰ ਇਕੱਲੀ ਇਸ ਦਾ ਪ੍ਰਬੰਧ ਕਰਨ ਤੋਂ ਅਸਮਰੱਥ ਹੈ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਪਰਪਜ਼ ਵਾਸਤੇ ਵੱਡੇ ਫੰਡਜ਼ ਦੇਵੇ। ਜਿੱਥੇ ਕਿਤੇ ਵੀ ਜੰਗਲ ਹੈ, ਉਥੇ ਜਾਲ ਲਗਾ ਕੇ ਜੰਗਲੀ ਜਾਨਵਰਾਂ ਦੀ ਆਮਦ ਨੂੰ ਰੋਕਿਆ ਜਾਵੇ ਅਤੇ ਜਿਹੜੇ ਅਵਾਰਾ ਪਸ਼ੂ ਹਨ, ਉਨ੍ਹਾਂ ਨੂੰ ਗਊਸ਼ਾਲਾਵਾਂ ਵਿੱਚ ਸਾਂਭਿਆ ਜਾਵੇ।

ਜਿਵੇਂ ਪਹਿਲਾਂ ਵੀ ਦੱਸਿਆ ਗਿਆ ਹੈ, ਡੇਅਰੀ ਫਾਰਮਾਂ ਵਾਲੇ ਜਿਹੜੇ ਦੁੱਧ ਵੇਚ ਕੇ ਆਮਦਨੀ ਕਮਾਉਂਦੇ ਹਨ, ਜਦੋਂ ਗਾਂਵਾਂ ਦੁੱਧ ਦੇਣਾ ਛੱਡ ਦਿੰਦੀਆਂ ਹਨ ਤਾਂ ਫਿਰ ਉਨ੍ਹਾਂ ਗਊਆਂ ਨੂੰ ਜੰਗਲਾਂ ਵਿੱਚ ਜਾ ਕੇ ਛੱਡ ਦਿੰਦੇ ਹਨ, ਉਨ੍ਹਾਂ ਤੇ ਜ਼ਰੂਰ ਨੱਥ ਪਾਈ ਜਾਵੇ। ਉਨ੍ਹਾਂ ਵਾਸਤੇ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ। ਮੇਰੇ ਆਪਣੇ ਹਲਕੇ ਵਿੱਚ ਅਜਿਹਾ ਕਾਂਡ ਹੋਇਆ ਹੈ। ਗਾਈਆਂ ਤੇ ਵਛੜਿਆਂ ਨੂੰ ਟਰਾਲੀਆਂ ਵਿੱਚ ਭਰ ਕੇ ਕੰਡੀ ਨਹਿਰ ਵਿੱਚ ਛੱਡ ਦਿੱਤਾ ਗਿਆ। ਸਾਡੇ ਲੋਕਾਂ ਨੇ ਉਥੋਂ ਕਢਵਾ ਕੇ ਫਿਰ ਉਨ੍ਹਾਂ ਨੂੰ ਗਊਸ਼ਾਲਾਵਾਂ ਵਿੱਚ ਭੇਜਿਆ। ਕਈ ਗਊਆਂ ਤਾਂ ਸੱਟਾਂ ਲੱਗਣ ਨਾਲ ਮਰ ਵੀ ਗਈਆਂ। ਜਿਹੜੇ ਭਿਆਨਕ ਹਾਦਸੇ ਹੁੰਦੇ ਹਨ, ਉਹ ਤਾਂ ਹੀ ਹੁੰਦੇ ਹਨ ਕਿਉਂਕਿ ਗਊਆਂ ਨੂੰ ਅਵਾਰਾ ਛੱਡਿਆ ਜਾਂਦਾ ਹੈ। ਅਜਿਹੇ

[ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ]

ਲੋਕਾਂ ਖਿਲਾਫ਼ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਇਸ ਪਵਿੱਤਰ ਸਦਨ ਨੂੰ ਮਤਾ ਪਾਸ ਕਰਕੇ ਭਾਰਤ ਸਰਕਾਰ ਨੂੰ ਭੇਜਣਾ ਚਾਹੀਦਾ ਹੈ ਤਾਂ ਜੋ ਗਊਸ਼ਾਲਾਵਾਂ ਬਣਾਉਣ ਅਤੇ ਜੰਗਲੀ ਜੀਵਾਂ ਨੂੰ ਰੋਕਣ ਲਈ ਜਾਲ ਲਗਾਉਣ ਲਈ ਭਾਰਤ ਸਰਕਾਰ ਵੱਲੋਂ ਵੱਡੇ ਫੰਡਜ਼ ਭੇਜੇ ਜਾਣ। ਇਹ ਮੌਕੇ ਦੀ ਲੋੜ ਹੈ ਅਤੇ ਇਸ ਵਾਸਤੇ ਇੰਤਜ਼ਾਮ ਜ਼ਰੂਰ ਕਰਨੇ ਚਾਹੀਦੇ ਹਨ। ਧੰਨਵਾਦ।

ਸ਼੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ) : ਮਾਨਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡਾ ਅਭਾਰੀ ਹਾਂ ਕਿ ਤੁਸੀਂ ਮੈਨੂੰ ਇਸ ਅਹਿਮ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ ਜਿਹੜਾ ਸਰਦਾਰ ਮਹੇਸ਼ਇੰਦਰ ਸਿੰਘ ਜੀ, ਅਵਾਰਾ ਪਸ਼ੂਆਂ ਦੀ ਸਮੱਸਿਆ ਅਤੇ ਉਨ੍ਹਾਂ ਕਾਰਨ ਹੁੰਦੇ ਭਿਆਨਕ ਹਾਦਸਿਆਂ ਬਾਰੇ ਲੈ ਕੇ ਆਏ ਹਨ। ਮਾਨਯੋਗ ਚੇਅਰਮੈਨ ਸਾਹਿਬ, ਇਹ ਸਮੱਸਿਆ ਕਿਉਂ ਬਣੀ, ਇਹ ਵੀ ਇੱਕ ਚਿੰਤਾ ਅਤੇ ਚਿੰਤਨ ਦਾ ਵਿਸ਼ਾ ਹੈ। ਅਸੀਂ ਪਸ਼ੂ ਨੂੰ ਪਸ਼ੂ ਧਨ ਕਹਿੰਦੇ ਹਾਂ, ਫਿਰ ਇਹ ਸਮੱਸਿਆ ਕਿਉਂ ਬਣ ਗਿਆ? ਅੱਜ ਮੈਨੂੰ ਸਮਾਂ ਯਾਦ ਆਉਂਦਾ ਹੈ, ਜਦੋਂ ਖੇਤੀ ਵੀ ਘਰ ਦੀ ਹੁੰਦੀ ਸੀ ਅਤੇ ਲਵੇਰਾ ਵੀ ਘਰ ਦਾ ਹੁੰਦਾ ਸੀ ਅਤੇ ਇੱਕ ਫੈਮਿਲੀ, ਪਰਿਵਾਰ ਜਾਂ ਕੁਟੰਭ ਆਪਣਾ ਖਾਣ-ਪੀਣ ਸ਼ੁੱਧ ਰੱਖਣ ਲਈ ਘਰ ਦੀ ਖੇਤੀ, ਸਬਜੀ, ਦੁੱਧ ਵਰਤਦਾ ਸੀ। ਮੈਂ ਕਹਾਂਗਾ ਕਿ ਸ਼ੁੱਧ, ਸਾਤਵਿਕ ਜੀਵਨ ਜਿਊਂਦਾ ਸੀ ਲੇਕਿਨ ਸਮੇਂ ਨੇ ਕਰਵਟ ਲਈ। ਅਰਬੇਨਾਈਜੇਸ਼ਨ ਹੋਇਆ, ਜਿਸ ਨੂੰ ਅਸੀਂ ਮਾਡਰੇਨਾਈਜੇਸ਼ਨ ਕਹਿੰਦੇ ਹਾਂ। ਜਿਸ ਕਾਰਨ ਸਮੇਂ ਦੇ ਅਨੁਸਾਰ ਫੈਮਿਲੀ ਯੂਨਿਟ ਵੀ ਘੱਟ ਗਿਆ। ਅੱਗੇ ਚਾਰ-ਚਾਰ ਪਰਿਵਾਰ ਇਕੱਠੇ ਰਹਿੰਦੇ ਸੀ। ਕੋਈ ਖੇਤੀ ਵਿੱਚ ਲੱਗਿਆ ਹੋਇਆ ਹੈ, ਕੋਈ ਪਸ਼ੂਆਂ ਨੂੰ ਪਾਲਦਾ ਹੈ, ਕੋਈ ਹੋਰ ਕੰਮ ਕਰਦਾ ਹੈ। ਪਰਿਵਾਰ ਇਕੱਠਾ ਅੱਗੇ ਵਧਦਾ ਸੀ।

ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਗਊ ਗਰੀਬ ਦਾ ਰਾਖਾ ਕਿਹਾ ਗਿਆ ਹੈ। ਗਊ ਗਰੀਬ ਦੀ ਰੱਖਿਆ ਲਈ ਉਹ ਲੜੇ। ਨਿਤਾਣਿਆਂ ਦੇ ਤਾਣ, ਜਿਸ ਦੀ ਕੋਈ ਸੁਣਵਾਈ ਨਹੀਂ ਹੈ, ਦਸਮ ਪਿਤਾ ਨੇ ਉਸ ਦੀ ਰਾਖੀ ਕੀਤੀ। ਅੱਜ ਉਨ੍ਹਾਂ ਦੀ ਪਾਵਨ ਤਿਥੀ ਵੀ ਹੈ।

ਅੱਜ ਜਿਹੜਾ ਇਹ ਮੁੱਦਾ ਆਇਆ ਹੈ, ਇਸ ਨੂੰ ਆਪਾਂ ਅਰਬੇਨਾਈਜੇਸ਼ਨ ਦੇ ਐਂਗਲ ਤੋਂ ਦੇਖੀਏ ਕਿ ਉਸ ਨਾਲ ਕੀ ਹੋਇਆ। ਭਰਾ ਵੱਖ ਵੱਖ ਹੋਣੇ ਸ਼ੁਰੂ ਹੋ ਗਏ ਅਤੇ ਕਾਨੂੰਨ ਪਾਸ ਹੋ ਗਿਆ ਕਿ ਘਰ ਦੇ ਵਿੱਚ ਤੁਸੀਂ ਗਊ ਜਾਂ ਮੱਝ ਨਹੀਂ ਰੱਖ ਸਕਦੇ। ਅੱਜ ਕਾਨੂੰਨ ਬਣਿਆ ਹੋਇਆ ਹੈ ਕਿ ਸ਼ਹਿਰ ਵਿੱਚ ਤੁਸੀਂ

ਆਪਣੇ ਘਰ ਵਿੱਚ ਪਸ਼ੂ ਨਹੀਂ ਪਾਲ ਸਕਦੇ। ਮਿਉਂਸਪਲ ਕਾਰਪੋਰੇਸ਼ਨ ਜਾਂ ਮਿਉਂਸਪਲ ਕਮੇਟੀ ਦੇ ਅਫ਼ਸਰ ਆ ਜਾਂਦੇ ਹਨ ਕਿ ਤੁਸੀਂ ਸ਼ਹਿਰ ਵਿੱਚ ਪਸ਼ੂ ਨਹੀਂ ਰੱਖ ਸਕਦੇ। ਇਹ ਪਸ਼ੂ ਧਨ ਸਮੱਸਿਆ ਬਣ ਗਿਆ। ਕਾਰਨ ਇਹ ਹੈ ਕਿ ਹਰ ਕੋਈ ਆਪਣੇ ਘਰ ਵਿੱਚ ਪਸ਼ੂ ਨਹੀਂ ਪਾਲ ਸਕਦਾ ਜਿਸ ਕਾਰਨ ਦੁੱਧ ਵੀ ਸਾਨੂੰ ਨਕਲੀ ਮਿਲਣਾ ਸ਼ੁਰੂ ਹੋ ਗਿਆ। ਆਰਟੀਫੀਸ਼ਅਲ ਮਿਲਕ ਇਸੇ ਸਮੱਸਿਆ ਦੀ ਇਜ਼ਾਦ ਹੈ।

ਸੰਨ 1760 ਵਿੱਚ ਅਰਬੇਨਾਈਜੇਸ਼ਨ ਨਾਲ ਜਦੋਂ ਇਹ ਸਮੱਸਿਆ ਵਧੀ ਤਾਂ ਰੌਬਰਟ ਕਲਾਈਵ ਨੇ ਵੈਸਟ ਬੰਗਾਲ ਦੇ ਵਿੱਚ ਇੱਕ ਸਲਾਟਰ ਹਾਊਸ ਖੋਲ੍ਹਿਆ। ਇਸ ਸਮੱਸਿਆ ਦਾ ਹੱਲ ਕੀ ਕੱਢਿਆ ਕਿ ਇੱਕ ਸਲਾਟਰ ਹਾਊਸ ਖੋਲ੍ਹਿਆ ਗਿਆ। ਅੱਜ ਇਸ ਸਮੱਸਿਆ ਦੇ ਹੱਲ ਲਈ ਪੂਰੇ ਹਿੰਦੁਸਤਾਨ ਵਿੱਚ 400 ਸਲਾਟਰ ਹਾਊਸ ਹਨ। ਇਸ ਦੇਸ਼ ਦੇ ਵਿੱਚ ਰੋਜ਼ 36,000 ਗਊਆਂ-ਮੱਝਾਂ ਵੱਢੀਆਂ ਜਾਂਦੀਆਂ ਹਨ ਕਿਉਂਕਿ ਅਸੀਂ ਪਸ਼ੂ ਧਨ ਨੂੰ ਸਮੱਸਿਆ ਸਮਝਿਆ। ਕਿਸੇ ਹਿਸਾਬ ਨਾਲ ਅਸੀਂ ਮਾਡਰਨ ਵੀ ਹਾਂ ਅਤੇ ਕਿਸੇ ਹਿਸਾਬ ਨਾਲ ਮੈਂ ਕਹਾਂਗਾ ਕਿ ਅਸੀਂ ਬੈਕਵਰਡ ਵੀ ਹਾਂ। ਸਾਡੀ ਸੋਚ, ਮਾਨਸਿਕਤਾ ਇਹ ਬਣ ਗਈ ਹੈ ਕਿ ਪਸ਼ੂ ਧਨ ਜਿਹੜਾ ਮਾਨਵਤਾ ਲਈ ਸੀ, ਅਸੀਂ ਉਸ ਦੇ ਵਿਰੁੱਧ ਹੋ ਗਏ, ਜਿਸ ਕਾਰਨ ਇਹ ਸਮੱਸਿਆ ਬਣ ਗਈ।

ਹੁਣ ਸਵਾਲ ਇਹ ਹੈ ਕਿ ਇਸ ਸਮੱਸਿਆ ਦਾ ਹੱਲ ਕੀ ਹੋਵੇ? ਸਮੱਸਿਆ ਦਾ ਹੱਲ ਕੀ ਸਲਾਟਰ ਹਾਊਸ ਹੈ? ਨਹੀਂ। ਸੰਨ 1966 ਵਿੱਚ ਵਿਨੋਭਾ ਭਾਵੇ ਜੀ ਨੇ ਮੁਹਿੰਮ ਛੇੜੀ ਸੀ ਕਿ ਇਹ ਸਲਾਟਰ ਹਾਊਸ ਬੰਦ ਹੋਣੇ ਚਾਹੀਦੇ ਹਨ, ਇਨ੍ਹਾਂ ਤੇ ਬੈਨ ਹੋਣਾ ਚਾਹੀਦਾ ਹੈ ਲੇਕਿਨ ਉਸ ਮੂਵਮੈਂਟ ਨੂੰ ਕੁਚਲ ਦਿੱਤਾ ਗਿਆ। ਅੱਜ ਸਮੇਂ ਦੀ ਜ਼ਰੂਰਤ ਇਹ ਹੈ ਕਿ ਇਸ ਨੂੰ ਸਮੱਸਿਆ ਸਮਝਣ ਦੀ ਬਜਾਏ, ਇਸ ਦਾ ਹੱਲ ਕੱਢਿਆ ਜਾਵੇ। ਲਵੇਰਾ ਪਸ਼ੂ ਚਾਹੇ ਗਊ ਹੈ ਜਾਂ ਮੱਝ ਹੈ ਜੇਕਰ ਉਹ ਦੁੱਧ ਦਿੰਦੀ ਹੈ ਤਾਂ ਮਾਨਵਤਾ ਦੀ ਸੇਵਾ ਲਈ ਗਊਸ਼ਾਲਾਵਾਂ ਖੋਲ੍ਹਣੀਆਂ ਚਾਹੀਦੀਆਂ ਹਨ। ਇਸ ਕੰਮ ਵੱਲ ਅੱਜ ਪ੍ਰਾਈਵੇਟ ਸੰਸਥਾਵਾਂ ਲੱਗੀਆਂ ਹੋਈਆਂ ਹਨ। ਲੁਧਿਆਣੇ ਵਿਚ ਇੱਕ ਪ੍ਰਾਈਵੇਟ ਸੰਸਥਾ ਹੈ, ਜਿਹੜੇ ਪਸ਼ੂ ਦੁੱਧ ਨਹੀਂ ਦਿੰਦੇ ਹਨ ਉਹ ਸੰਸਥਾ ਉਨ੍ਹਾਂ ਦੀ ਸੇਵਾ ਕਰਦੀ ਹੈ, ਉਥੇ ਜਾ ਕੇ ਮਨ ਪ੍ਰਸੰਨ ਹੋ ਜਾਂਦਾ ਹੈ। ਉਥੇ ਉਨ੍ਹਾਂ ਨੇ ਵੈਟਰਨਰੀ ਡਾਕਟਰ ਰੱਖਿਆ ਹੋਇਆ ਹੈ, ਪ੍ਰਾਪਰ ਸਫ਼ਾਈ ਹੈ। ਕੋਈ ਵੀ ਇੰਜਰਡ ਪਸ਼ੂ ਹੈ, ਉਸ ਨੂੰ ਉਥੇ ਲਿਆ ਕੇ ਉਹ ਉਸ ਦੀ ਸੇਵਾ ਕਰਦੇ

[ਸ਼੍ਰੀ ਮਨੋਰੰਜਨ ਕਾਲੀਆ]

ਹਨ। ਇਸ ਤਰ੍ਹਾਂ ਦੀ ਜਿਹੜੀ ਗਊਸ਼ਾਲਾ ਹੈ ਉਸ ਤੋਂ ਸਾਨੂੰ ਪ੍ਰੇਰਣਾ ਲੈਣੀ ਚਾਹੀਦੀ ਹੈ।

ਚੇਅਰਮੈਨ ਸਾਹਿਬ, ਸੇਵਾ ਭਾਵ ਜਿਹੜਾ ਸਾਡੇ ਸਮਾਜ ਦਾ intrinsic ਸਟਰੈਂਥ ਹੈ, ਅਸੀਂ ਸਰਕਾਰ ਦੀ ਮਦਦ ਤੋਂ ਬਿਨਾ ਵੀ ਕਰਦੇ ਹਾਂ। ਕਈ ਸੰਤ ਮਹਾਤਮਾ ਵੀ ਇਸ ਪਾਸੇ ਲੱਗੇ ਹੋਏ ਹਨ। ਇਸ ਗੱਲ ਵਾਸਤੇ ਸਾਡੇ ਆਪਣੇ ਮਨਾਂ ਵਿਚ ਕੋਈ ਅਜਿਹੀ ਇੱਛਾ ਨਹੀਂ ਹੁੰਦੀ ਕਿ ਸਾਨੂੰ ਕੋਈ ਅੱਛਾ ਕਹੇ, ਸਾਨੂੰ ਕੋਈ ਨੋਬਲ ਪ੍ਰਾਈਜ ਦੇਵੇ ਕਿਉਂਕਿ ਇਹ ਸੇਵਾ ਦਾ ਕਾਰਜ ਹੈ। ਪਸ਼ੂ ਜੇ ਅਵਾਰਾ ਘੁੰਮਦੇ ਹਨ ਤਾਂ ਇਨ੍ਹਾਂ ਨੂੰ ਅਸੀਂ ਗਊਸ਼ਾਲਾਵਾਂ ਵਿਚ ਰੱਖੀਏ। ਉਨ੍ਹਾਂ ਲੁਧਿਆਣਾ ਵਾਲਿਆਂ ਨੂੰ ਕਿਸੇ ਨੇ ਕੋਈ ਬੰਦੂਕ ਦੀ ਨੋਕ ਤੇ ਤਾਂ ਨਹੀਂ ਕਿਹਾ ਜਾਂ ਕਿਸੇ ਕਾਨੂੰਨ ਦੇ ਤਹਿਤ ਅਜਿਹਾ ਨਹੀਂ ਕਰ ਰਹੇ। ਉਨ੍ਹਾਂ ਨੇ ਆਪਣੇ ਅੰਦਰਲੇ ਭਾਵ ਦੇ ਨਾਲ ਸੇਵਾ ਸ਼ੁਰੂ ਕੀਤੀ ਹੈ। ਇਸੇ ਤਰ੍ਹਾਂ ਸੈਂਕੜੇ ਗਊਸ਼ਾਲਾਵਾਂ ਸਮਾਜ ਸੇਵੀ ਸੰਸਥਾਵਾਂ ਚਲਾ ਰਹੀਆਂ ਹਨ। ਅੱਜ ਜ਼ਰੂਰਤ ਇਸ ਗੱਲ ਦੀ ਹੈ ਕਿ ਸਰਕਾਰ ਉਸ ਵੱਲ ਧਿਆਨ ਦੇਵੇ।

ਮੈਂ ਇਸ ਗੱਲ ਲਈ ਮਾਨਯੋਗ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਅਤੇ ਅਕਾਲੀ-ਭਾਜਪਾ ਸਰਕਾਰ ਜਿਨ੍ਹਾਂ ਨੇ ਗਊ ਕਮਿਸ਼ਨ ਬਣਾਇਆ ਹੈ, ਦਾ ਧੰਨਵਾਦ ਕਰਨਾ ਚਾਹਾਂਗਾ। ਜਿਹੜਾ ਹੁਣ ਬਜਟ ਆਇਆ ਹੈ ਉਸ ਵਿਚ ਵੀ ਪ੍ਰੋਵੀਜ਼ਨ ਕੀਤੀ ਗਈ ਹੈ। ਭਾਵੇਂ ਇਹ ਘੱਟ ਹੈ ਲੇਕਿਨ ਮੈਂ ਇਹ ਕਹਿਣਾ ਚਾਹਾਂਗਾ ਕਿ ਇਸ ਪਿੱਛੇ ਜਿਹੜੀ ਮਾਨਸਿਕਤਾ, ਸੋਚ ਹੈ ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਪਸ਼ੂ ਸਮੱਸਿਆ ਨਹੀਂ ਹਨ, ਇਹ ਪਸ਼ੂ ਧਨ ਹੈ। ਇਹ ਸਾਡੇ ਸਮਾਜ ਦੀ ਧਰੋਹਰ ਹੈ, ਸਾਡਾ ਇਕ ਹਿੱਸਾ ਹੈ, ਸਮਾਜ ਦਾ ਇਕ ਹਿੱਸਾ ਹੈ। ਜੇ ਇਹ ਪਸ਼ੂ ਖ਼ਤਮ ਹੋ ਜਾਣਗੇ ਤਾਂ ਦੁੱਧ ਕਿਥੋਂ ਮਿਲੇਗਾ। ਇਸ ਲਈ ਜਿਹੜਾ ਗਊਸ਼ਾਲਾਵਾਂ ਖੋਲ੍ਹਣ ਦਾ ਉਪਰਾਲਾ ਕੀਤਾ ਹੈ ਅਤੇ ਬਜਟ ਵਿਚ ਪ੍ਰੋਵੀਜ਼ਨ ਕੀਤੀ ਹੈ ਉਸ ਲਈ ਮੈਂ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਜੀ ਦਾ ਅਭਾਰ ਵਿਅਕਤ ਕਰਦਾ ਹਾਂ। ਉਸ ਵਿਚ ਉਨ੍ਹਾਂ ਨੇ ਡਿਪਟੀ ਕਮਿਸ਼ਨਰਜ਼ ਨੂੰ ਕਿਹਾ ਹੈ ਕਿ ਉਸ ਦੇ ਤਹਿਤ ਕਮੇਟੀਆਂ ਬਣਨਗੀਆਂ। ਇਸ ਕਾਰਜ ਵਿੱਚ ਸਮਾਜ ਸੇਵੀ ਸੰਸਥਾਵਾਂ ਅੱਗੇ ਆਉਣਗੀਆਂ। ਜਿਹੜੀ ਕੋਈ ਪੰਚਾਇਤ ਦੀ ਜਾਂ ਕੋਈ ਸਰਕਾਰੀ ਜਗ੍ਹਾ ਹੈ, ਸ਼ਾਮਲਾਟ ਹੈ ਉਸ ਉਤੇ ਗਊਸ਼ਾਲਾ ਬਣੇਗੀ। ਅੱਜ ਵੀ ਤੁਸੀਂ ਰੈਵੇਨਿਊ ਰਿਕਾਰਡ ਕਢਵਾ ਕੇ ਵੇਖ ਲਵੋ ਉਸ ਵਿਚ ਕਈ ਥਾਵਾਂ ਅਜਿਹੀਆਂ

ਹਨ ਜਿਹੜੀਆਂ ਚਰਾਗਾਹਾਂ ਦੇ ਤੌਰ ਤੇ ਨਾਮਜ਼ਦ ਹਨ। ਇਹ ਪ੍ਰਥਾ ਸਾਡੇ ਸਮਾਜ ਵਿੱਚ ਪ੍ਰਾਚੀਨ ਕਾਲ ਤੋਂ ਚੱਲੀ ਆ ਰਹੀ ਹੈ।

ਲੈਂਡ ਰਿਕਾਰਡ ਦਾ ਸਿਸਟਮ ਟੋਡਰ ਮੱਲ ਨੇ ਸ਼ੁਰੂ ਕੀਤਾ ਸੀ ਔਰ ਤੁਸੀਂ ਵੇਖੋਗੇ ਕਿ ਚਰਾਗਾਹਾਂ ਹੁੰਦੀਆਂ ਸਨ ਅਤੇ ਉਨ੍ਹਾਂ ਵਾਸਤੇ ਸਪੈਸ਼ਲ ਜਗ੍ਹਾ ਰੱਖੀ ਜਾਂਦੀ ਸੀ ਕਿ ਪਿੰਡ ਵਿਚ ਇਸ ਜਗ੍ਹਾ ਤੇ ਪਸ਼ੂ ਚਰਨਗੇ। ਗਊ ਪਾਲਣਾ ਦੀ ਪ੍ਰੇਰਣਾ ਭਗਵਾਨ ਕ੍ਰਿਸ਼ਨ ਜੀ ਤੋਂ ਮਿਲਦੀ ਹੈ। ਭਗਵਾਨ ਕ੍ਰਿਸ਼ਨ ਨੇ ਆਪਣਾ ਜੀਵਨ ਗਵਾਲੇ ਦੇ ਤੌਰ ਤੇ ਬਿਤਾਇਆ। ਕਹਿੰਦੇ ਹਨ ਕਿ ਭਗਵਾਨ ਦੀ ਬਾਤ ਵਿਚ ਕੋਈ ਬਾਤ ਛੁਪੀ ਹੁੰਦੀ ਹੈ। ਕ੍ਰਿਸ਼ਨ ਜੀ ਮਟਕੀ ਫੋੜਦੇ ਹੁੰਦੇ ਸੀ, ਕੋਈ ਕਾਰਨ ਤਾਂ ਹੋਵੇਗਾ? ਮੈਨੂੰ ਲਗਦਾ ਹੈ ਕਿ ਜਿਸ ਤਰ੍ਹਾਂ ਅੱਜ ਦੁੱਧ ਵੇਚਿਆ ਜਾਂਦਾ ਹੈ, ਮੱਖਣ ਵੇਚਿਆ ਜਾਂਦਾ ਹੈ, ਉਦੋਂ ਵੀ ਲੋਕ ਮੱਖਣ ਦੁੱਧ ਵੇਚਦੇ ਸੀ, ਮਟਕੀ ਇਸ ਲਈ ਫੋੜੀ ਕਿ ਇਹ ਵੇਚਣ ਦੀ ਚੀਜ਼ ਨਹੀਂ ਹੈ। ਇਹ ਬਾਲਕਾਂ ਨੂੰ ਖਾਣ-ਖਿਲਾਉਣ ਦੀ ਚੀਜ਼ ਹੈ। ਚੇਅਰਮੈਨ ਸਾਹਿਬ, ਇਸ ਲਈ ਭਗਵਾਨ ਕ੍ਰਿਸ਼ਨ ਨੇ ਸਿੱਖਿਆ ਦਿੱਤੀ ਕਿ ਇਹ ਜਿਹੜਾ ਪਸ਼ੂ ਧਨ ਹੈ ਇਸ ਨੂੰ ਮਾਨਵਤਾ ਲਈ ਉਪਯੋਗ ਕਰੋ, ਵਪਾਰ ਨਾ ਕਰੋ ਪਰੰਤੂ ਤੁਸੀਂ ਦੇਖੋ ਕਿ ਅੱਜ ਜਿਹੜਾ ਦੁੱਧ ਪੈਕਟਾਂ ਵਿੱਚ ਆਉਂਦਾ ਹੈ, ਤੁਸੀਂ ਵੱਟਸਐਪ ਤੇ ਦੇਖੋ, ਸਿੰਥੈਟਿਕ ਦੁੱਧ ਕਿਸ ਤਰ੍ਹਾਂ ਬਣਾਇਆ ਜਾਂਦਾ ਹੈ, ਹੈਰਾਨੀ ਹੁੰਦੀ ਹੈ, ਕਿਸ ਤਰ੍ਹਾਂ ਉਹ ਸਰਫ਼ ਪਾ ਕੇ ਚਿੱਟਾ ਮਿਲਕ ਬਣਾ ਦਿੰਦੇ ਹਨ, ਅਜਿਹੀ ਚੀਜ਼ ਹੁੰਦੀ ਹੈ ਜਿਸ ਨੂੰ ਬੰਦਾ ਪੀ ਵੀ ਲੈਂਦਾ ਹੈ। ਉਸ ਵਿੱਚ ਯੂਰੀਆ ਵੀ ਮਿਕਸ ਹੁੰਦਾ ਹੈ। ਸੋ, ਚੇਅਰਮੈਨ ਸਾਹਿਬ, ਇਸ ਸਮੱਸਿਆ ਦਾ ਹੱਲ ਬਹੁਤ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ।

ਗਊਸ਼ਾਲਾ ਬਣ ਰਹੀ ਹੈ, ਬਹੁਤ ਅੱਛੀ ਗੱਲ ਹੈ। ਮੇਰਾ ਇਸ ਵਿੱਚ ਇਕ ਸੁਝਾਅ ਹੈ। ਫੈਮਿਲੀਜ਼ ਸਿੰਗਲ ਯੂਨਿਟ ਹੋ ਗਈਆਂ ਹਨ। ਕੀ ਅਜਿਹੀ ਪ੍ਰੋਵੀਜ਼ਨ ਹੋ ਸਕਦੀ ਹੈ ਕਿ ਡਿਪਟੀ ਕਮਿਸ਼ਨਰ ਕੋਲ ਜਿਹੜੀ ਕਮੇਟੀ ਬਣੇਗੀ, ਉਸ ਵਿੱਚ ਜੇਕਰ ਕੋਈ ਵਿਅਕਤੀ ਚਾਹੇ ਕਿ ਮੈਂ ਦੁੱਧ ਵਾਲਾ ਪਸ਼ੂ ਗਾਂ ਜਾਂ ਮੱਝ ਮੈਂ ਦੇ ਦਿੰਦਾ ਹਾਂ, ਉਸ ਦੇ ਪਾਲਣ ਵਾਸਤੇ ਪੈਸੇ ਦਿੰਦਾ ਹਾਂ, ਜਿੰਨੀ ਮੈਨੂੰ ਘਰ ਵਾਸਤੇ ਦੁੱਧ ਦੀ ਲੋੜ ਹੈ, ਉਹ ਦੇ ਦਿਓ। ਇਸ ਨਾਲ ਕੀ ਹੋਵੇਗਾ ਕਿ ਸ਼ੁੱਧ ਦੁੱਧ ਮਿਲੇਗਾ, ਪਰਿਵਾਰ ਵਿੱਚ ਗਰੰਟੀ ਹੋਵੇਗੀ ਕਿ ਦੁੱਧ ਠੀਕ ਮਿਲ ਰਿਹਾ ਹੈ। ਅੱਜ ਇਸ ਚੀਜ਼ ਦੀ ਕੋਈ ਗਰੰਟੀ ਨਹੀਂ ਹੈ ਕਿ ਜਿਹੜਾ ਦੁੱਧ ਗਵਾਲਾ ਲੈ ਕੇ ਆ

[ਸ਼੍ਰੀ ਮਨੋਰੰਜਨ ਕਾਲੀਆ]

ਰਿਹਾ ਹੈ ਜਾਂ ਡੇਅਰੀ ਤੋਂ ਆ ਰਿਹਾ ਹੈ ਉਹ ਸ਼ੁੱਧ ਹੈ ਜਾਂ ਨਹੀਂ। ਪੈਕਟਾਂ ਵਾਲਾ ਦੁੱਧ ਠੀਕ ਹੈ ਜਾਂ ਨਹੀਂ ਕਿਉਂਕਿ ਪਲਾਸਟਿਕ ਦਾ ਬੈਗ ਪੰਕਚਰ ਕਰਕੇ ਵਿੱਚ ਪਾਣੀ ਮਿਕਸ ਕਰ ਦਿੱਤਾ ਜਾਂਦਾ ਹੈ। ਅੱਜ ਅਸੀਂ ਖਾ-ਪੀ ਕੀ ਰਹੇ ਹਾਂ। ਜਿਹੜੀ ਕੈਂਸਰ ਦੀ ਬਿਮਾਰੀ ਵੱਧ ਰਹੀ ਹੈ ਜਾਂ ਹੋਰ ਜਿੰਨੀਆਂ ਬਿਮਾਰੀਆਂ ਵੱਧ ਰਹੀਆਂ ਹਨ, ਉਹ ਇਸੇ ਕਾਰਨ ਹਨ ਕਿਉਂਕਿ ਅਸੀਂ ਨੇਚਰ ਨਾਲ ਖਿਲਵਾੜ ਕਰਨਾ ਸ਼ੁਰੂ ਕਰ ਦਿੱਤਾ ਹੈ। It is the price of urbanization.

ਚੇਅਰਮੈਨ ਸਾਹਿਬ, ਇਸ ਵਾਸਤੇ ਸਾਨੂੰ ਕਿਤੇ ਨਾ ਕਿਤੇ ਬੈਲੰਸ ਮੇਨਟੇਨ ਕਰਨਾ ਪਵੇਗਾ। ਇਸ ਬਾਰੇ ਅਸੀਂ ਜ਼ਰੂਰ ਸੋਚੀਏ। ਮੈਂਬਰ ਸਾਹਿਬ ਬਹੁਤ ਵਧੀਆ ਮਤਾ ਲੈ ਕੇ ਆਏ ਹਨ ਕਿਉਂਕਿ ਜਦੋਂ ਅਵਾਰਾ ਪਸ਼ੂ ਵੱਧ ਗਏ ਤਾਂ ਐਕਸੀਡੈਂਟ ਵੀ ਹੋਣਗੇ। ਪਸ਼ੂ ਨੇ ਕਿਤੇ ਨਾ ਕਿਤੇ ਜਾ ਕੇ ਖਾਣਾ ਹੈ, ਚਰਨਾ ਹੈ। ਅਸੀਂ ਸਾਰੇ ਚਰਾਗਾਹ ਯੂਟੇਲਾਈਜ਼ ਕਰ ਲਏ, ਉਥੇ ਬਿਲਡਿੰਗਾਂ ਬਣ ਗਈਆਂ, ਫੇਰ ਪਸ਼ੂ ਕਿੱਥੇ ਜਾਵੇਗਾ? ਪਸ਼ੂ ਨੇ ਤਾਂ ਸੜਕਾਂ ਤੇ ਹੀ ਆਉਣਾ ਹੈ। ਮੇਰੇ ਤੋਂ ਪਹਿਲਾਂ ਸਾਥੀ ਨੇ ਬਿਲਕੁਲ ਬਜਾ ਫੁਰਮਾਇਆ ਹੈ, ਜਾਨਵਰ ਨੂੰ ਭੁੱਖ ਲੱਗੀ ਹੈ, ਉਹ ਪਲਾਸਟਿਕ ਬੈਗ ਖਾਂਦਾ ਹੈ। ਜਦੋਂ ਵਿਅਕਤੀ ਨੂੰ ਵੀ ਭੁੱਖ ਲੱਗੀ ਹੁੰਦੀ ਹੈ, ਜੋ ਮਿਲਦਾ ਹੈ ਉਹ ਖਾ ਜਾਂਦਾ ਹੈ। ਇਸੇ ਤਰ੍ਹਾਂ ਪਸ਼ੂ ਵੀ ਖਾਂਦਾ ਹੈ। ਜੇ ਦੁਨੀਆ ਵਿੱਚ ਕਿਸੇ ਜੀਵ ਨੂੰ ਦਿਮਾਗ ਦਿੱਤਾ ਹੈ ਤਾਂ ਉਹ ਪਰਮਾਤਮਾ ਨੇ ਸਿਰਫ਼ ਮਾਨਵ ਨੂੰ ਦਿੱਤਾ ਹੈ। ਇਸ ਵਾਸਤੇ ਸੋਚਣਾ ਪਵੇਗਾ ਕਿ ਇਹ ਸਾਡਾ ਪਸ਼ੂ ਧਨ ਹੈ। ਸਾਨੂੰ ਵਣ ਸੰਪਦਾ ਬਾਰੇ, ਪਸ਼ੂ ਧਨ ਬਾਰੇ ਸੋਚਣਾ ਪਵੇਗਾ ਕਿ ਅਸੀਂ ਇਸ ਵਿੱਚ ਬੈਲੰਸ ਕਿਸ ਤਰ੍ਹਾਂ ਲਿਆਉਣਾ ਹੈ। ਇਸ ਲਈ ਮੈਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਇਸ ਦੀ ਸ਼ੁਰੂਆਤ ਕੀਤੀ ਹੈ।

ਸਾਡੇ ਗਵਾਂਢੀ ਸੂਬੇ ਹਰਿਆਣਾ ਨੇ cow slaughter ਤੇ ਬੈਨ ਲਗਾਇਆ ਹੈ ਕਿ ਅਸੀਂ ਗਊਆਂ ਨੂੰ ਕੱਟਣ ਨਹੀਂ ਦੇਣਾ, ਇਹ ਸਾਡਾ ਧਨ ਹੈ। ਇਹ ਸਾਡੇ ਸਮਾਜ ਦੀ ਧਰੋਹਰ ਹੈ ਅਤੇ ਇਸ ਨੂੰ ਅਸੀਂ ਬਚਾਉਣਾ ਹੈ। ਸਾਨੂੰ ਵੀ ਇਸ ਵਾਸਤੇ ਕਾਨੂੰਨ ਲਿਆਉਣਾ ਚਾਹੀਦਾ ਹੈ। ਜਿਸ ਤਰ੍ਹਾਂ ਮੈਂ ਸੁਝਾਅ ਦਿੱਤਾ ਹੈ ਕਿ ਗਊਸ਼ਾਲਾ ਵਿੱਚ ਅਵਾਰਾ ਗਊਆਂ ਤੋਂ ਇਲਾਵਾ ਜੇਕਰ ਕੋਈ ਵਿਅਕਤੀ ਆਪਣੇ ਪੈਸੇ ਦੇ ਕੇ ਦੁੱਧ ਦੇਣ ਵਾਲਾ ਪਸ਼ੂ ਰੱਖਣਾ ਚਾਹੁੰਦਾ ਹੈ ਤਾਂ ਅਜਿਹਾ ਕੀਤਾ ਜਾਵੇ ਕਿਉਂਕਿ ਇਸ ਨਾਲ ਸਿਸਟਮ ਜ਼ਿਆਦਾ ਬਿਹਤਰ ਹੋਵੇਗਾ। ਇਸ ਨਾਲ ਟ੍ਰੈਫਿਕ

ਦੀ ਸਮੱਸਿਆ ਵੀ ਹੱਲ ਹੋਵੇਗੀ ਅਤੇ ਪਸ਼ੂ ਵੀ ਸੜਕਾਂ ਤੇ ਨਹੀਂ ਘੁੰਮਣਗੇ। ਜਦੋਂ ਸਲਾਟਰ ਹਾਊਸ ਖੁੱਲ੍ਹੇ ਸੀ ਤਾਂ ਉਸ ਵੇਲੇ ਜਾਨਵਰ ਜਾਣ-ਬੁੱਝ ਕੇ ਸੜਕਾਂ ਤੇ ਛੱਡ ਦਿੱਤੇ ਜਾਂਦੇ ਸਨ ਕਿ ਇਨ੍ਹਾਂ ਦਾ ਹੁਣ ਕੀ ਕਰਨਾ ਹੈ, ਇਨ੍ਹਾਂ ਨੂੰ ਵੱਢ ਦਿਓ। ਇਥੋਂ ਜਾਨਵਰਾਂ ਦਾ ਮੀਟ ਅਰਬ ਕੰਟਰੀਜ਼ ਵਿੱਚ ਜਾਂਦਾ ਹੈ ਕਿਉਂਕਿ ਉਥੇ ਜਾਨਵਰ ਕੋਈ ਨਹੀਂ ਰਿਹਾ ਇਸ ਲਈ ਉਨ੍ਹਾਂ ਵਾਸਤੇ ਮੀਟ ਹੁਣ ਇੰਡੀਆ ਤੋਂ ਜਾਂਦਾ ਹੈ। ਇਸ ਲਈ ਆਪਣੇ ਧਨ ਦੀ ਸੰਭਾਲ ਅਸੀਂ ਆਪ ਕਰਨੀ ਹੈ। ਇਸ ਨੂੰ ਸਮੱਸਿਆ ਨਾ ਸਮਝ ਕੇ ਇਹ ਸੋਚੀਏ ਕਿ ਇਹ ਸਾਡਾ ਪਸ਼ੂ ਧਨ ਹੈ ਅਤੇ ਇਸ ਨੂੰ ਠੀਕ ਵਾਤਾਵਰਣ ਦੇਈਏ। ਉਸ ਵਾਸਤੇ ਕਿੱਥੇ ਕਿੱਥੇ ਚਰਾਗਾਹਾਂ ਬਣਾਈਆਂ ਜਾ ਸਕਦੀਆਂ ਹਨ, ਉਸ ਬਾਰੇ ਗੌਰ ਕੀਤਾ ਜਾਵੇ। ਦੁੱਧ ਦੇਣ ਵਾਲੀਆਂ ਗਊਆਂ ਜੇਕਰ ਲੋਕ ਪਰਚੇਜ਼ ਕਰਕੇ ਗਊਸ਼ਾਲਾਵਾਂ ਨੂੰ ਦੇਣਾ ਚਾਹੁੰਣ ਤਾਂ ਇਸ ਗੱਲ ਨੂੰ ਅਪਣਾ ਲੈਣਾ ਚਾਹੀਦਾ ਹੈ। ਇਸ ਨਾਲ ਕੀ ਹੋਵੇਗਾ ਕਿ ਘਰਾਂ ਵਿੱਚ ਸ਼ੁੱਧ ਦੁੱਧ ਮਿਲ ਸਕੇਗਾ। ਇੰਨੀ ਬੇਨਤੀ ਕਰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਟਾਈਮ ਦਿੱਤਾ ਹੈ। ਬਹੁਤ ਬਹੁਤ ਧੰਨਵਾਦ।

ਸਰਦਾਰ ਬਲਬੀਰ ਸਿੰਘ ਸਿੱਧੂ : ** ** **

ਸ਼੍ਰੀ ਸਭਾਪਤੀ : ਬੈਠੋ ਜੀ, ਸਿੱਧੂ ਸਾਹਿਬ। No Point of Order.

ਸਿੱਖਿਆ ਮੰਤਰੀ (ਡਾਕਟਰ ਦਲਜੀਤ ਸਿੰਘ ਚੀਮਾ) : ਤੁਸੀਂ ਮਸਲੇ ਦੀ ਅਹਿਮੀਅਤ ਸਮਝੋ ਕਿ ਅੱਜ ਮੋਫ਼ਰ ਸਾਹਿਬ ਨੇ ਇਸ ਮਸਲੇ ਤੇ ਕਾਲ ਅਟੈਨਸ਼ਨ ਲਿਆਂਦੀ ਹੈ। ਤੁਸੀਂ ਆਪ ਕਾਲ ਅਟੈਨਸ਼ਨ ਲਿਆਂਦੀ ਹੈ, ਇਸ ਕਰਕੇ ਇਸ ਨੂੰ ਖੁੱਲ੍ਹ ਕੇ ਡਿਸਕਸ ਕਰ ਲੈਣ ਦਿਉ। ਇਸ ਵਿੱਚ ਕੀ ਪ੍ਰਾਬਲਮ ਹੈ?

ਸਰਦਾਰ ਰਣਜੀਤ ਸਿੰਘ ਢਿੱਲੋਂ (ਲੁਧਿਆਣਾ ਪੂਰਬੀ) : ਚੇਅਰਮੈਨ ਸਾਹਿਬ, ਅਵਾਰਾ ਪਸ਼ੂਆਂ ਵਲੋਂ ਸਾਡੇ ਸਮਾਜ ਅਤੇ ਕਿਸਾਨੀ ਦਾ ਜੋ ਨੁਕਸਾਨ ਹੋ ਰਿਹਾ ਹੈ, ਉਸ ਮਤੇ ਤੇ ਤੁਸੀਂ ਮੈਨੂੰ ਬੋਲਣ ਦਾ ਮੌਕਾ ਪ੍ਰਦਾਨ ਕੀਤਾ ਹੈ। ਇਸ ਵਾਸਤੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਅੱਜ ਇਹ ਸਮੱਸਿਆ ਬਹੁਤ ਭਾਰੀ ਸਮੱਸਿਆ ਬਣਦੀ ਜਾ ਰਹੀ ਹੈ। ਪੰਜਾਬ ਦੇ ਕਿਸੇ ਕੋਨੇ ਵਿੱਚ ਚਲੇ ਜਾਓ, ਹਰ ਪਾਸੇ ਤੁਹਾਨੂੰ ਅਵਾਰਾ ਪਸ਼ੂਆਂ ਦੇ ਝੁੰਡ ਡਾਰਾਂ ਬੰਨੀ ਘੁੰਮਦੇ ਮਿਲਣਗੇ। ਕਈ ਵਾਰ ਉਹ ਸੜਕਾਂ ਤੇ ਆ ਜਾਂਦੇ ਹਨ ਤੇ ਐਕਸੀਡੈਂਟਾਂ ਦਾ

** Expunged as ordered by the Chair.

ਕਾਰਨ ਬਣਦੇ ਹਨ। ਜਦੋਂ ਇਹ ਪਸ਼ੂ ਅਚਾਨਕ ਸੜਕ ਤੇ ਆ ਜਾਂਦੇ ਹਨ ਤਾਂ ਤੇਜ਼ ਰਫ਼ਤਾਰ ਵਾਲੇ ਵਹੀਕਲ ਚਾਹੇ ਸਕੂਟਰ, ਮੋਟਰ ਸਾਈਕਲ, ਕਾਰ ਜਾਂ ਕੋਈ ਹੋਰ ਵਹੀਕਲ ਹੋਵੇ, ਉਹ ਇਕਦਮ ਸੰਭਾਲਿਆ ਨਹੀਂ ਜਾਂਦਾ। ਜਿਸ ਕਾਰਨ ਐਕਸੀਡੈਂਟ ਦੌਰਾਨ ਬਹੁਤ ਕੀਮਤੀ ਜਾਨਾਂ ਅਕਸਰ ਚਲੀਆਂ ਜਾਂਦੀਆਂ ਹਨ। ਇਹ ਬਹੁਤ ਭਾਰੀ ਤੇ ਵੱਡੀ ਸਮੱਸਿਆ ਸਾਡੇ ਲਈ ਬਣਦੀ ਜਾ ਰਹੀ ਹੈ।

ਇਸ ਤੋਂ ਇਲਾਵਾ ਇਹ ਜਾਨਵਰਾਂ ਦੇ ਵੱਡੇ ਝੁੰਡ ਫ਼ਸਲਾਂ ਦਾ ਨੁਕਸਾਨ ਵੀ ਕਰਦੇ ਹਨ। ਜ਼ਿੰਮੀਦਾਰ ਬਹੁਤ ਮਿਹਨਤ ਕਰਕੇ ਆਪਣੀ ਜ਼ਮੀਨ ਵਿੱਚ ਉਪਜ ਪੈਦਾ ਕਰਦਾ ਹੈ, ਜਦੋਂ ਫ਼ਸਲ ਪਲ਼ ਜਾਂਦੀ ਹੈ ਤਾਂ ਇਹ ਝੁੰਡਾਂ ਦੇ ਝੁੰਡ ਖੇਤਾਂ ਵਿੱਚ ਜਾ ਕੇ ਉਨ੍ਹਾਂ ਦੀ ਫ਼ਸਲ ਦੀ ਬਰਬਾਦੀ ਕਰਦੇ ਹਨ। ਮੇਰੇ ਨਾਨਕੇ ਨਾਭੇ ਦੇ ਲਾਗੇ ਸਾਲੂਵਾਲ ਪਿੰਡ ਵਿੱਚ ਹਨ, ਉਥੇ ਬਹੁਤ ਵੱਡਾ ਬੀੜ ਹੈ। ਮੈਂ ਬਚਪਨ ਤੋਂ ਉਥੇ ਜਾਂਦਾ ਰਿਹਾ ਹਾਂ, ਮੈਂ ਦੇਖਦਾ ਆ ਰਿਹਾ ਹਾਂ ਕਿ ਉਸ ਬੀੜ ਵਿੱਚ ਬਹੁਤ ਸਾਰੇ ਅਵਾਰਾ ਪਸ਼ੂ ਹਨ। ਗਾਵਾਂ, ਰੋਝ, ਸਾਨ੍ਹ ਅਤੇ ਬਾਂਦਰਾਂ ਆਦਿ ਨੇ ਉਸ ਬੀੜ ਤੇ ਕਬਜਾ ਕੀਤਾ ਹੋਇਆ ਹੈ। ਦਿਨ ਦੇ ਸਮੇਂ ਵੀ ਉਨ੍ਹਾਂ ਸੜਕਾਂ ਤੋਂ ਲੰਘਿਆ ਨਹੀਂ ਜਾਂਦਾ। ਇੰਨੀ ਵੱਡੀ ਤਦਾਦ ਵਿੱਚ ਡੰਗਰ ਉਥੇ ਘੁੰਮਦੇ ਰਹਿੰਦੇ ਹਨ। ਰਾਤ ਨੂੰ ਤਾਂ ਉਥੋਂ ਲੰਘਿਆ ਹੀ ਨਹੀਂ ਜਾ ਸਕਦਾ। ਉਥੋਂ ਦੇ ਜ਼ਿੰਮੀਦਾਰ ਆਪਣੀ ਫ਼ਸਲ ਦੀ ਰਾਖੀ ਕਰਨ ਵਾਸਤੇ ਹਰ ਸਮੇਂ ਖੇਤ ਵਿੱਚ ਪਹਿਰਾ ਦਿੰਦੇ ਹਨ, ਚਾਹੇ ਉਹ ਸਿਆਲ ਦੇ ਦਿਨ ਹੋਣ, ਚਾਹੇ ਗਰਮੀ ਦੇ ਦਿਨ ਹੋਣ। ਉਨ੍ਹਾਂ ਨੇ ਉਥੇ ਆਪਣੇ ਬੈਠਣ ਲਈ ਢਾਰੇ ਬਣਾਏ ਹੋਏ ਹਨ, ਉਨ੍ਹਾਂ ਢਾਰਿਆਂ ਤੇ ਬੈਠ ਕੇ ਉਹ ਖੇਤਾਂ ਦੀ ਰਾਖੀ ਕਰਦੇ ਹਨ। ਜਦੋਂ ਬੀੜ ਵੱਲੋਂ ਝੁੰਡਾਂ ਵਿੱਚ ਪਸ਼ੂ ਆਉਂਦੇ ਹਨ ਤਾਂ ਉਹ ਉਨ੍ਹਾਂ ਨੂੰ ਲਲਕਾਰ ਕੇ ਵਾਪਸ ਭੇਜਦੇ ਹਨ। ਇਨ੍ਹਾਂ ਵਿੱਚ ਅਵਾਰਾ ਪਸ਼ੂ ਵੱਡੀ ਗਿਣਤੀ ਵਿੱਚ ਹੋਣ ਕਾਰਨ ਉਹ ਮੋੜੇ ਹੋਏ ਵੀ ਨਹੀਂ ਮੁੜਦੇ ਤੇ ਫ਼ਸਲ ਦਾ ਨੁਕਸਾਨ ਕਰ ਜਾਂਦੇ ਹਨ। ਉਨ੍ਹਾਂ ਲੋਕਾਂ ਨੇ ਇਸ ਸਮੱਸਿਆ ਦੇ ਹੱਲ ਲਈ ਬਹੁਤ ਵਾਰ ਫ਼ਰਿਆਦਾਂ ਕੀਤੀਆਂ ਹਨ। ਉਨ੍ਹਾਂ ਲੋਕਾਂ ਨੇ ਇਸ ਵਾਰ ਇਸ ਸਮੱਸਿਆ ਦੀ ਵਜ੍ਹਾ ਕਾਰਨ ਆਮ ਇਲੈਕਸ਼ਨ ਦਾ ਬਾਈਕਾਟ ਵੀ ਕੀਤਾ ਹੈ। ਸੋ, ਅਵਾਰਾ ਪਸ਼ੂਆਂ ਦੀ ਇਹ ਸਮੱਸਿਆ ਬਹੁਤ ਗੰਭੀਰ ਹੈ।

ਚੇਅਰਮੈਨ ਸਾਹਿਬ, ਸਾਡੇ ਲੁਧਿਆਣੇ ਸ਼ਹਿਰ ਵਿੱਚ ਕਾਫ਼ੀ ਡੇਅਰੀ ਕੰਪਲੈਕਸ ਤੇ ਗਊਸ਼ਾਲਾਵਾਂ ਹਨ। ਜਿਥੇ ਡੇਅਰੀ ਕੰਪਲੈਕਸ ਬਣੇ ਹੋਏ ਹਨ, ਉਨ੍ਹਾਂ ਦੇ ਆਲੇ-ਦੁਆਲੇ ਅਵਾਰਾ ਪਸ਼ੂ ਬਹੁਤ ਵੱਡੀ ਤਾਦਾਦ ਵਿੱਚ ਹਨ।

ਲੁਧਿਆਣਾ ਸ਼ਹਿਰ ਵਿੱਚ ਸਮਾਜ ਸੇਵੀ ਸੰਸਥਾਵਾਂ ਨੇ ਕਾਫ਼ੀ ਗਊਸ਼ਾਲਾਵਾਂ ਬਣਾਈਆਂ ਹੋਈਆਂ ਹਨ। ਜਿਸ ਤਰ੍ਹਾਂ ਹੁਣੇ ਕਾਲੀਆ ਸਾਹਿਬ ਗੱਲ ਕਰ ਰਹੇ ਸਨ, ਇੱਕ ਬਹੁਤ ਪੁਰਾਣੀ ਗਊਸ਼ਾਲਾ ਹੈ, ਜਿਥੇ ਉਨ੍ਹਾਂ ਨੇ ਹਜ਼ਾਰਾਂ ਦੀ ਤਾਦਾਦ ਵਿੱਚ ਗਊਆਂ ਤੇ ਸਾਨ੍ਹਾਂ ਨੂੰ ਸੰਭਾਲਿਆ ਹੋਇਆ ਹੈ। ਸ਼ਹਿਰ ਦੇ ਲੋਕ ਉਥੇ ਆ ਕੇ ਚੀਜ਼ਾਂ ਆਦਿ ਦਾਨ ਦੇ ਤੌਰ ਤੇ ਦਿੰਦੇ ਹਨ ਕਿਉਂਕਿ ਕਈ ਵਾਰੀ ਸਾਡੇ ਸਮਾਜ ਵਿੱਚ ਪੰਡਿਤ ਲੋਕ ਉਪਾਅ ਆਦਿ ਦੱਸ ਦਿੰਦੇ ਹਨ ਕਿ ਤੁਸੀਂ ਗਊ ਦੀ ਸੇਵਾ ਕਰੋ। ਜਿਸ ਕਾਰਨ ਸ਼ਹਿਰ ਦੇ ਲੋਕ ਵੱਡੀ ਗਿਣਤੀ ਵਿੱਚ ਉਥੇ ਜਾਂਦੇ ਹਨ, ਚਾਹੇ ਉਹ ਦਾਨ ਕਰਦੇ ਹਨ, ਚਾਹੇ ਉਪਾਅ ਕਰਦੇ ਹਨ, ਆਪਣੀਆਂ ਭੁੱਲਾਂ ਬਖਸ਼ਾਉਂਦੇ ਹਨ।

ਸੋ, ਇਹ ਗਊਸ਼ਾਲਾ ਲੋਕਾਂ ਦੇ ਸਹਾਰੇ ਬਹੁਤ ਵਧੀਆ ਚੱਲ ਰਹੀ ਹੈ। ਇਸ ਦੇ ਨਾਲ ਹੀ ਮਿਉਂਸਿਪਲ ਕਾਰਪੋਰੇਸ਼ਨ, ਲੁਧਿਆਣਾ ਵੀ ਕਈ ਗਊਸ਼ਾਲਾਵਾਂ ਨੂੰ 30 ਰੁਪਏ ਪ੍ਰਤੀ ਗਊ ਪੇਅ ਕਰਦੀ ਹੈ ਪਰ ਇਸ ਦੇ ਬਾਵਜੂਦ ਵੀ ਇਹ ਗੱਲ ਆਮ ਦੇਖਣ ਵਿਚ ਆਈ ਹੈ ਕਿ ਜਿਹੜੇ ਦੁਧਾਰੂ ਪਸ਼ੂ ਹਨ ਉਨ੍ਹਾਂ ਨੂੰ ਤਾਂ ਸੰਭਾਲਿਆ ਜਾਂਦਾ ਹੈ ਪਰ ਜਿਹੜੇ ਦੁੱਧ ਦੇਣ ਤੋਂ ਵਾਂਝੇ ਹੋ ਜਾਂਦੇ ਹਨ, ਉਨ੍ਹਾਂ ਨੂੰ ਜ਼ਿੰਮੀਦਾਰ ਬਾਹਰ ਕੱਢ ਦਿੰਦੇ ਹਨ। ਕਈ ਥਾਵਾਂ ਤੇ ਤਾਂ ਗਊਸ਼ਾਲਾਵਾਂ ਵਾਲੇ ਵੀ ਅਜਿਹੇ ਪਸ਼ੂਆਂ ਨੂੰ ਬਾਹਰ ਕੱਢ ਦਿੰਦੇ ਹਨ। ਜਦੋਂ ਕੋਈ ਵਿਅਕਤੀ ਕਿਸੇ ਗਊ ਨੂੰ ਗਊਸ਼ਾਲਾ ਵਿਚ ਛੱਡਣ ਜਾਂਦਾ ਹੈ ਤਾਂ ਉਸ ਤੋਂ 500/- ਜਾਂ 1000/- ਰੁਪਏ ਲਏ ਜਾਂਦੇ ਹਨ ਪਰ ਦੋ-ਚਾਰ ਦਿਨ ਸਾਂਭਣ ਤੋਂ ਬਾਅਦ ਉਸ ਗਊ ਨੂੰ ਬਾਹਰ ਕੱਢ ਦਿੱਤਾ ਜਾਂਦਾ ਹੈ। ਜਿਸ ਕਾਰਨ ਸੜਕਾਂ ਤੇ ਬਹੁਤ ਵੱਡੀ ਤਾਦਾਦ ਵਿਚ ਇਹ ਗਊਆਂ ਘੁੰਮਦੀਆਂ ਦਿਖਾਈ ਦਿੰਦੀਆਂ ਹਨ।

ਹੁਣੇ ਕਾਲੀਆ ਜੀ ਵੀ ਗੱਲ ਕਰ ਰਹੇ ਸਨ ਕਿ ਭਗਵਾਨ ਸ਼੍ਰੀ ਕ੍ਰਿਸ਼ਨ ਗਊਆਂ ਦੇ ਰਾਖੇ ਸਨ, ਉਨ੍ਹਾਂ ਦੇ ਇਤਿਹਾਸ ਨਾਲ ਗਊਆਂ ਜੁੜੀਆਂ ਹੋਈਆਂ ਹਨ ਪਰੰਤੂ ਅੱਜ ਕਈ ਜਗ੍ਹਾ ਤੇ ਗਊਆਂ, ਸਾਡੀਆਂ ਮਾਤਾਵਾਂ ਨੂੰ ਕੂੜੇ-ਕਰਕਟ ਤੇ ਚਰਦੇ ਦੇਖ ਕੇ ਮਨ ਬਹੁਤ ਦੁਖੀ ਹੁੰਦਾ ਹੈ। ਜਿਨ੍ਹਾਂ ਲੋਕਾਂ ਨੇ ਇਨ੍ਹਾਂ ਦਾ ਦੁੱਧ ਪੀਤਾ ਹੁੰਦਾ ਹੈ, ਜਦੋਂ ਇਹ ਦੁੱਧ ਦੇਣ ਤੋਂ ਅਸਮਰੱਥ ਹੋ ਜਾਂਦੀਆਂ ਹਨ ਤਾਂ ਉਹ ਲੋਕ ਇਨ੍ਹਾਂ ਨੂੰ ਛੱਡ ਦਿੰਦੇ ਹਨ। ਸੋ, ਜਿਸ ਤਰ੍ਹਾਂ ਸਰਦਾਰ ਮਹੇਸ਼ਇੰਦਰ ਸਿੰਘ ਜੀ ਨੇ ਗੱਲ ਕੀਤੀ ਸੀ, ਟੈਗ ਸਿਸਟਮ ਹੋਣਾ ਚਾਹੀਦਾ ਹੈ। ਜਿਵੇਂ ਵਹੀਕਲ ਦੀ

[ਸਰਦਾਰ ਰਣਜੀਤ ਸਿੰਘ ਢਿੱਲੋਂ]

ਰਜਿਸਟ੍ਰੇਸ਼ਨ ਹੁੰਦੀ ਹੈ, ਉਵੇਂ ਹੀ ਇਨ੍ਹਾਂ ਦੀ ਰਜਿਸਟਰੇਸ਼ਨ ਵੀ ਹੋਣੀ ਚਾਹੀਦੀ ਹੈ। ਜਦੋਂ ਕੋਈ ਵਹੀਕਲ ਵਾਲਾ ਐਕਸੀਡੈਂਟ ਕਰਕੇ ਭੱਜ ਜਾਂਦਾ ਹੈ ਤਾਂ ਉਸ ਦੀ ਗੱਡੀ ਦੇ ਨੰਬਰ ਤੋਂ ਗੱਡੀ ਟਰੇਸ ਕਰ ਲਈ ਜਾਂਦੀ ਹੈ। ਇਸੇ ਤਰ੍ਹਾਂ ਪਸ਼ੂਆਂ ਦੀ ਵੀ ਦਰਜਾਬੰਦੀ/ਰਜਿਸਟਰੇਸ਼ਨ ਹੋਣੀ ਚਾਹੀਦੀ ਹੈ ਤਾਂ ਕਿ ਜਦੋਂ ਕੋਈ ਪਸ਼ੂ ਨੁਕਸਾਨ ਕਰਦਾ ਹੈ ਤਾਂ ਉਸ ਦਾ ਕਲੇਮ ਪਸ਼ੂ ਦੇ ਮਾਲਕ ਤੋਂ ਲਿਆ ਜਾ ਸਕੇ। ਸੋ, ਇਸ ਬਾਰੇ ਕੁਝ ਨਾ ਕੁਝ ਕੀਤਾ ਜਾਣਾ ਚਾਹੀਦਾ ਹੈ।

ਸਿੱਧੂ ਸਾਹਿਬ ਨੇ ਕਿਹਾ ਸੀ ਕਿ ਸਰਕਾਰ ਨੂੰ ਨੁਕਸਾਨ ਦੀ ਭਰਪਾਈ ਕਰਨੀ ਚਾਹੀਦੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਦੀ ਭਰਪਾਈ ਦਾ ਇਹੋ ਤਰੀਕਾ ਸਹੀ ਹੈ, ਜਦੋਂ ਕੋਈ ਪਸ਼ੂ ਕਿਸੇ ਦਾ ਨੁਕਸਾਨ ਕਰਦਾ ਹੈ ਤਾਂ ਉਸ ਦੇ ਟੈਗ ਤੋਂ ਉਸਦੇ ਮਾਲਕ ਦੀ ਪਛਾਣ ਕਰਕੇ ਉਸ ਤੋਂ ਭਰਪਾਈ ਕਰਵਾਈ ਜਾਵੇ ਅਤੇ ਜੇਕਰ ਪਸ਼ੂ ਕਾਰਨ ਕਿਸੇ ਦੀ ਮੌਤ ਹੁੰਦੀ ਹੈ ਤਾਂ ਉਸ ਦਾ ਪਰਚਾ ਵੀ ਮਾਲਕ ਤੇ ਦਰਜ ਕੀਤਾ ਜਾਵੇ ਤਾਂ ਜੋ ਜਿਸ ਬੰਦੇ ਨੇ ਆਪਣੇ ਪਸ਼ੂ ਨੂੰ ਘਰੋਂ ਕੱਢਿਆ ਹੈ, ਉਸ ਨੂੰ ਸਜ਼ਾ ਮਿਲੇ ਅਤੇ ਉਸ ਨੂੰ ਪਤਾ ਲੱਗੇ ਕਿ ਮੈਂ ਇਸ ਦਾ ਦੁੱਧ ਪੀ ਕੇ ਇਸ ਨੂੰ ਘਰੋਂ ਕੱਢਿਆ ਹੈ ਤਾਂ ਮੇਰਾ ਵੀ ਨੁਕਸਾਨ ਹੋਇਆ ਹੈ। ਫਿਰ ਉਹ ਆਪਣੇ ਪਸ਼ੂਆਂ ਨੂੰ ਸੰਭਾਲ ਕੇ ਰੱਖਣਗੇ। ਇਸੇ ਤਰ੍ਹਾਂ ਸ਼ਹਿਰਾਂ ਵਿਚ ਸੂਰਾਂ ਦੀ ਵੀ ਸਮੱਸਿਆ ਹੈ। ਜਿਹੜੇ ਸੂਰ ਪਾਲਕ ਹਨ, ਉਹ ਰਾਤ ਨੂੰ ਸੂਰਾਂ ਨੂੰ ਬੰਨ੍ਹ ਲੈਂਦੇ ਹਨ ਪਰੰਤੂ ਦਿਨ ਸਮੇਂ ਖੁੱਲ੍ਹਾ ਛੱਡ ਦਿੰਦੇ ਹਨ। ਜਿਸ ਕਾਰਨ ਉਹ ਵੀ ਐਕਸੀਡੈਂਟਾਂ ਦਾ ਕਾਰਨ ਬਣਦੇ ਹਨ ਅਤੇ ਬੱਚਿਆਂ ਨੂੰ ਵੱਢਦੇ ਹਨ। ਜਿਸ ਕਾਰਨ ਅਵਾਰਾ ਪਸ਼ੂਆਂ ਦੀ ਸਮੱਸਿਆ ਬਹੁਤ ਵੱਡੀ ਬਣਦੀ ਜਾ ਰਹੀ ਹੈ।

ਸਰਦਾਰ ਪਰਮਿੰਦਰ ਸਿੰਘ ਢੀਂਡਸਾ ਜੀ ਨੇ ਜਿਹੜਾ ਬਜਟ ਪੇਸ਼ ਕੀਤਾ ਹੈ, ਉਸ ਵਿਚ ਇਸ ਸਮੱਸਿਆ ਦਾ ਸਮਾਧਾਨ ਕੀਤਾ ਗਿਆ ਹੈ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ। ਇਹ ਪਹਿਲਕਦਮੀ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਕੀਤੀ ਹੈ, ਇਸ ਦੀ ਜਿੰਨੀ ਵੀ ਸਰਾਹਣਾ ਕੀਤੀ ਜਾਵੇ ਉਹ ਘੱਟ ਹੈ। ਇਹ ਬਾਦਲ ਸਾਹਿਬ ਦੀ ਸੋਚ ਹੈ ਕਿਉਂਕਿ ਪੰਜਾਬ ਦੇ ਲੋਕਾਂ ਦੀ ਜਿਹੜੀ ਵੀ ਸਮੱਸਿਆ ਉਨ੍ਹਾਂ ਦੇ ਧਿਆਨ ਵਿਚ ਆ ਜਾਵੇ, ਉਹ ਉਸ ਨੂੰ ਹੱਲ ਕਰਨ ਲਈ ਉਪਰਾਲੇ ਕਰਦੇ ਹਨ। ਉਨ੍ਹਾਂ ਨੇ ਬਜਟ ਵਿਚ ਇਹ ਪਾਲਿਸੀ ਬਣਾਈ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਾਲੀਆ ਜੀ ਨੇ ਜਿਹੜੀ ਗੱਲ ਕੀਤੀ ਹੈ ਕਿ ਅਵਾਰਾ ਪਸ਼ੂਆਂ ਲਈ ਪਿੰਡਾਂ ਵਿਚ ਪਹਿਲਾਂ

ਚਰਾਂਦਾਂ ਰੱਖੀਆਂ ਜਾਂਦੀਆਂ ਸਨ। ਉਹ ਚਰਾਂਦਾਂ ਅੱਜ ਵੀ ਮੌਜੂਦ ਹਨ ਪਰ ਕਿਸੇ ਨਾ ਕਿਸੇ ਦੇ ਕਬਜ਼ੇ ਹੇਠ ਹਨ। ਇਨ੍ਹਾਂ ਬਾਰੇ ਵੈਰੀਫਾਈ ਕੀਤਾ ਜਾਵੇ ਅਤੇ ਮਾਲ ਵਿਭਾਗ ਤੋਂ ਪਤਾ ਕੀਤਾ ਜਾਵੇ ਕਿ ਕਿਹੜੇ ਕਿਹੜੇ ਪਿੰਡ ਵਿਚ ਚਰਾਂਦ ਹੈ ਅਤੇ ਉਨ੍ਹਾਂ ਚਰਾਂਦਾਂ ਨੂੰ ਮਾਲ ਮਹਿਕਮੇ ਰਾਹੀਂ ਵਾਪਸ ਲੈ ਲਿਆ ਜਾਵੇ। ਜਿੰਨੇ ਵੀ ਉਸ ਏਰੀਏ ਦੇ ਅਵਾਰਾ ਪਸ਼ੂ ਹਨ ਜੇਕਰ ਉਨ੍ਹਾਂ ਨੂੰ ਫੜ੍ਹ ਕੇ ਉਸ ਸਥਾਨ ਤੇ ਪਹੁੰਚਦਾ ਕਰ ਦੇਈਏ ਤਾਂ ਮੈਂ ਸਮਝਦਾ ਹਾਂ ਕਿ ਅਵਾਰਾ ਪਸ਼ੂਆਂ ਦੀ ਸਮੱਸਿਆ ਦਾ ਹੱਲ ਹੋ ਸਕਦਾ ਹੈ।

ਸੋ, ਸਰਦਾਰ ਮਹੇਸ਼ਇੰਦਰ ਸਿੰਘ ਜੀ ਦਾ ਬਹੁਤ ਧੰਨਵਾਦ ਹੈ, ਜਿਨ੍ਹਾਂ ਨੇ ਇਹ ਮਤਾ ਲਿਆਂਦਾ ਹੈ। ਮੈਂ ਇਸ ਮਤੇ ਦੀ ਪ੍ਰੋੜਤਾ ਕਰਦਾ ਹਾਂ ਅਤੇ ਨਾਲ ਹੀ ਮੈਂ ਇਹ ਬੇਨਤੀ ਕਰਦਾ ਹਾਂ ਕਿ ਇਸ ਮਤੇ ਨੂੰ ਸੈਂਟਰ ਗੌਰਮਿੰਟ ਨੂੰ ਵੀ ਰੈਫਰ ਕੀਤਾ ਜਾਵੇ ਕਿਉਂਕਿ ਇਹ ਸਮੱਸਿਆ ਤਾਂ ਹੀ ਹੱਲ ਹੋਵੇਗੀ ਜੇਕਰ ਇਹ ਸਾਰੇ ਸੂਬਿਆਂ ਵਿੱਚ ਅਡਾਪਟ ਹੋਏਗੀ ਅਤੇ ਸਾਰੇ ਸੂਬੇ ਇਨਵਾਲਵ ਹੋਣਗੇ। ਜੇ ਆਪਾਂ ਆਪਣੇ ਅਵਾਰਾ ਪਸ਼ੂਆਂ ਨੂੰ ਕਿਤੇ ਪਹੁੰਚਾ ਵੀ ਦੇਈਏ ਤਾਂ ਫਿਰ ਇਹ ਦੂਜੇ ਸੂਬਿਆਂ ਵਿਚੋਂ ਆਉਣ ਲੱਗ ਜਾਣਗੇ, ਫਿਰ ਸਾਡੀ ਸਮੱਸਿਆ ਜਿਉਂ ਦੀ ਤਿਉਂ ਹੀ ਖੜ੍ਹੀ ਰਹਿਣੀ ਹੈ। ਇਸ ਲਈ ਇਸ ਵਿੱਚ ਕੇਂਦਰ ਸਰਕਾਰ ਨੂੰ ਵੀ ਇਨਵਾਲਵ ਕੀਤਾ ਜਾਵੇ ਤਾਂ ਜੋ ਸਮੁੱਚੇ ਭਾਰਤ ਵਿੱਚ ਇਹ ਸਿਸਟਮ ਲਾਗੂ ਕੀਤਾ ਜਾਵੇ ਅਤੇ ਟੈਗ ਜਾਂ ਗਲੇ ਵਿੱਚ ਸ਼ਨਾਖਤ ਹੋਵੇ, ਜਿਸ ਤੋਂ ਉਸ ਪਸ਼ੂ ਦੇ ਮਾਲਕ ਦਾ ਪਤਾ ਲੱਗੇ ਕਿ ਇਹ ਪਸ਼ੂ ਕਿਸ ਡੇਅਰੀ, ਕਿਸਾਨ ਜਾਂ ਗਊਸ਼ਾਲਾ ਦਾ ਹੈ, ਫੇਰ ਉਸ ਦੇ ਮਾਲਕ ਤੇ ਬਣਦੀ ਕਾਰਵਾਈ ਕੀਤੀ ਜਾਵੇ। ਇਸ ਤਰ੍ਹਾਂ ਕਰਕੇ ਹੀ ਸਾਨੂੰ ਇਸ ਸਮੱਸਿਆ ਤੋਂ ਨਿਜਾਤ ਮਿਲ ਸਕਦੀ ਹੈ। ਸੋ, ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ।

ਸਰਦਾਰ ਮਨਪ੍ਰੀਤ ਸਿੰਘ ਇਯਾਲੀ (ਦਾਖਾ): ਚੇਅਰਮੈਨ ਸਾਹਿਬ, ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੜੇ ਅਹਿਮ ਮੁੱਦੇ ਤੇ ਅੱਜ ਬੋਲਣ ਦਾ ਮੌਕਾ ਦਿੱਤਾ ਹੈ। ਮੇਰੇ ਸਤਿਕਾਰਯੋਗ ਸਾਥੀ ਮੈਂਬਰ ਸਰਦਾਰ ਮਹੇਸ਼ਇੰਦਰ ਸਿੰਘ ਜੀ ਵੱਲੋਂ ਰਾਜ ਵਿੱਚ ਅਵਾਰਾ ਪਸ਼ੂ, ਸ਼ਹਿਰਾਂ ਅਤੇ ਸੜਕਾਂ ਦੇ ਉੱਤੇ ਆਮ ਤੁਰੇ ਫਿਰਨ ਕਾਰਨ ਭਾਰੀ ਗਿਣਤੀ ਵਿੱਚ ਵਾਪਰਦੇ ਭਿਆਨਕ ਸੜਕ ਹਾਦਸਿਆਂ ਨੂੰ ਰੋਕਣ ਲਈ ਅਤੇ ਕਿਸਾਨਾਂ ਦੀਆਂ ਫ਼ਸਲਾਂ ਦੇ ਉਜਾੜੇ ਨੂੰ

[ਸਰਦਾਰ ਮਨਪ੍ਰੀਤ ਸਿੰਘ ਇਯਾਲੀ]

ਰੋਕਣ ਲਈ ਮਤਾ ਲਿਆਂਦਾ ਗਿਆ ਹੈ। ਮੇਰੇ ਤੋਂ ਪਹਿਲਾਂ ਸਰਦਾਰ ਮਹੇਸ਼ਇੰਦਰ ਸਿੰਘ ਜੀ ਨੇ ਬੜੇ ਵਿਸਥਾਰ ਦੇ ਨਾਲ ਇਸ ਮਤੇ ਤੇ ਆਪਣੇ ਵਿਚਾਰ ਰੱਖੇ ਹਨ। ਹੋਰ ਵੀ ਮੇਰੇ ਸਾਥੀ ਮੈਂਬਰ ਸਾਹਿਬਾਨ ਨੇ ਆਪਣੇ ਵਿਚਾਰ ਰੱਖੇ ਹਨ, ਇਸ ਸਮੱਸਿਆ ਬਾਰੇ ਵੀ ਦੱਸਿਆ ਅਤੇ ਇਸ ਨਾਲ ਨਿਪਟਣ ਵਾਸਤੇ ਬੜੇ ਵਧੀਆ ਸੁਝਾਅ ਵੀ ਦਿੱਤੇ ਹਨ। ਜੇਕਰ ਅਸੀਂ ਪਿਛੋਕੜ ਵੱਲ ਨਿਗ੍ਹਾ ਮਾਰੀਏ, ਇੱਕ ਸਮਾਂ ਸੀ ਜਦੋਂ ਅਸੀਂ ਇਨ੍ਹਾਂ ਪਸ਼ੂਆਂ ਉੱਤੇ ਨਿਰਭਰ ਕਰਦੇ ਸੀ। ਖੇਤੀਬਾੜੀ, ਆਵਾਜਾਈ, ਢੋਆ-ਢੁਆਈ ਆਦਿ ਸਾਰਾ ਕੁਝ ਇਨ੍ਹਾਂ ਪਸ਼ੂਆਂ ਤੇ ਨਿਰਭਰ ਕਰਦਾ ਸੀ। ਦੁੱਧ ਉਦੋਂ ਵੀ ਅਸੀਂ ਇਨ੍ਹਾਂ ਪਸ਼ੂਆਂ ਦਾ ਪੀਂਦੇ ਸੀ ਤੇ ਅੱਜ ਵੀ ਪੀਂਦੇ ਹਾਂ। ਉਸ ਸਮੇਂ ਲੋਕਾਂ ਦੀ ਇਨ੍ਹਾਂ ਪਸ਼ੂਆਂ ਨਾਲ ਅਟੈਚਮੈਂਟ ਸੀ, ਲੋਕ ਆਪਣੇ ਪਸ਼ੂਆਂ ਨਾਲ ਪਿਆਰ ਕਰਦੇ ਸਨ। ਇਹ ਨਹੀਂ ਕਿ ਜਦੋਂ ਪਸ਼ੂ ਬੁੱਢਾ ਹੋ ਗਿਆ ਜਾਂ ਕੰਮ ਤੋਂ ਨਕਾਰਾ ਹੋ ਗਿਆ ਤਾਂ ਉਸ ਨੂੰ ਅਵਾਰਾ ਛੱਡ ਦਿੰਦੇ ਸੀ ਬਲਕਿ ਮਰਨ ਤੱਕ ਇਨ੍ਹਾਂ ਦੀ ਸੰਭਾਲ ਕਰਦੇ ਸੀ। ਭਾਵੇਂ ਗਊਆਂ-ਮੱਝਾਂ ਦੁੱਧ ਦੇਣੋਂ ਹਟ ਜਾਂਦੀਆਂ ਸਨ ਪਰ ਫੇਰ ਵੀ ਉਨ੍ਹਾਂ ਦੀ ਸਾਂਭ-ਸੰਭਾਲ ਕੀਤੀ ਜਾਂਦੀ ਸੀ। ਲੇਕਿਨ ਅੱਜ ਦੇ ਸਮੇਂ ਵਿੱਚ ਅਸੀਂ ਖੁਦਗਰਜ਼ ਹੋ ਗਏ ਹਾਂ। ਪਸ਼ੂਆਂ ਨੂੰ ਸੰਭਾਲਣਾ ਤਾਂ ਦੂਰ ਦੀ ਗੱਲ ਹੈ, ਅੱਜ ਤਾਂ ਅਸੀਂ ਆਪਣੇ ਬਜ਼ੁਰਗਾਂ ਨੂੰ ਜਿਹੜੇ ਕੋਈ ਕੰਮ ਨਹੀਂ ਕਰ ਸਕਦੇ, ਉਨ੍ਹਾਂ ਨੂੰ ਵੀ ਅਸੀਂ ਬਿਰਧ ਆਸ਼ਰਮ ਵਿੱਚ ਛੱਡ ਦਿੰਦੇ ਹਾਂ।

ਮੈਂ ਆਪ ਖੇਤੀਬਾੜੀ ਨਾਲ ਸਬੰਧਤ ਹਾਂ। ਅੱਜ ਤੋਂ 25-30 ਸਾਲ ਪਹਿਲਾਂ ਵੀ ਇਹ ਸਮੱਸਿਆ ਸੀ। ਸਾਡੇ ਖੇਤਾਂ ਵਿੱਚ ਰਾਮ ਗਊਆਂ ਆ ਜਾਂਦੀਆਂ ਸਨ, ਹਾਲਾਂਕਿ ਉਹ ਕਿਸੇ ਦੀਆਂ ਛੱਡੀਆਂ ਨਹੀਂ ਹੁੰਦੀਆਂ ਸਨ, ਉਨ੍ਹਾਂ ਦੇ ਵਗ ਹੁੰਦੇ ਸਨ। ਬੇਸ਼ੱਕ ਉਦੋਂ ਪਿੰਡਾਂ ਦੇ ਵਿੱਚ ਸਾਰੀ ਜ਼ਮੀਨ ਅਬਾਦ ਨਹੀਂ ਸੀ। ਉਦੋਂ ਚਰਾਂਦਾਂ, ਟਿੱਬੇ, ਲੁਕਣਗਾਹਾਂ ਵੀ ਸਨ ਲੇਕਿਨ ਉਸ ਸਮੇਂ ਵੀ ਉਨ੍ਹਾਂ ਰਾਮ ਗਊਆਂ ਨੂੰ ਫੜ੍ਹ ਕੇ ਗਊਸ਼ਾਲਾ ਦੇ ਵਿੱਚ ਛੱਡਿਆ ਗਿਆ ਸੀ ਅਤੇ ਕਿਸਾਨਾਂ ਨੂੰ ਬਹੁਤ ਵੱਡੀ ਰਾਹਤ ਦਿੱਤੀ ਗਈ ਸੀ। ਅੱਜ ਦੇ ਸਮੇਂ ਵਿੱਚ ਇਸ ਸਮੱਸਿਆ ਦੇ ਕਈ ਕਾਰਨ ਹਨ। ਅੱਜ ਅਸੀਂ ਸਹਾਇਕ ਧੰਦਿਆਂ ਦੀ ਗੱਲ ਕਰਦੇ ਹਾਂ, ਚਾਹੇ ਕੋਈ ਛੋਟਾ ਕਿਸਾਨ ਹੈ, ਮਜ਼ਦੂਰ ਹੈ, ਨੌਕਰੀ ਪੇਸ਼ਾ ਹੈ, ਉਨ੍ਹਾਂ ਲਈ ਸਹਾਇਕ ਧੰਦੇ ਅਪਣਾਉਣਾ ਬਹੁਤ ਜ਼ਰੂਰੀ ਹੈ ਲੇਕਿਨ ਡੇਅਰੀ ਦਾ ਧੰਦਾ ਸਭ ਤੋਂ ਵਧੀਆ ਧੰਦਾ ਹੈ। ਇਸ ਨੂੰ ਪ੍ਰੋਮੋਟ ਕਰਨ ਲਈ ਸਰਕਾਰ ਨੇ ਅਤੇ ਮੁੱਖ ਮੰਤਰੀ ਜੀ ਨੇ ਬੜੇ ਯਤਨ ਕੀਤੇ ਹਨ। ਪਸ਼ੂ ਮੇਲੇ ਵੀ ਲਾਏ ਜਾਂਦੇ ਹਨ ਅਤੇ ਜਿਹੜੇ ਲੋਕ ਚੰਗੀ

ਨਸਲ ਦੇ ਪਸ਼ੂ ਰੱਖਦੇ ਹਨ, ਉਨ੍ਹਾਂ ਨੂੰ ਇਨਾਮ ਵੀ ਦਿੱਤੇ ਜਾ ਰਹੇ ਹਨ ਤਾਂ ਕਿ ਵੱਧ ਤੋਂ ਵੱਧ ਲੋਕ ਇਸ ਧੰਦੇ ਨਾਲ ਜੁੜਨ। ਭਾਵੇਂ ਅੱਜ ਇਹ ਧੰਦਾ ਵੀ ਸਾਨੂੰ ਥੋੜ੍ਹੀ ਸਮੱਸਿਆ ਦੇ ਰਿਹਾ ਹੈ।

ਜਿਸ ਤਰ੍ਹਾਂ ਪਹਿਲਾਂ ਵੀ ਮੈਂਬਰ ਸਾਹਿਬ ਨੇ ਅਮਰੀਕਨ ਗਾਵਾਂ ਦੀ ਗੱਲ ਕੀਤੀ ਹੈ, ਤੁਸੀਂ ਕਦੇ ਦੇਖਿਉ ਕਿ ਜਿਹੜੇ ਸੜਕਾਂ ਤੇ ਅਵਾਰਾ ਪਸ਼ੂ ਘੁੰਮ ਰਹੇ ਹਨ, ਉਨ੍ਹਾਂ ਵਿੱਚ 95% ਚਾਹੇ ਉਹ ਵੱਛੇ ਹੋਣ ਜਾਂ ਗਾਵਾਂ ਹੋਣ, ਉਹ ਵਲਾਇਤੀ ਹੋਣਗੀਆਂ ਕਿਉਂਕਿ ਇਹ ਗਾਵਾਂ ਸਾਡੇ ਇੱਥੋਂ ਦੇ ਮੌਸਮ ਦੇ ਅਨੁਕੂਲ ਨਹੀਂ ਹੁੰਦੀਆਂ। ਜਦੋਂ ਇਹ ਗੱਭਣ ਨਹੀਂ ਹੁੰਦੀਆਂ ਤਾਂ ਲੋਕ ਇਨ੍ਹਾਂ ਨੂੰ ਅਵਾਰਾ ਛੱਡ ਦਿੰਦੇ ਹਨ। ਸਾਡੇ ਇਲਾਕੇ ਵਿੱਚ ਜਗਰਾਉਂ ਵਿਖੇ ਮੰਡੀ ਲੱਗਦੀ ਹੈ। ਮੰਡੀ ਵਿੱਚ ਬਹੁਤ ਸਾਰੇ ਪਸ਼ੂ ਵੇਚਣ ਲਈ ਲਿਆਂਦੇ ਜਾਂਦੇ ਹਨ ਪਰੰਤੂ ਮੰਡੀ ਤੋਂ ਬਾਅਦ ਲੋਕ ਬਹੁਤ ਸਾਰੇ ਕੰਡਮ ਪਸ਼ੂ ਉੱਥੇ ਹੀ ਛੱਡ ਜਾਂਦੇ ਹਨ। ਜਗਰਾਉਂ ਮੰਡੀ ਦੇ ਆਲੇ-ਦੁਆਲੇ ਦੇ ਪਿੰਡਾਂ ਦੀ ਇਹ ਬਹੁਤ ਵੱਡੀ ਸਮੱਸਿਆ ਹੈ।

ਜਿਵੇਂ ਢਿੱਲੋਂ ਸਾਹਿਬ ਦੱਸ ਕੇ ਗਏ ਹਨ ਕਿ ਲੁਧਿਆਣਾ ਸ਼ਹਿਰ ਦੇ ਅੰਦਰ ਅਤੇ ਨਾਲ ਲਗਦੇ ਪਿੰਡਾਂ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਅਵਾਰਾ ਪਸ਼ੂ ਘੁੰਮ ਰਹੇ ਹਨ, ਜਿਸ ਕਾਰਨ ਐਕਸੀਡੈਂਟ ਹੁੰਦੇ ਹਨ। ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ ਕਿ ਜਿਹੜੇ ਪਸ਼ੂਆਂ ਦਾ ਕਾਲਾ ਰੰਗ ਹੈ, ਉਹ ਰਾਤ ਵੇਲੇ ਦਿਖਾਈ ਨਹੀਂ ਦਿੰਦੇ। ਪਿੱਛੇ ਜਿਹੇ ਜਦੋਂ ਮੈਂ ਜ਼ਿਲ੍ਹਾ ਪ੍ਰੀਸ਼ਦ ਦਾ ਚੇਅਰਮੈਨ ਸੀ, ਸਾਡੇ ਇੱਕ ਸਾਥੀ ਦਾ ਨੌਜਵਾਨ ਬੇਟਾ ਐਕਸੀਡੈਂਟ ਵਿੱਚ ਮਾਰਿਆ ਗਿਆ। ਜਦੋਂ ਐਕਸੀਡੈਂਟ ਦਾ ਕਾਰਨ ਪਤਾ ਕਰਵਾਇਆ ਗਿਆ ਤਾਂ ਪਤਾ ਲੱਗਾ ਕਿ ਅਚਾਨਕ ਇੱਕ ਕਾਲੇ ਰੰਗ ਦੀ ਗਾਂ ਗੱਡੀ ਸਾਹਮਣੇ ਆ ਗਈ ਜਿਸ ਕਾਰਨ ਗੱਡੀ ਆਊਟ ਆਫ਼ ਕੰਟਰੋਲ ਹੋ ਗਈ ਅਤੇ ਬਹੁਤ ਹੀ ਕਾਬਲ ਬੱਚੇ ਦੀ ਮੌਤ ਹੋ ਗਈ। ਇਸ ਤਰ੍ਹਾਂ ਕਿੰਨੀਆਂ ਹੀ ਮੌਤਾਂ ਇਨ੍ਹਾਂ ਅਵਾਰਾ ਪਸ਼ੂਆਂ ਕਾਰਨ ਹੋਏ ਐਕਸੀਡੈਂਟਾਂ ਵਿੱਚ ਹੋ ਚੁੱਕੀਆਂ ਹਨ। ਇਹ ਬੜਾ ਹੀ ਗੰਭੀਰ ਮਸਲਾ ਹੈ।

ਪੰਜਾਬ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਜੇ ਆਪਾਂ ਕਿਸਾਨਾਂ ਦੀ ਗੱਲ ਕਰੀਏ ਤਾਂ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਵੀ ਖੁਦ ਕਿਸਾਨ ਹਨ। ਜਦੋਂ ਵੀ ਬਾਦਲ ਸਾਹਿਬ ਮੁੱਖ ਮੰਤਰੀ ਬਣੇ ਹਨ, ਉਨ੍ਹਾਂ ਨੇ ਕਿਸਾਨੀ ਦੀ ਗੱਲ ਕੀਤੀ ਹੈ ਅਤੇ ਕਿਸਾਨੀ ਨੂੰ ਅੱਗੇ ਲਿਜਾਣ ਦੀ ਹਮੇਸ਼ਾ ਹੀ ਗੱਲ ਕੀਤੀ ਹੈ।

[ਸਰਦਾਰ ਮਨਪ੍ਰੀਤ ਸਿੰਘ ਇਯਾਲੀ]

ਜੇ ਪੰਜਾਬ ਦਾ ਕਿਸਾਨ ਖੁਸ਼ਹਾਲ ਹੈ ਤਾਂ ਸਾਰੇ ਖੁਸ਼ਹਾਲ ਹਨ ਕਿਉਂਕਿ ਉਸ ਦੇ ਨਾਲ ਹੀ ਪੰਜਾਬ ਦੇ ਹਰ ਵਰਗ ਦੀ ਖੁਸ਼ਹਾਲੀ ਸਿੱਧੇ ਜਾਂ ਅਸਿੱਧੇ ਢੰਗ ਨਾਲ ਜੁੜੀ ਹੋਈ ਹੈ। ਚਾਹੇ ਉਹ ਸਾਡੇ ਆੜ੍ਹਤੀਏ ਵੀਰ ਹੋਣ, ਸ਼ੈਲਰ ਵਾਲੇ ਹੋਣ ਜਾਂ ਫਲੋਰ ਮਿੱਲਾਂ ਵਾਲੇ ਹੋਣ, ਚਾਹੇ ਮਜ਼ਦੂਰ ਹੋਣ, ਚਾਹੇ ਕਰਿਆਨੇ ਵਾਲੇ ਹੋਣ, ਸਾਰਿਆਂ ਦੀ ਖੁਸ਼ਹਾਲੀ ਕਿਸਾਨੀ ਨਾਲ ਹੈ। ਪੰਜਾਬ ਦੀ ਕਿਸਾਨੀ ਨੂੰ ਮਜ਼ਬੂਤ ਕਰਨਾ ਸਰਕਾਰ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ। ਬਾਦਲ ਸਾਹਿਬ ਨੇ ਪੰਜਾਬ ਦੇ ਕਿਸਾਨਾਂ ਦੇ ਟਿਊਬਵੈੱਲਾਂ ਦੇ ਬਿੱਲ ਵੀ ਮੁਆਫ਼ ਕੀਤੇ ਹਨ। ਹੋਰ ਵੀ ਬਹੁਤ ਸਾਰੀਆਂ ਸਬਸਿਡੀਆਂ ਅਤੇ ਸਹੂਲਤਾਂ ਦਿੱਤੀਆਂ ਹਨ ਲੇਕਿਨ ਕਿਸਾਨਾਂ ਦੀ ਇਸ ਸਮੱਸਿਆ ਦਾ ਹੱਲ ਹੋਣਾ ਵੀ ਬਹੁਤ ਜ਼ਰੂਰੀ ਹੈ ਕਿਉਂਕਿ ਕਿਸਾਨ ਬੜੀ ਮਿਹਨਤ ਨਾਲ ਫ਼ਸਲਾਂ ਪਾਲਦੇ ਹਨ। ਜੇਕਰ ਕੋਈ ਇੱਕ ਝੁੰਡ ਹੀ ਰਾਤ ਨੂੰ ਫ਼ਸਲਾਂ ਵਿੱਚ ਆ ਵੜਿਆ ਤਾਂ ਕਿਸਾਨਾਂ ਦਾ ਭਾਰੀ ਉਜਾੜਾ ਹੋ ਜਾਂਦਾ ਹੈ। ਕਿਸਾਨਾਂ ਦੀ ਆਪਣੀ ਸਮਰੱਥਾ ਨਹੀਂ ਹੈ ਕਿ ਉਹ ਆਪਣੀਆਂ ਫ਼ਸਲਾਂ ਨੂੰ ਤਾਰਾਂ ਦੀ ਵਾੜ ਲਗਾ ਕੇ, ਕੰਧਾਂ ਕਰ ਕੇ ਬਚਾ ਸਕਣ, ਇਹ ਸੰਭਵ ਨਹੀਂ ਹੈ।

ਪਹਿਲਾਂ ਵੀ ਇਸ ਬਾਰੇ ਸੁਝਾਅ ਆਏ ਹਨ, ਬਾਦਲ ਸਾਹਿਬ ਕੋਸ਼ਿਸ਼ ਵੀ ਕਰ ਰਹੇ ਹਨ। ਹਰ ਜ਼ਿਲ੍ਹੇ ਵਿੱਚ 25-25 ਕਿੱਲੇ ਜ਼ਮੀਨ ਪੰਚਾਇਤਾਂ ਤੋਂ ਲਈ ਜਾ ਰਹੀ ਹੈ ਤਾਂ ਕਿ ਅਵਾਰਾ ਪਸ਼ੂਆਂ ਨੂੰ ਉਨ੍ਹਾਂ ਵਿੱਚ ਰੱਖਿਆ ਜਾ ਸਕੇ। ਇਸ ਲਈ ਗਊ ਸੇਵਾ ਕਮਿਸ਼ਨ ਵੀ ਬਣਾਇਆ ਗਿਆ ਹੈ। ਲੁਧਿਆਣੇ ਵਿੱਚ ਵੀ ਕਈ ਗਊਸ਼ਾਲਾਵਾਂ ਬਣੀਆਂ ਹੋਈਆਂ ਹਨ। ਮੇਰੇ ਪਿੰਡ ਦੇ ਨਾਲ ਵੀ ਗੋਬਿੰਦ ਗੋਧਾਮ ਸੰਸਥਾ ਬਣੀ ਹੋਈ ਹੈ, ਉਥੇ ਅਵਾਰਾ ਗਊਆਂ ਨੂੰ ਲਿਆ ਕੇ ਵਧੀਆ ਢੰਗ ਨਾਲ ਰੱਖਿਆ ਜਾਂਦਾ ਹੈ ਅਤੇ ਸੇਵਾ-ਸੰਭਾਲ ਕੀਤੀ ਜਾਂਦੀ ਹੈ। ਸਾਡੀ ਲੋੜ ਹੈ ਕਿ ਇਸ ਤਰ੍ਹਾਂ ਦੀਆਂ ਹੋਰ ਵੀ ਗਊਸ਼ਾਲਾਵਾਂ ਬਣਾਈਆਂ ਜਾਣ, ਜਿੱਥੇ ਸਾਰੇ ਅਵਾਰਾ ਪਸ਼ੂਆਂ ਨੂੰ ਰੱਖਿਆ ਜਾ ਸਕੇ। ਇਹ ਸਰਕਾਰ ਦੀ ਬੜੀ ਵੱਡੀ ਜ਼ਿੰਮੇਵਾਰੀ ਬਣਦੀ ਹੈ।

ਇਸੇ ਤਰ੍ਹਾਂ ਜਿਵੇਂ ਸੁਝਾਅ ਆਇਆ ਹੈ ਕਿ ਇਨ੍ਹਾਂ ਪਸ਼ੂਆਂ ਦੀ ਰਜਿਸਟ੍ਰੇਸ਼ਨ ਹੋਣੀ ਚਾਹੀਦੀ ਹੈ, ਜਿਸ ਨਾਲ ਪਤਾ ਲੱਗ ਸਕੇ ਕਿ ਇੱਕ ਪਿੰਡ ਵਿੱਚ ਕਿੰਨੇ ਪਸ਼ੂ ਹਨ। ਜਦੋਂ ਉਸ ਨੂੰ ਅੱਗੇ ਵੇਚਣਾ ਹੈ ਤਾਂ ਉਸ ਦਾ ਬਕਾਇਦਾ ਰਿਕਾਰਡ ਹੋਵੇ। ਜਿਵੇਂ ਪਹਿਲਾਂ ਪਸ਼ੂਆਂ ਦੀ ਇੰਸ਼ੋਰੈਂਸ ਹੁੰਦੀ ਸੀ ਅਤੇ ਕੰਪਨੀ ਵੱਲੋਂ ਪਸ਼ੂ ਦੇ ਕੰਨ ਉੱਪਰ ਇੱਕ ਟੈਗ ਲਗਾਇਆ ਜਾਂਦਾ ਸੀ। ਅਜਿਹੀ ਕੋਈ ਵਿਵਸਥਾ ਨਾ ਹੋਣ

ਕਾਰਨ ਜਦੋਂ ਤੱਕ ਪਸ਼ੂ ਦੁੱਧ ਦਿੰਦਾ ਹੈ ਜਾਂ ਜਦੋਂ ਤੱਕ ਉਹ ਕੰਮ ਦਿੰਦੇ ਹਨ ਤਾਂ ਉਨ੍ਹਾਂ ਦੀ ਸੰਭਾਲ ਕੀਤੀ ਜਾਂਦੀ ਹੈ ਪਰ ਬਾਅਦ ਵਿੱਚ ਉਨ੍ਹਾਂ ਨੂੰ ਅਵਾਰਾ ਛੱਡ ਦਿੱਤਾ ਜਾਂਦਾ ਹੈ, ਜਿਸ ਨਾਲ ਬਹੁਤ ਜਾਨੀ ਮਾਲੀ ਨੁਕਸਾਨ ਹੋ ਰਿਹਾ ਹੈ। ਸੋ, ਇਸ ਤਰ੍ਹਾਂ ਦੇ ਨੁਕਸਾਨ ਨੂੰ ਰੋਕਣ ਲਈ ਆਉਣ ਵਾਲੇ ਸਮੇਂ ਵਿੱਚ ਕੋਈ ਅਜਿਹੀ ਵਿਵਸਥਾ ਕੀਤੀ ਜਾਵੇ ਕਿ ਲੋਕਾਂ ਨੂੰ ਅਜਿਹਾ ਕਰਨੋਂ ਰੋਕਿਆ ਜਾਵੇ।

ਸੋ, ਸਾਡੇ ਸਾਥੀ ਵੱਲੋਂ ਇਹ ਬਹੁਤ ਵਧੀਆ ਮਤਾ ਲਿਆਂਦਾ ਗਿਆ ਹੈ। ਇਸ ਲਈ ਸਾਨੂੰ ਬੜੇ ਉਸਾਰੂ ਕਦਮ ਚੁੱਕਣੇ ਚਾਹੀਦੇ ਹਨ। ਵੈਸੇ ਵੀ ਅਜਿਹੀ ਸਮੱਸਿਆ ਉਦੋਂ ਤੱਕ ਹੱਲ ਨਹੀਂ ਹੋ ਸਕਦੀ ਜਦੋਂ ਤੱਕ ਲੋਕ ਆਪਣੀ ਜ਼ਿੰਮੇਵਾਰੀ ਨਾ ਸਮਝਣ। ਲੋਕਾਂ ਨੂੰ ਵੀ ਅਸੀਂ ਜਾਗਰੂਕ ਕਰੀਏ ਕਿ ਜਿਹੜੇ ਤੁਸੀਂ ਅਵਾਰਾ ਪਸ਼ੂ ਛੱਡਦੇ ਹੋ ਇਸ ਨਾਲ ਹੋਰਾਂ ਦਾ ਹੀ ਨਹੀਂ, ਤੁਹਾਡੇ ਕਿਸੇ ਪਰਿਵਾਰਕ ਮੈਂਬਰ ਦਾ ਵੀ ਹਾਦਸਾ ਹੋ ਸਕਦਾ ਹੈ, ਨੁਕਸਾਨ ਹੋ ਸਕਦਾ ਹੈ। ਗਰਾਮ ਪੰਚਾਇਤਾਂ ਨੂੰ ਵੀ ਉਪਰਾਲੇ ਕਰਨੇ ਚਾਹੀਦੇ ਹਨ। ਪਸ਼ੂ ਪਾਲਣ ਮੰਤਰੀ ਜੀ ਵੀ ਬੈਠੇ ਹਨ, ਇਸ ਮਹਿਕਮੇ ਦਾ ਵੀ ਬਹੁਤ ਵੱਡਾ ਰੋਲ ਹੈ। ਵਿਭਾਗ ਵੱਲੋਂ ਲੋਕਾਂ ਨੂੰ ਕੈਂਪ ਲਗਾ ਕੇ ਅਵੇਅਰ ਕਰਨਾ ਚਾਹੀਦਾ ਹੈ ਕਿ ਪਸ਼ੂਆਂ ਨੂੰ ਅਵਾਰਾ ਨਾ ਛੱਡਿਆ ਜਾਵੇ ਤਾਂ ਕਿ ਜਿਹੜਾ ਜਾਨੀ ਤੇ ਮਾਲੀ ਨੁਕਸਾਨ ਹੋ ਰਿਹਾ ਹੈ, ਉਹ ਨਾ ਹੋਵੇ। ਇਸ ਪਾਸੇ ਸਾਨੂੰ ਸਾਰਿਆਂ ਨੂੰ ਜ਼ਿੰਮੇਵਾਰੀ ਸਮਝਣ ਦੀ ਲੋੜ ਹੈ।

ਚੇਅਰਮੈਨ ਸਾਹਿਬ, ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਮੁੱਖ ਮੰਤਰੀ ਜੀ ਨੂੰ ਅਤੇ ਸਰਕਾਰ ਨੂੰ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਇਸ ਵਾਸਤੇ ਸਖ਼ਤ ਤੋਂ ਸਖ਼ਤ ਕਾਨੂੰਨ ਬਣਾਇਆ ਜਾਵੇ ਤਾਂ ਕਿ ਕੋਈ ਵੀ ਪਸ਼ੂਆਂ ਨੂੰ ਅਵਾਰਾ ਨਾ ਛੱਡ ਸਕੇ। ਗਊਸ਼ਾਲਾਵਾਂ ਬਣਾਉਣ ਵਾਸਤੇ ਵੱਧ ਤੋਂ ਵੱਧ ਫੰਡ ਰੱਖੇ ਜਾਣੇ ਚਾਹੀਦੇ ਹਨ। ਸਾਡੇ ਮਾਨਯੋਗ ਵਿੱਤ ਮੰਤਰੀ ਢੀਂਡਸਾ ਜੀ ਵੱਲੋਂ ਬਜਟ ਵਿਚ ਇਸ ਦੀ ਵਿਵਸਥਾ ਕੀਤੀ ਗਈ ਹੈ। ਇਸ ਤੋਂ ਇਲਾਵਾ ਸਾਨੂੰ ਕੇਂਦਰ ਸਰਕਾਰ ਤੋਂ ਇਸ ਵਾਸਤੇ ਵੱਧ ਤੋਂ ਵੱਧ ਫੰਡਾਂ ਦੀ ਮੰਗ ਕਰਨੀ ਚਾਹੀਦੀ ਹੈ ਤਾਂ ਜੋ ਇਸ ਸਮੱਸਿਆ ਦਾ ਵਧੀਆ ਢੰਗ ਨਾਲ ਹੱਲ ਕੱਢਿਆ ਜਾ ਸਕੇ। ਮੈਂ ਇੰਨੀ ਕੁ ਬੇਨਤੀ ਕਰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ ਕਿਉਂਜੋ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਧੰਨਵਾਦ।

ਸਰਦਾਰ ਚਰਨਜੀਤ ਸਿੰਘ ਚੰਨੀ (ਸ੍ਰੀ ਚਮਕੌਰ ਸਾਹਿਬ, ਐਸ.ਸੀ.): ਚੇਅਰਮੈਨ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਆਪ ਜੀ ਨੇ ਇਸ ਮਤੇ ਉਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਸਰਕਾਰੀ ਬੈਂਚਾਂ ਵੱਲੋਂ ਅਵਾਰਾ ਪਸ਼ੂਆਂ ਬਾਰੇ ਅਤੇ ਇਸ ਤੋਂ ਬਾਅਦ ਕੁੱਤਿਆਂ ਬਾਰੇ ਮਤੇ ਆਏ ਹਨ ਕਿ ਪੰਜਾਬ ਸਰਕਾਰ ਨੂੰ ਸਿਫ਼ਾਰਸ਼ ਕੀਤੀ ਜਾਵੇ। ਚੇਅਰਮੈਨ ਸਾਹਿਬ, ਮੈਨੂੰ ਇਕ ਗੱਲ ਦੀ ਜ਼ਰੂਰ ਹੈਰਾਨੀ ਹੈ ਕਿ ਜੇਕਰ ਕੇਂਦਰ ਸਰਕਾਰ ਨੂੰ ਕੋਈ ਸਿਫ਼ਾਰਸ਼ ਕਰਨੀ ਹੋਵੇ, ਫਿਰ ਤਾਂ ਸਰਕਾਰੀ ਬੈਂਚਾਂ ਵੱਲੋਂ ਮਤਾ ਲੈ ਕੇ ਆਉਣਾ ਚਾਹੀਦਾ ਹੈ ਪਰੰਤੂ ਇਹ ਆਪਣੀ ਸਰਕਾਰ ਨੂੰ ਆਪ ਹੀ ਸਿਫ਼ਾਰਸ਼ ਕਰਨ ਲਈ ਦੋ-ਢਾਈ ਘੰਟੇ ਸਦਨ ਦੇ ਯੂਜ਼ ਕਰ ਰਹੇ ਹਨ, ਆਪਣੇ ਆਪ ਨੂੰ ਹੀ ਸਿਫ਼ਾਰਸ਼ ਕਰ ਰਹੇ ਹਨ। ਇਨ੍ਹਾਂ ਨੂੰ ਚਾਹੀਦਾ ਸੀ ਕਿ ....

ਸ਼੍ਰੀ ਸਭਾਪਤੀ : ਇਹ ਨਾਨ-ਆਫੀਸ਼ੀਅਲ ਰੈਜੋਲਿਊਸ਼ਨ ਹੈ, ਉਹ ਲਿਆ ਸਕਦੇ ਹਨ।

ਸਰਦਾਰ ਚਰਨਜੀਤ ਸਿੰਘ ਚੰਨੀ : ਇਥੇ ਸਰਕਾਰ ਆਪਣੇ ਆਪ ਨੂੰ ਹੀ ਸਿਫ਼ਾਰਸ਼ ਕਰੀ ਜਾਂਦੀ ਹੈ।

ਸ਼੍ਰੀ ਸਭਾਪਤੀ : ਤੁਸੀਂ ਆਪਣੀ ਗੱਲ ਕਰੋ।

ਸਰਦਾਰ ਚਰਨਜੀਤ ਸਿੰਘ ਚੰਨੀ : ਮੈਂ ਆਪਣੀ ਹੀ ਗੱਲ ਕਰ ਰਿਹਾ ਹਾਂ, ਜੇਕਰ ਤੁਸੀਂ ਬੋਲਣ ਦਿਓਗੇ। ਮੇਰਾ ਟੈਕਨੀਕਲ ਗਰਾਊਂਡ ਤੇ ਇਹ ਇਕ ਆਬਜੈਕਸ਼ਨ ਹੈ ਕਿ ਸਰਕਾਰੀ ਨੁਮਾਇੰਦੇ ਆਪਣੀ ਸਰਕਾਰ ਨੂੰ ਹੀ ਸਿਫ਼ਾਰਸ਼ਾਂ ਕਰੀ ਜਾ ਰਹੇ ਹਨ। ਇਹ ਤਾਂ ਕਦੇ ਵੀ ਸੀ.ਐਮ. ਨੂੰ ਮਿਲ ਕੇ ਇਸ ਮਸਲੇ ਤੇ ਗੱਲ ਕਰ ਸਕਦੇ ਸੀ। ਇਹ ਰੋਜ਼ ਸੀ.ਐਮ. ਸਾਹਿਬ ਦੇ ਨਾਲ ਰਹਿੰਦੇ ਹਨ। ਇਸ ਸਦਨ ਦੇ ਢਾਈ ਘੰਟੇ ਇਸ ਵਾਸਤੇ ਯੂਜ਼ ਕਰਨ ਦੀ ਕੀ ਲੋੜ ਸੀ?

ਸਰਦਾਰ ਮਹੇਸ਼ਇੰਦਰ ਸਿੰਘ : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਸੀ.ਐਮ. ਸਾਹਿਬ ਤਾਂ ਇਨ੍ਹਾਂ ਨੂੰ ਵੀ ਮਿਲਣ ਤੋਂ ਜਵਾਬ ਨਹੀਂ ਦਿੰਦੇ। ਇਹ ਜਿਹੜਾ ਮੁੱਦਾ ਇਥੇ ਉਠਾਉਂਦੇ ਹਨ, ਉਹ ਸੀ.ਐਮ. ਸਾਹਿਬ ਨਾਲ ਮਿਲ ਕੇ ਹੱਲ ਕਰਵਾ ਲਿਆ ਕਰਨ। ਸੀ.ਐਮ. ਸਾਹਿਬ ਹੱਥ ਬੰਨ੍ਹ ਕੇ ਬੇਨਤੀ ਕਰਦੇ ਹਨ ਕਿ ਮੇਰੇ ਕੋਲ ਆਇਆ ਕਰੋ ਜਾਂ ਮੈਂ ਤੁਹਾਡੇ ਆ ਜਾਵਾਂਗਾ। ਉਨ੍ਹਾਂ ਨੇ ਮਹਾਰਾਣੀ ਜੀ (ਸ਼੍ਰੀਮਤੀ ਪਰਨੀਤ ਕੌਰ) ਨੂੰ ਵੀ ਇਹ ਕਿਹਾ

ਸੀ, ਮੈਨੂੰ ਸੱਦੋ, ਮੈਂ ਪੈਲੇਸ ਵਿਚ ਆ ਜਾਵਾਂਗਾ।

ਮੁੱਖ ਸੰਸਦੀ ਸਕੱਤਰ, ਖੇਡਾਂ ਅਤੇ ਯੁਵਕ ਸੇਵਾਵਾਂ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਭਲਾਈ (ਸ਼੍ਰੀ ਪਵਨ ਕੁਮਾਰ ਟੀਨੂੰ): ਚੇਅਰਮੈਨ ਸਾਹਿਬ, ਜਦੋਂ ਵੀ ਕੋਈ ਕਾਨੂੰਨ ਬਣਨਾ ਹੋਵੇ, ਉਹ ਡਿਸਕਸ਼ਨ ਵਿਚੋਂ ਹੀ ਬਣਦਾ ਹੈ। ਜਿੰਨੀ ਦੇਰ ਆਪੋਜ਼ੀਸ਼ਨ ਵਾਲੇ ਡਿਸਕਸ਼ਨ ਨਹੀਂ ਕਰਦੇ, ਉਹ ਕਾਨੂੰਨ ਨਹੀਂ ਬਣ ਸਕਦਾ। ਮੇਰਾ ਨੰਬਰ ਤਾਂ ਨਹੀਂ ਹੈ ਪਰ ਮੈਂ ਇਕ ਸੁਝਾਓ ਦੇਣਾ ਚਾਹੁੰਦਾ ਹਾਂ.....

ਸ਼੍ਰੀ ਸਭਾਪਤੀ : ਟੀਨੂੰ ਜੀ, ਤੁਸੀਂ ਬੈਠੋ। ਤੁਸੀਂ ਪੁਆਇੰਟ ਆਫ਼ ਆਰਡਰ ਤੇ ਬੋਲੋ, ਸੁਝਾਓ ਨਾ ਦਿਉ। ਚੰਨੀ ਜੀ ਨੂੰ ਬੋਲਣ ਦਿਉ।

ਸ਼੍ਰੀ ਮਨੋਰੰਜਨ ਕਾਲੀਆ : ਚੇਅਰਮੈਨ ਸਾਹਿਬ, ਪੁਆਇੰਟ ਆਫ਼ ਆਰਡਰ। ਮੈਂਬਰ ਸਾਹਿਬ ਬੜੇ ਸੂਝਵਾਨ ਹਨ। ਇਸ ਅਜ਼ੀਮ ਸਦਨ ਵਿਚ ਵਿਚਾਰ-ਵਟਾਂਦਰਾ ਹੋਣਾ ਲਾਜ਼ਮੀ ਹੈ। ਇੱਥੇ ਗੱਲਾਂ ਹੁੰਦੀਆਂ ਹਨ, ਤੁਸੀਂ ਵੀ ਕਈ ਗੱਲਾਂ ਸੀ.ਐਮ. ਸਾਹਿਬ ਨੂੰ ਕਹਿੰਦੇ ਹੋ। ਜੇਕਰ ਇਹ ਇਥੇ ਨਾ ਕੀਤੀਆਂ ਜਾਣ ਤਾਂ ਫਿਰ ਸਦਨ ਦੀ ਕੀ ਅਹਿਮੀਅਤ ਹੈ? ਤੁਸੀਂ ਬੜੇ ਦਾਨਿਸ਼ਮੰਦ ਹੋ। ਤੁਹਾਨੂੰ ਇਸ ਮਸਲੇ ਉਤੇ ਡਿਸਕਸ਼ਨ ਕਰਕੇ ਇਸ ਸਦਨ ਵਿਚ ਸੁਝਾਓ ਦੇਣੇ ਚਾਹੀਦੇ ਹਨ।

ਸਰਦਾਰ ਚਰਨਜੀਤ ਸਿੰਘ ਚੰਨੀ : ਚੇਅਰਮੈਨ ਸਾਹਿਬ, ਹਰ ਇਕ ਮੈਂਬਰ ਦਾ ਆਪਣਾ ਨਜ਼ਰੀਆ ਹੁੰਦਾ ਹੈ। ਹਰ ਇਕ ਨੂੰ ਹੱਕ ਹੈ ਕਿ ਉਹ ਆਪਣੀ ਗੱਲ ਰੱਖੇ। ਹਰ ਗੱਲ ਦੀ ਆਪਣੇ ਆਪ ਵਿਚ ਇਕ ਅਹਿਮੀਅਤ ਹੁੰਦੀ ਹੈ। ਜੰਗਲੀ ਜਾਨਵਰਾਂ ਕਰਕੇ ਕਿਸਾਨਾਂ ਦੀ ਫ਼ਸਲ ਦਾ ਨੁਕਸਾਨ ਹੋ ਰਿਹਾ ਹੈ, ਸਦਨ ਲਈ ਪੰਜਾਬ ਦੇ ਲੋਕਾਂ ਨਾਲ ਰਿਲੇਟਿਡ ਮਸਲੇ ਬਹੁਤ ਇੰਪਾਰਟੈਂਟ ਹਨ। ਅੱਜ ਡੰਗਰ ਸਾਰਾ ਦਿਨ ਗਲੀਆਂ ਵਿੱਚ ਘੁੰਮਦੇ ਰਹਿੰਦੇ ਹਨ ਤੇ ਗੰਦ ਪਾਉਂਦੇ ਰਹਿੰਦੇ ਹਨ, ਉਨ੍ਹਾਂ ਨੂੰ ਕੋਈ ਦੇਖਣ ਵਾਲਾ ਨਹੀਂ, ਕੋਈ ਸਾਂਭਣ ਵਾਲਾ ਨਹੀਂ, ਇਹ ਬੜੀ ਇੰਪਾਰਟੈਂਟ ਗੱਲ ਹੈ ਪਰ ਮੈਂ ਇਨ੍ਹਾਂ ਨੂੰ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇ ਤੁਸੀਂ ਕਹਿੰਦੇ ਹੋ ਕਿ ਇਹ ਬੜਾ ਪਵਿੱਤਰ ਸਦਨ ਹੈ ਤੇ ਲੋਕਾਂ ਦੇ ਮਸਲੇ ਬੜੀ ਸੰਜੀਦਗੀ ਨਾਲ ਹੱਲ ਕਰਨੇ ਚਾਹੀਦੇ ਹਨ ਤਾਂ ਇਸ ਮਸਲੇ ਵਾਸਤੇ ਕੋਈ ਟਾਈਮ ਲਿਮਟ ਰੱਖ ਦਿਓ, ਇੱਕੋ ਮਸਲੇ ਨੂੰ

[ਸਰਦਾਰ ਚਰਨਜੀਤ ਸਿੰਘ ਚੰਨੀ]

ਢਾਈ-ਤਿੰਨ ਘੰਟੇ ਕੁੱਟੀ ਜਾਣਾ, ਕੋਈ ਫ਼ਾਇਦੇ ਦੀ ਗੱਲ ਹੈ? ਇਸ ਤੋਂ ਬਾਅਦ ਇੰਡਸਟਰੀ ਦਾ ਮਸਲਾ ਆ ਰਿਹਾ ਹੈ, ਕਿੰਨਾ ਇੰਪਾਰਟੈਂਟ ਹੈ।

ਸਿੱਖਿਆ ਮੰਤਰੀ (ਡਾਕਟਰ ਦਲਜੀਤ ਸਿੰਘ ਚੀਮਾ) : ਚੇਅਰਮੈਨ ਸਾਹਿਬ, ਇਸ ਤੋਂ ਬਾਅਦ ਕੁੱਤਿਆਂ ਬਾਰੇ ਮਤਾ ਹੈ। ਇਹ ਵੀ ਇੰਪਾਰਟੈਂਟ ਹੈ। ਇਸ ਕਰਕੇ ਇਨ੍ਹਾਂ ਦੀ ਜੇ ਸਬਜੈਕਟ ਤੇ ਤਿਆਰੀ ਹੈ ਤਾਂ ਠੀਕ ਹੈ। ਨਹੀਂ ਤਾਂ ਇਹ ਸਮਾਂ ਵੇਸਟ ਨਾ ਕਰਨ।

ਸਰਦਾਰ ਚਰਨਜੀਤ ਸਿੰਘ ਚੰਨੀ : ਚੇਅਰਮੈਨ ਸਾਹਿਬ, ਕੀ ਮੈਂ ਸਬਜੈਕਟ ਤੇ ਨਹੀਂ ਬੋਲ ਰਿਹਾ? ਪਹਿਲੀ ਗੱਲ ਤਾਂ ਇਹ ਹੈ ਕਿ ਚੀਮਾ ਸਾਹਿਬ ਮੰਤਰੀ ਹਨ।

ਸ਼੍ਰੀ ਸਭਾਪਤੀ : ਚਲੋ, ਆਪਾਂ ਕਿਸ ਵਾਸਤੇ ਜਵਾਬ ਦੇਣਾ ਹੈ। ਤੁਸੀਂ ਆਪਣੇ ਸਬਜੈਕਟ ਤੇ ਗੱਲ ਕਰੋ।

ਸਰਦਾਰ ਚਰਨਜੀਤ ਸਿੰਘ ਚੰਨੀ : ਚੇਅਰਮੈਨ ਸਾਹਿਬ, ਪਿਛਲੀ ਵਾਰ ਕੀ ਹੋਇਆ ਸੀ। ਐਮ.ਐਲ.ਏਜ਼, ਜੋ ਲੋਕਾਂ ਦੇ ਨੁਮਾਇੰਦੇ ਹਨ, ਉਨ੍ਹਾਂ ਦੇ ਕੀ ਅਧਿਕਾਰ ਹੋਣੇ ਚਾਹੀਦੇ ਹਨ, ਐਮ.ਐਲ.ਏਜ਼ ਨੂੰ ਕਿਹੜੀਆਂ ਗਰਾਂਟਸ ਮਿਲਣੀਆਂ ਚਾਹੀਦੀਆਂ ਹਨ, ਬਾਰੇ ਗੱਲ ਕਰਨ ਲਈ ਮਤਾ ਆਇਆ ਸੀ, ਮੈਂ ਹੋਰਨਾਂ ਦੀ ਗੱਲ ਨਹੀਂ ਕਰਦਾ, ਇਨ੍ਹਾਂ ਦੀ ਹੀ ਗੱਲ ਕਰਦਾ ਹਾਂ, ਉਸ ਤੋਂ ਪਹਿਲਾਂ ਚੀਮਾ ਸਾਹਿਬ ਇੱਕ ਘੰਟਾ ਬੋਲੀ ਗਏ ਤਾਂ ਕਿ ਉਹ ਮਤਾ ਆ ਨਾ ਜਾਵੇ। ਇਨ੍ਹਾਂ ਦੀ ਕੋਸ਼ਿਸ਼ ਸੀ ਕਿ ਮੈਂ ਉਸ ਦੂਸਰੇ ਮਤੇ ਤੇ ਹੀ ਟਾਕ ਆਊਟ ਕਰਵਾ ਦਿਆਂ।

ਸ਼੍ਰੀ ਸਭਾਪਤੀ : ਚਲੋ ਤੁਸੀਂ ਤਾਂ ਟਾਈਮ ਨਾ ਖਰਾਬ ਕਰੋ। ਤੁਸੀਂ ਮਤੇ ਤੇ ਬੋਲੋ।

ਸਰਦਾਰ ਚਰਨਜੀਤ ਸਿੰਘ ਚੰਨੀ : ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਅਤੇ ਲੋਕਾਂ ਦੇ ਨੁਮਾਇੰਦੇ ਇਸ ਗੱਲ ਨੂੰ ਸੰਜੀਦਗੀ ਨਾਲ ਸੋਚਣ। ਇਸ ਮਤੇ ਦੀ ਟਾਈਮ ਲਿਮਟ ਫਿਕਸ ਕਰਨ ਤਾਂ ਕਿ ਇੰਡਸਟਰੀਜ਼ ਅਤੇ ਨਸ਼ਿਆਂ ਸਬੰਧੀ ਮਤੇ ਅੱਜ ਹੀ ਚੁੱਕੇ ਜਾ ਸਕਣ। ਮੈਂ ਇਸ ਮੁੱਦੇ ਤੇ ਜ਼ਿਆਦਾ ਸਮਾਂ ਨਹੀਂ ਲੈਣਾ ਚਾਹੁੰਦਾ। ਮੈਂ ਸਿਰਫ਼ ਇੰਨਾ ਹੀ ਕਹਾਂਗਾ ਕਿ ਅਵਾਰਾ ਪਸ਼ੂਆਂ ਦੇ ਨਾਲ ਨਾਲ ਜੰਗਲੀ ਜਾਨਵਰਾਂ ਦਾ ਮਸਲਾ ਵੀ ਹੱਲ ਹੋਣਾ ਚਾਹੀਦਾ ਹੈ। ਲੋਕਾਂ ਦੀਆਂ ਜ਼ਮੀਨਾਂ ਦਾ ਉਜਾੜਾ ਜੰਗਲੀ ਪਸ਼ੂ ਕਰਦੇ ਹਨ। ਨਾਲ

ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਅਗਲਾ ਮਤਾ ਕੁੱਤਿਆਂ ਸੰਬੰਧੀ ਆ ਰਿਹਾ ਹੈ, ਕੁੱਤਿਆਂ ਦੀ ਵੱਧ ਰਹੀ ਗਿਣਤੀ ਤੇ ਵੀ ਸਰਕਾਰ ਰੋਕ ਲਗਾਵੇ। ਉਸ ਮਤੇ ਨੂੰ ਵੀ ਅਵਾਰਾ ਪਸ਼ੂਆਂ ਵਾਲੇ ਮਤੇ ਨਾਲ ਹੀ ਸਮੇਟ ਦਿੱਤਾ ਜਾਵੇ। ਤੁਹਾਡਾ ਬਹੁਤ ਧੰਨਵਾਦ।

ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ (ਸਰਦਾਰ ਵਿਰਸਾ ਸਿੰਘ ਵਲਟੋਹਾ) : ਚੇਅਰਮੈਨ ਸਾਹਿਬ, ਜਿਸ ਤਰ੍ਹਾਂ ਕਾਲੀਆ ਜੀ ਨੇ ਜ਼ਿਕਰ ਕੀਤਾ ਹੈ, ਪਹਿਲੇ ਸਮਿਆਂ ਵਿੱਚ ਪਸ਼ੂ ਨੂੰ ਪਸ਼ੂ ਧਨ ਦੇ ਤੌਰ ਤੇ ਲਿਆ ਜਾਂਦਾ ਸੀ। ਅੱਜ ਸਰਕਾਰੀ ਕਾਗਜ਼ਾਂ ਵਿੱਚ ਦੇਖੀਏ, ਉਸ ਵਿੱਚ ਪਸ਼ੂਆਂ ਨੂੰ ਪਸ਼ੂ ਧਨ ਦੇ ਤੌਰ ਤੇ ਹੀ ਲਿਆ ਜਾ ਰਿਹਾ ਹੈ ਪਰ ਜਿਹੜੇ ਅਵਾਰਾ ਪਸ਼ੂ ਹਨ, ਉਹ ਅੱਜ ਪੰਜਾਬ ਵਿੱਚ ਬਹੁਤ ਵੱਡੀ ਸਮੱਸਿਆ ਬਣ ਚੁੱਕੇ ਹਨ। ਉਸ ਸਮੱਸਿਆ ਤੋਂ ਨਿਜਾਤ ਪਾਉਣ ਵਾਸਤੇ ਇਸ ਹਾਊਸ ਤੋਂ ਬਾਹਰ ਹੋਰ ਕਿਤੇ ਵੱਡੀ ਚਰਚਾ ਨਹੀਂ ਹੋ ਸਕਦੀ। ਜਿਸ ਵਾਸਤੇ ਮੈਂਬਰ ਸਾਹਿਬਾਨ ਆਪੋ-ਆਪਣੇ ਤੌਰ ਤੇ ਠੋਸ ਸੁਝਾਅ ਦੇ ਰਹੇ ਹਨ ਤੇ ਵਿਚਾਰ ਵਟਾਂਦਰਾ ਕਰ ਰਹੇ ਹਨ। ਸਰਦਾਰ ਮਹੇਸ਼ਇੰਦਰ ਸਿੰਘ ਜੀ ਨੇ ਬਹੁਤ ਹੀ ਅਹਿਮ ਮਸਲਾ ਮਤੇ ਦੇ ਰੂਪ ਵਿੱਚ ਲਿਆਂਦਾ ਹੈ। ਮੇਰਾ ਖਿਆਲ ਹੈ ਕਿ ਕਈ ਗੱਲਾਂ ਇਹੋ ਜਿਹੀਆਂ ਵੀ ਸਾਹਮਣੇ ਆਈਆਂ ਹਨ ਜਿਨ੍ਹਾਂ ਬਾਰੇ ਮੇਰੇ ਵਰਗੇ ਵੀ ਨਹੀਂ ਜਾਣਦੇ ਸਨ ਪਰ ਨਾਲ ਹੀ ਜਿਹੜੇ ਪ੍ਰਾਈਵੇਟ ਮਤੇ ਹਨ, ਉਨ੍ਹਾਂ ਬਾਰੇ ਕਿੰਨੀ ਕੁ ਗੈਰ ਸੰਜੀਦਗੀ ਹੈ, ਇਹ ਵੀ ਹਾਊਸ ਵਿੱਚ ਸਾਹਮਣੇ ਆ ਰਹੀ ਹੈ। ਮੈਂ ਤੇ ਸੇਖੋਂ ਸਾਹਿਬ ਗਿਣਤੀ ਕਰ ਰਹੇ ਸੀ, ਹਾਊਸ ਵਿੱਚ ਸ਼ਾਇਦ 15 ਜਾਂ 16 ਹੀ ਰਹਿ ਗਏ ਸਨ, ਇਹ ਸਾਡੀ ਗੈਰ ਸੰਜੀਦਗੀ ਵੀ ਹੈ।

(**ਕੁਝ ਅਵਾਜ਼ਾਂ :** ਦੋਨੋਂ ਪਾਸੇ ਤੋਂ ਹੀ ਨਹੀਂ ਸਨ।)

ਮੈਂ ਦੋਨੋਂ ਪਾਸੇ ਦੀ ਗੱਲ ਹੀ ਕਰ ਰਿਹਾ ਹਾਂ। ਇੱਧਰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਤਾਂ ਦੋ ਹੀ ਰਹਿ ਗਏ ਸਨ ਪਰ ਮੈਂ ਇਸ ਪਾਸੇ ਨਹੀਂ ਜਾਣਾ ਚਾਹੁੰਦਾ। ਚੇਅਰਮੈਨ ਸਾਹਿਬ, ਮੈਂ ਇਸ ਪਾਸੇ ਆਉਣਾ ਚਾਹੁੰਦਾ ਹਾਂ ਕਿ ਪਸ਼ੂ, ਜਿਸ ਨੂੰ ਕਹਿੰਦੇ ਹਨ ਕਿ ਮੱਤ ਨਹੀਂ ਹੈ ਤੇ ਮੱਤ, ਗਿਆਨ, ਸੋਝੀ ਜੋ ਹੈ, ਉਹ ਕੇਵਲ ਮਨੁੱਖ ਨੂੰ ਹੀ ਹੈ। ਇੱਥੇ ਨੰਦ ਲਾਲ ਜੀ ਬੋਲ ਕੇ ਗਏ ਹਨ, ਹੋਰ ਵੀ ਸੱਜਣਾਂ ਨੇ ਦੱਸਿਆ ਹੈ ਕਿ ਪਸ਼ੂ ਆਪਣੇ ਗੁਜ਼ਾਰੇ ਲਈ ਝੁੰਡ ਦੇ ਰੂਪ ਵਿੱਚ ਇਕੱਠੇ

ਹੋ ਕੇ ਆਉਂਦੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਅਸੀਂ ਕਿਸ ਜ਼ਮੀਨ ਤੇ ਧਾਵਾ ਬੋਲਣਾ ਹੈ, ਕਿਸ ਰੂਪ ਵਿੱਚ ਬੋਲਣਾ ਹੈ ਔਰ ਇੱਥੋਂ ਤੱਕ ਪਲਾਨਿੰਗ ਨਾਲ ਆਉਂਦੇ ਹਨ ਕਿ ਜਿਹੜੇ ਉਨ੍ਹਾਂ ਵਿੱਚੋਂ ਤਾਕਤਵਰ ਪਸ਼ੂ ਹੁੰਦੇ ਹਨ, ਜਿਨ੍ਹਾਂ ਨੂੰ ਸਾਨ੍ਹ ਕਿਹਾ ਜਾਂਦਾ ਹੈ, ਉਹ ਅੱਗੇ ਆ ਕੇ ਪਹਿਲਾਂ ਜਾਲੀਆਂ ਪੁੱਟਦੇ ਹਨ। ਜਿਨ੍ਹਾਂ ਨੂੰ ਕਹਿੰਦੇ ਸੋਝੀ ਨਹੀਂ, ਉਹ ਤਾਂ ਇਕੱਠੇ ਹਨ ਤੇ ਮੇਰਾ ਖਿਆਲ ਹੈ ਆਪਾਂ ਇਕੱਠੇ ਨਹੀਂ। ਮੈਂ ਉਸ ਪਾਸੇ ਵੀ ਨਹੀਂ ਜਾਂਦਾ।

ਮੈਂ ਗੱਲ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਅਵਾਰਾ ਪਸ਼ੂਆਂ ਤੋਂ ਦੋ ਤਰ੍ਹਾਂ ਦੀ ਸਮੱਸਿਆ ਆਉਂਦੀ ਹੈ। ਜ਼ਿਆਦਾ ਜ਼ਿਕਰ ਇਥੇ ਹੋਇਆ ਹੈ ਕਿ ਅਵਾਰਾ ਪਸ਼ੂ ਕਿਸਾਨੀ ਵਾਸਤੇ ਬਹੁਤ ਵੱਡੀ ਸਮੱਸਿਆ ਹਨ। ਫ਼ਸਲਾਂ ਦਾ ਉਜਾੜਾ ਕਰਦੇ ਹਨ। ਕਿਸਾਨ ਆਪਣੀ ਫ਼ਸਲ ਨੂੰ ਪੁੱਤਰਾਂ ਵਾਂਗ ਪਾਲਦਾ ਹੈ, ਆਪਣੇ ਪਰਿਵਾਰ ਦੇ ਜੀਆਂ ਵਾਂਗ ਪਾਲਦਾ ਹੈ। ਜਦੋਂ ਅਵਾਰਾ ਪਸ਼ੂ ਵੱਡੇ ਵੱਡੇ ਝੁੰਡਾਂ ਵਿੱਚ ਆ ਕੇ ਨੁਕਸਾਨ ਕਰ ਜਾਂਦੇ ਹਨ, ਉਹ ਕਿਸਾਨ ਜਾਣਦਾ ਹੈ ਜਾਂ ਉਸ ਦਾ ਪਰਿਵਾਰ ਜਾਣਦਾ ਹੈ। ਇਸ ਦੇ ਬਾਰੇ ਵੱਖ ਵੱਖ ਸੁਝਾਅ ਵੀ ਆਏ ਹਨ ਪਰ ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਇਥੇ ਗੱਲ ਚੱਲੀ ਹੈ ਕਿ ਇਸ ਵਾਸਤੇ ਦੇਸ਼ ਪੱਧਰ ਤੇ ਨੀਤੀ ਬਣਨੀ ਚਾਹੀਦੀ ਹੈ। ਪੰਜਾਬ ਵਿੱਚ, ਚਾਹੇ ਗਊ ਹੋਵੇ ਜਾਂ ਕਿਸੇ ਵੀ ਤਰ੍ਹਾਂ ਦਾ ਪਸ਼ੂ ਹੋਵੇ, ਮੇਰਾ ਖਿਆਲ ਹੈ ਕਿ ਉਸ ਨੂੰ ਸਾਂਭਣਾ ਜਿਥੇ ਅਸੀਂ ਆਪਣਾ ਜਾਤੀ ਫਰਜ਼ ਸਮਝਦੇ ਹਾਂ, ਉਥੇ ਧਾਰਮਿਕ ਫਰਜ਼ ਵੀ ਸਮਝਦੇ ਹਾਂ ਪਰ ਅੱਜ ਸਾਡੀ ਸੋਚ ਬਦਲ ਗਈ ਹੈ। ਅੱਜ ਤਾਂ ਇਹ ਹਾਲ ਹੈ ਕਿ ਜਦੋਂ ਸਾਡਾ ਬਜ਼ੁਰਗ ਕੰਮ ਦਾ ਨਹੀਂ ਰਹਿ ਜਾਂਦਾ ਤਾਂ ਅਸੀਂ ਉਸ ਨੂੰ ਬਾਹਰ ਡਿਓਢੀ ਵਿੱਚ ਕਰ ਦਿੰਦੇ ਹਾਂ। ਅੱਜ ਪੰਜਾਬ ਦੇ ਹੀ ਨਹੀਂ, ਮੇਰਾ ਖਿਆਲ ਹੈ ਹਿੰਦੁਸਤਾਨ ਦੇ ਅਤੇ ਸਾਰੀ ਦੁਨੀਆ ਦੇ ਹੀ ਹਾਲਾਤ ਇਸ ਤਰ੍ਹਾਂ ਦੇ ਬਣ ਗਏ ਹਨ। ਇਹ ਸਾਨੂੰ ਸਮਝਾਇਆ ਜਾਂਦਾ ਹੈ, ਸਿਖਾਇਆ ਜਾਂਦਾ ਹੈ, ਪੜ੍ਹਾਇਆ ਜਾਂਦਾ ਹੈ ਕਿ ਬਜ਼ੁਰਗਾਂ ਦੀ ਪੂਜਾ ਕਰਨੀ ਹੈ, ਜਿਨ੍ਹਾਂ ਦੀ ਬਦੌਲਤ ਅਸੀਂ ਹਾਂ ਪਰੰਤੂ ਅਸੀਂ ਉਨ੍ਹਾਂ ਬਜ਼ੁਰਗਾਂ ਤੋਂ ਪਾਸਾ ਵੱਟ ਲੈਂਦੇ ਹਾਂ। ਪਸ਼ੂ ਤਾਂ ਫਿਰ ਪਸ਼ੂ ਹੀ ਹਨ। ਉਨ੍ਹਾਂ ਨੂੰ ਵਰਤ ਕੇ, ਉਨ੍ਹਾਂ ਦਾ ਦੁੱਧ ਲੈ ਕੇ ਛੱਡ ਦਿੱਤਾ ਜਾਂਦਾ ਹੈ।

ਭਾਵੇਂ ਅੱਜ ਕੱਲ੍ਹ ਵਾਹੀ ਪਸ਼ੂਆਂ ਨਾਲ ਨਹੀਂ ਕੀਤੀ ਜਾਂਦੀ। ਬਹੁਤ ਘੱਟ ਕਿਤੇ ਪਸ਼ੂਆਂ ਦੀ ਵਰਤੋਂ ਵਾਹੀ ਵਿੱਚ ਹੁੰਦੀ ਹੋਵੇਗੀ। ਕੋਈ ਸਮਾਂ ਹੁੰਦਾ ਸੀ ਕਿ ਮੱਝ ਕੱਟੀ ਦੇਵੇ ਅਤੇ ਗਾਂ ਵੱਛਾ ਦੇਵੇ ਤਾਂ ਘਰ ਦੇ ਵਿੱਚ ਬਹੁਤ ਵੱਡੀ ਖੁਸ਼ੀ ਮਨਾਈ ਜਾਂਦੀ ਸੀ। ਹੁਣ ਅਜਿਹਾ ਨਹੀਂ ਹੈ। ਅੱਜ ਚਾਹੇ ਆਮ ਕਿਸਾਨ ਹੈ ਜਾਂ ਕੋਈ

ਪਸ਼ੂ ਸਾਂਭਣ ਵਾਲਾ ਵਿਅਕਤੀ, ਚਾਹੇ ਉਹ ਡੇਅਰੀ ਮਾਲਕ ਹੈ ਜਾਂ ਕੋਈ ਹੋਰ ਫਾਰਮ ਚਲਾਉਣ ਵਾਲਾ ਹੈ, ਜਦੋਂ ਪਸ਼ੂ ਦੁੱਧ ਦੇਣੋਂ ਹਟ ਜਾਂਦੇ ਹਨ ਤਾਂ ਉਹ ਉਨ੍ਹਾਂ ਨੂੰ ਅਵਾਰਾ ਛੱਡ ਦਿੰਦੇ ਹਨ। ਇਸ ਵਾਸਤੇ ਵੱਖ ਵੱਖ ਸੁਝਾਅ ਵੀ ਆਏ ਹਨ। ਸਾਡੇ ਵੀਰ ਰਣਜੀਤ ਸਿੰਘ ਜੀ ਨੇ ਟੈਗ ਲਗਾਉਣ ਦੀ ਗੱਲ ਵੀ ਕੀਤੀ ਹੈ। ਹੁਣ ਜਿਸ ਨੇ ਪਸ਼ੂ ਅਵਾਰਾ ਹੀ ਛੱਡਣਾ ਹੈ, ਉਹ ਟੈਗ ਵੀ ਲਾਹ ਦੇਵੇਗਾ। ਟੈਗ ਕਿਹੜਾ ਕੋਈ ਪੱਕਾ ਠੱਪਾ ਲੱਗ ਗਿਆ ਹੈ।

ਟੈਗ ਤੋਂ ਮੈਨੂੰ ਗੱਲ ਯਾਦ ਆ ਗਈ। ਸੰਨ 2002 ਦੀ ਇਲੈਕਸ਼ਨ ਤੋਂ ਪਹਿਲਾਂ ਬਾਰਡਰ ਤੇ ਜੰਗ ਦਾ ਮਾਹੌਲ ਬਣ ਗਿਆ ਸੀ। ਉਨ੍ਹਾਂ ਵਿਚਾਰਿਆਂ ਨੂੰ ਸਾਡੀਆਂ ਰਾਜਨੀਤਿਕ ਪਾਰਟੀਆਂ ਵੱਲੋਂ ਲਾਰੇ ਲਗਾਏ ਗਏ ਕਿ ਤੁਹਾਨੂੰ ਮੁਆਵਜ਼ਾ ਦਿੱਤਾ ਜਾਣਾ ਹੈ। ਪ੍ਰਤੀ ਜੀਅ ਵੀ ਦੇਣਾ ਹੈ ਅਤੇ ਪਸ਼ੂਆਂ ਦਾ ਵੀ ਦੇਣਾ ਹੈ। ਜੀਆਂ ਦੀ ਗਿਣਤੀ ਤਾਂ ਰਾਸ਼ਨ ਕਾਰਡਾਂ ਤੋਂ ਹੋ ਜਾਂਦੀ ਹੈ, ਜਿਹੜਾ ਸਰਕਾਰ ਦਾ ਸਿਸਟਮ ਬਣਿਆ ਹੋਇਆ ਹੈ। ਸਰਕਾਰ ਨੇ ਸਮਝਿਆ ਕਿ ਕਿਤੇ ਰਿਸ਼ਤੇਦਾਰਾਂ ਦੇ ਪਸ਼ੂ ਨਾ ਲੈ ਆਉਣ, ਇਸ ਵਾਸਤੇ ਸੰਨ 2002 ਵਿੱਚ ਜਦੋਂ ਸਰਕਾਰ ਬਣੀ ਤਾਂ ਦਬਾਦਬ ਪਸ਼ੂਆਂ ਦੀ ਗਿਣਤੀ ਕਰਕੇ ਉਨ੍ਹਾਂ ਤੇ ਟੈਗ ਲਗਾ ਦਿੱਤੇ। ਉਸ ਪਾਸੇ ਮੈਂ ਜਾਣਾ ਨਹੀਂ ਚਾਹੁੰਦਾ। ਉਹ ਟੈਗ ਹੀ ਲੱਗੇ ਰਹਿ ਗਏ, ਕੋਈ ਮੁਆਵਜ਼ਾ ਨਹੀਂ ਮਿਲਿਆ। ਸੋ, ਟੈਗ ਨਾਲ ਕਈ ਵਾਰ ਇਸ ਤਰ੍ਹਾਂ ਦੀ ਗੱਲ ਵੀ ਹੁੰਦੀ ਹੈ।

ਜਿਥੇ ਇਹ ਅਵਾਰਾ ਪਸ਼ੂ ਫ਼ਸਲਾਂ ਦਾ ਨੁਕਸਾਨ ਕਰਦੇ ਹਨ, ਉਥੇ ਸਭ ਤੋਂ ਵੱਡਾ ਨੁਕਸਾਨ ਬੇਸ਼ਕੀਮਤੀ ਜਾਨਾਂ ਦਾ ਹੁੰਦਾ ਹੈ। ਘਰਾਂ ਦੇ ਘਰ ਜਿਹੜੇ ਤਬਾਹ ਹੁੰਦੇ ਹਨ, ਉਹ ਅਵਾਰਾ ਪਸ਼ੂਆਂ ਨੇ ਕੀਤੇ ਹਨ। ਆਪਾਂ ਅਖ਼ਬਾਰਾਂ ਵਿੱਚ ਪੜ੍ਹਦੇ ਹਾਂ ਕਿ ਬਹੁਤ ਸਾਰੇ ਐਕਸੀਡੈਂਟਾਂ ਦਾ ਜ਼ਿਆਦਾਤਰ ਕਾਰਨ ਅਵਾਰਾ ਪਸ਼ੂਆਂ ਦੇ ਸੜਕਾਂ ਤੇ ਆ ਜਾਣ ਕਰਕੇ ਅਤੇ ਵਹੀਕਲ ਸਪੀਡ ਵਿੱਚ ਹੋਣ ਕਰਕੇ, ਡਰਾਈਵਰਾਂ ਤੋਂ ਸੰਭਾਲੇ ਨਾ ਜਾਣ ਕਰਕੇ ਅਤੇ ਖਾਸ ਕਰਕੇ ਰਾਤ ਨੂੰ ਹੋਏ ਹੁੰਦੇ ਹਨ। ਕਈ ਵਾਰ ਦਿਨ ਵਿੱਚ ਵੀ ਡੰਗਰ ਅਚਾਨਕ ਸੜਕ ਤੇ ਆ ਜਾਂਦਾ ਹੈ ਅਤੇ ਬੜੀਆਂ ਕੀਮਤੀ ਜਾਨਾਂ ਇਨ੍ਹਾਂ ਅਵਾਰਾ ਪਸ਼ੂਆਂ ਕਾਰਨ ਐਕਸੀਡੈਂਟਾਂ ਦਾ ਸ਼ਿਕਾਰ ਹੋ ਜਾਂਦੀਆਂ ਹਨ।

ਸੋ, ਚੇਅਰਮੈਨ ਸਾਹਿਬ, ਇਸ ਬਾਰੇ ਦੇਸ਼ ਪੱਧਰ ਤੇ ਨੀਤੀ ਬਣਾਉਣ ਦੀ ਲੋੜ ਹੈ। ਸਾਡੇ ਹਿੰਦੁਸਤਾਨ ਵਿਚ ਸਾਡੇ ਵੱਡਿਆਂ ਵਲੋਂ, ਸਾਡੇ ਗੁਰੂ ਸਾਹਿਬਾਨ

ਵੱਲੋਂ, ਧਾਰਮਿਕ ਸ਼ਖਸੀਅਤਾਂ ਵਲੋਂ ਜਿਥੇ ਬਾਕੀ ਸਿੱਖਿਆ ਦਿੱਤੀ ਗਈ ਹੈ, ਉਥੇ ਸਭ ਤੋਂ ਪਹਿਲਾਂ ਇਹ ਸਿੱਖਿਆ ਦਿੱਤੀ ਗਈ ਹੈ ਕਿ ਗਊ, ਗਰੀਬ ਦੀ ਰੱਖਿਆ ਕਰਨੀ ਹੈ। ਗਊ ਗਰੀਬ ਦੀ ਰੱਖਿਆ ਅੱਜ ਕੱਲ੍ਹ ਕਿੰਨੀ ਕੁ ਹੋ ਰਹੀ ਹੈ ਔਰ ਉਸ ਉਤੇ ਆਪਾਂ ਕਿੰਨਾ ਕੁ ਪਹਿਰਾ ਦੇ ਰਹੇ ਹਾਂ, ਆਪਾਂ ਸਾਰੇ ਹੀ ਜਾਣਦੇ ਹਾਂ। ਜਿਹੜੀਆਂ ਗਊਸ਼ਾਲਾਵਾਂ ਇਨ੍ਹਾਂ ਅਵਾਰਾ ਪਸ਼ੂਆਂ ਨੂੰ ਸਾਂਭਣ ਵਾਸਤੇ ਬਣੀਆਂ ਹੋਈਆਂ ਹਨ ਉਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਹੈ। ਪੰਜਾਬ ਸਰਕਾਰ ਵਲੋਂ ਵੀ ਖਾਸ ਤੌਰ ਤੇ ਇਸ ਪਾਸੇ ਉਚੇਚੇ ਯਤਨ ਕੀਤੇ ਜਾ ਰਹੇ ਹਨ ਕਿਉਂਕਿ ਇਹ ਸਾਡਾ ਪਸ਼ੂ ਧਨ ਹਨ। ਖਾਸ ਕਰਕੇ ਗਊਆਂ ਜਾਂ ਹੋਰ ਵੀ ਜਿਹੜੇ ਅਵਾਰਾ ਪਸ਼ੂ ਹਨ, ਉਨ੍ਹਾਂ ਦੀ ਸਾਂਭ-ਸੰਭਾਲ ਵਾਸਤੇ ਗਊਸ਼ਾਲਾਵਾਂ ਬਣਾਈਆਂ ਜਾਣ, ਉਨ੍ਹਾਂ ਨੂੰ ਸੰਭਾਲਿਆ ਜਾਵੇ।

ਮੇਰਾ ਖਿਆਲ ਹੈ ਕਿ ਬਹੁਤ ਸਾਰੇ ਸੱਜਣ, ਜਿਨ੍ਹਾਂ ਕੋਲ ਡਿਸਕ੍ਰੀਸ਼ਨਰੀ ਗਰਾਂਟਾਂ ਹਨ, ਉਨ੍ਹਾਂ ਨੇ ਗਊਸ਼ਾਲਾਵਾਂ ਚਲਾਉਣ ਵਾਲੇ ਪ੍ਰਬੰਧਕਾਂ ਦੀ ਹੱਲਾਸ਼ੇਰੀ ਵਾਸਤੇ, ਉਨ੍ਹਾਂ ਨੂੰ ਉਤਸ਼ਾਹਤ ਕਰਨ ਵਾਸਤੇ ਆਪਣੀਆਂ ਗ੍ਰਾਂਟਾਂ ਦੀ ਵਰਤੋਂ ਕੀਤੀ ਹੈ। ਮੇਰੇ ਇਲਾਕੇ ਵਿਚ ਵੀ ਤਿੰਨ ਗਊਸ਼ਾਲਾਵਾਂ ਚਲਦੀਆਂ ਹਨ, ਉਨ੍ਹਾਂ ਨੂੰ ਉਤਸ਼ਾਹਤ ਕਰਨ ਵਾਸਤੇ ਜਿਥੇ ਕਮੇਟੀਆਂ ਕੰਮ ਕਰਦੀਆਂ ਹਨ, ਉਸ ਵਿਚ ਅਸੀਂ ਵੀ ਆਪਣਾ ਯੋਗਦਾਨ ਪਾਉਂਦੇ ਹਾਂ। ਚੇਅਰਮੈਨ ਸਾਹਿਬ, ਆਪਾਂ ਪੰਜਾਬ ਦੀ ਜਾਂ ਸਮੁੱਚੇ ਹਿੰਦੁਸਤਾਨ ਦੀ ਤਾਂ ਗੱਲ ਕਰੀ ਜਾਂਦੇ ਹਾਂ ਪਰੰਤੂ ਤਾਰਾਂ ਤੋਂ ਪਾਰ ਦੀ ਜਿਹੜੀ ਵੀਹ ਹਜ਼ਾਰ ਏਕੜ ਦੀ ਖੇਤੀ ਹੈ, ਉਥੇ ਜਿਹੜੇ ਸੂਰ ਹਨ ਉਹ ਫ਼ਸਲ ਦਾ ਇੰਨਾ ਉਜਾੜਾ ਕਰਦੇ ਹਨ, ਉਨ੍ਹਾਂ ਦਾ ਕੀ ਕਰੋਗੇ ਕਿਉਂਕਿ ਜਿਸ ਤਰ੍ਹਾਂ ਆਪਣੇ ਇੱਧਰ ਗਊ ਨੂੰ ਕੁਝ ਨਹੀਂ ਕਰ ਸਕਦੇ, ਉੱਧਰ ਪਾਕਿਸਤਾਨ ਵਿਚ ਸੂਰਾਂ ਦਾ ਕੋਈ ਕੁਝ ਨਹੀਂ ਕਰ ਸਕਦਾ। ਰਾਤ ਨੂੰ ਤਾਰਾਂ ਤੋਂ ਅਗਾਂਹ ਕੋਈ ਬੰਦਾ ਜਾ ਨਹੀਂ ਸਕਦਾ ਤੇ ਸੂਰ ਉਜਾੜਾ ਕਰਕੇ ਚਲੇ ਜਾਂਦੇ ਹਨ। ਉਸ ਵਾਸਤੇ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਬਦੌਲਤ..

ਸਰਦਾਰ ਬਲਬੀਰ ਸਿੰਘ ਸਿੱਧੂ : ਚੇਅਰਮੈਨ ਸਾਹਿਬ, ਆਪਾਂ ਬਹੁਤ ਲੰਮੀ ਚੌੜੀ ਬਹਿਸ ਇਸ ਮੁੱਦੇ ਉਤੇ ਕਰ ਲਈ ਹੈ। ਤਾਰਾਂ ਤੋਂ ਪਾਰ ਦੀ ਗੱਲ ਵੀ ਕਰ ਲਈ, ਹੋਰ ਵੀ ਕਈ ਗੱਲਾਂ ਕਰ ਲਈਆਂ ਹਨ, ਤੁਸੀਂ ਇਸ ਡਿਸਕਸ਼ਨ ਨੂੰ ਟਾਈਮ ਬਾਊਂਡ ਕਰੋ ਜਾਂ ਦੋ ਘੰਟਿਆਂ ਵਾਸਤੇ ਹਾਊਸ ਐਕਸਟੈਂਡ ਕਰੋ। ਜਿਹੜੇ ਜ਼ਰੂਰੀ ਮੁੱਦੇ ਹਨ ਉਨ੍ਹਾਂ ਬਾਰੇ ਆਪਾਂ ਗੱਲ ਕਰੀਏ, ਆਪਾਂ ਬੰਦਿਆਂ ਬਾਰੇ

ਵੀ ਗੱਲ ਕਰ ਲਈਏ। ਇਸ ਵਾਸਤੇ ਹਾਊਸ ਨੂੰ ਦੋ ਘੰਟੇ ਲਈ ਵਧਾ ਲਓ ਜਾਂ ਫ਼ਿਰ ਇਸ ਨੂੰ ਟਾਈਮ ਬਾਊਂਡ ਕਰ ਲਵੋ।

ਸ਼੍ਰੀ ਸਭਾਪਤੀ : ਸਿੱਧੂ ਸਾਹਿਬ, ਤੁਸੀਂ ਬੈਠੋ ਜੀ। ਵਲਟੋਹਾ ਸਾਹਿਬ, ਛੇਤੀ ਖ਼ਤਮ ਕਰੋ ਜੀ।

ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ : ਚੇਅਰਮੈਨ ਸਾਹਿਬ, ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਤਾਰਾਂ ਤੋਂ ਪਾਰ ਦੇ ਕਿਸਾਨਾਂ ਦੀਆਂ ਬਾਕੀ ਸਮੱਸਿਆਵਾਂ ਦੇ ਨਾਲ ਨਾਲ ਸੂਰਾਂ ਦੁਆਰਾ ਉਨ੍ਹਾਂ ਦੀਆਂ ਫ਼ਸਲਾਂ ਦਾ ਉਜਾੜਾ ਕੀਤੇ ਜਾਣ ਕਾਰਨ ਸਾਲ 1999 ਵਿਚ ਕੇਂਦਰ ਸਰਕਾਰ ਤੋਂ ਉਸ ਸਮੇਂ ਤਿੰਨ ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਸ਼ੁਰੂ ਕਰਵਾਇਆ ਸੀ। ਸਾਲ 2004 ਵਿਚ ਜਦੋਂ ਕੇਂਦਰ ਵਿੱਚ ਸਰਕਾਰ ਚੇਂਜ ਹੋ ਗਈ ਤਾਂ ਜਿਹੜਾ ਕਿਸਾਨਾਂ ਨੂੰ ਇਨ੍ਹਾਂ ਉਜਾੜਿਆਂ ਕਰਕੇ ਮੁਆਵਜ਼ਾ ਮਿਲਦਾ ਸੀ ਉਹ ਵੀ ਇਨ੍ਹਾਂ ਸੱਜਣਾਂ ਨੇ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਬੰਦ ਕਰ ਦਿੱਤਾ। ਉਸ ਵਾਸਤੇ ਅਸੀਂ ਬੜੀ ਜੱਦੋ ਜਹਿਦ ਕੀਤੀ ਪਰ ਇਹ ਦੁਬਾਰਾ ਨਹੀਂ ਮਿਲਿਆ ਪਰ ਪੰਜਾਬ ਸਰਕਾਰ ਨੇ ਪਿਛਲੇ ਸਾਲ ਤਿੰਨ ਹਜ਼ਾਰ ਰੁਪਿਆ ਪ੍ਰਤੀ ਏਕੜ ਆਪਣੇ ਖ਼ਜ਼ਾਨੇ ਵਿਚੋਂ ਦਿੱਤਾ ਹੈ ਤੇ ਹੁਣ ਫਿਰ ਕੇਂਦਰ ਸਰਕਾਰ ਨੇ ਤਕਰੀਬਨ 10,000 ਰੁਪਿਆ ਪ੍ਰਤੀ ਏਕੜ ਇਨ੍ਹਾਂ ਉਜਾੜਿਆਂ ਕਰਕੇ, ਜਿਵੇਂ ਸੂਰ ਆ ਕੇ ਉਜਾੜਾ ਕਰਦੇ ਹਨ ਜਾਂ ਖੇਤੀ ਘੱਟ ਹੁੰਦੀ ਹੈ ਜਾਂ ਕਿਸਾਨ ਤਾਰਾਂ ਤੋਂ ਪਾਰ ਨਹੀਂ ਜਾ ਸਕਦੇ, ਉਸ ਕਰਕੇ ਦੇਣਾ ਸ਼ੁਰੂ ਕੀਤਾ ਹੈ। ਮੈਂ ਤਾਂ ਇਹੀ ਕਹਾਂਗਾ ਕਿ ਲੋਕਾਂ ਨੂੰ ਇਸ ਪਾਸੇ ਸਿੱਖਿਅਤ ਕਰਨ ਦੀ ਲੋੜ ਹੈ, ਜ਼ਿੰਮੇਵਾਰੀ ਫਿਕਸ ਕਰਨ ਦੀ ਲੋੜ ਹੈ ਕਿ ਉਨ੍ਹਾਂ ਕੋਲ ਜਿਹੜਾ ਵੀ ਪਸ਼ੂ ਹੈ, ਚਾਹੇ ਜਮਾਂਦਰੂ ਉਨ੍ਹਾਂ ਕੋਲ ਹੈ ਜਾਂ ਮੁੱਲ ਖਰੀਦਿਆ ਹੈ, ਉਸ ਦੀ ਮੌਤ ਹੋਣ ਤੱਕ ਉਹ ਜ਼ਿੰਮੇਵਾਰ ਹਨ ਅਤੇ ਜੇਕਰ ਕੋਈ ਇਹੋ ਜਿਹੀ ਗੱਲ ਸਰਕਾਰ ਦੇ ਨੋਟਿਸ ਵਿੱਚ ਆਉਂਦੀ ਹੈ ਤਾਂ ਇਸ ਬਾਰੇ ਕੋਈ ਸਜ਼ਾ ਦਾ ਪ੍ਰਾਵਧਾਨ ਕਰਨਾ ਚਾਹੀਦਾ ਹੈ। ਮੇਰਾ ਖਿਆਲ ਹੈ ਕਿ ਜਦੋਂ ਅਸੀਂ ਕੋਈ ਇਹੋ ਜਿਹਾ ਕਦਮ ਚੁੱਕਾਂਗੇ ਤਾਂ ਇਸ ਨਾਲ ਵਾਕਿਆ ਹੀ ਰੋਕ ਜ਼ਰੂਰ ਪਵੇਗੀ।

ਚੇਅਰਮੈਨ ਸਾਹਿਬ, ਜਿੱਥੇ ਇਨ੍ਹਾਂ ਅਵਾਰਾ ਪਸ਼ੂਆਂ ਨਾਲ ਫ਼ਸਲਾਂ ਦਾ ਨੁਕਸਾਨ ਹੁੰਦਾ ਹੈ, ਐਕਸੀਡੈਂਟ ਹੁੰਦੇ ਹਨ, ਉਥੇ ਕਈ ਵਾਰ ਬਹੁਤ ਸਾਰੇ ਲੋਕ ਜ਼ਖ਼ਮੀ ਵੀ ਹੁੰਦੇ ਹਨ। ਜ਼ਖ਼ਮੀ ਦਾ ਇਲਾਜ ਕਰਵਾਉਂਦਿਆਂ ਕਰਵਾਉਂਦਿਆਂ

ਕਈ ਘਰ ਆਰਥਿਕ ਤੌਰ ਤੇ ਤਬਾਹ ਹੋ ਜਾਂਦੇ ਹਨ। ਅੰਤ ਵਿੱਚ ਨਾ ਜ਼ਖ਼ਮੀ ਬਚਦਾ ਹੈ ਅਤੇ ਆਰਥਿਕ ਤੌਰ ਤੇ ਵੀ ਉਨ੍ਹਾਂ ਦਾ ਉਜਾੜਾ ਹੋ ਜਾਂਦਾ ਹੈ। ਇਹ ਬਹੁਤ ਹੀ ਸੀਰੀਅਸ ਮਸਲਾ ਹੈ। ਇਸ ਲਈ ਅਵਾਰਾ ਪਸ਼ੂਆਂ ਤੋਂ ਮਨੁੱਖੀ ਜਾਨਾਂ ਨੂੰ ਅਤੇ ਕਿਸਾਨ ਦੀ ਪੁੱਤਾਂ ਵਾਂਗ ਪਾਲੀ ਫ਼ਸਲ ਨੂੰ ਬਚਾਉਣ ਦੀ ਲੋੜ ਹੈ।

ਚੇਅਰਮੈਨ ਸਾਹਿਬ, ਮੇਰੀ ਇਸ ਗੱਲ ਦਾ ਚਾਹੇ ਇਸ ਮਤੇ ਨਾਲ ਕੋਈ ਤਾਅਲੁਕ ਨਹੀਂ ਪਰੰਤੂ ਅੱਜ ਪੰਜਾਬ ਦੇ ਅੰਦਰ ਬਹੁਤ ਵੱਡੀ ਸਮੱਸਿਆ ਲੱਚਰ ਗਾਣਿਆਂ ਦੀ ਹੈ। ਅਸੀਂ ਸਾਰਿਆਂ ਨੇ ਇਸ ਪੱਖੋਂ ਅੱਖਾਂ ਮੀਚ ਲਈਆਂ ਹਨ। ਇਸ ਗੱਲ ਤੇ ਰੋਕ ਕਿਸ ਨੇ ਲਗਾਉਣੀ ਹੈ? ਇਸ ਹਾਊਸ ਨੇ ਲਗਾਉਣੀ ਹੈ। ਇਹੋ ਜਿਹੇ ਗਾਣੇ ਚੱਲ ਪਏ ਹਨ...

ਸ਼੍ਰੀ ਸਭਾਪਤੀ : ਆਪਾਂ ਵਿਸ਼ੇ ਬਾਰੇ ਹੀ ਗੱਲ ਕਰੀਏ।

ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ : ਮੈਂ ਵਿਸ਼ੇ ਤੇ ਹੀ ਗੱਲ ਕਰ ਰਿਹਾ ਹਾਂ ਅਤੇ ਇਸ ਤੋਂ ਵੱਡਾ ਕੋਈ ਵਿਸ਼ਾ ਨਹੀਂ ਹੋ ਸਕਦਾ। ਮੇਰਾ ਕਹਿਣ ਦਾ ਭਾਵ ਹੈ ਕਿ ਅਸੀਂ ਤਾਂ ਇਸ ਚੀਜ਼ ਤੋਂ ਪ੍ਰਭਾਵਿਤ ਨਹੀਂ ਹੁੰਦੇ ਜੇਕਰ ਪਸ਼ੂ ਸੁਣ ਲੈਣ ਤਾਂ ਉਨ੍ਹਾਂ ਨੂੰ ਵੀ ਸ਼ਰਮ ਆ ਜਾਵੇ। ਇਸ ਕਰਕੇ ਮੇਰੀ ਬੇਨਤੀ ਹੈ ਕਿ ਮੈਂ ਤਾਂ ਭਲੇ ਦੀ ਗੱਲ ਕਰ ਰਿਹਾ ਹਾਂ, ਕੋਈ ਮਾੜੀ ਗੱਲ ਨਹੀਂ ਕਰ ਰਿਹਾ।

ਸ਼੍ਰੀ ਤਰਲੋਚਨ ਸਿੰਘ : ਚੇਅਰਮੈਨ ਸਾਹਿਬ, ਪੁਆਇੰਟ ਆਫ਼ ਆਰਡਰ। ** ** **

Mr. Chairman : No point of order. ਬੈਠੋ ਜੀ। ਵਲਟੋਹਾ ਸਾਹਿਬ, ਆਪਣੀ ਸਪੀਚ ਸਮ ਅੱਪ ਕਰੋ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਅਤੇ ਰੂਲਿੰਗ ਪਾਰਟੀ ਤੋਂ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਉੱਚੀ ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਸ਼੍ਰੀ ਸਭਾਪਤੀ : ਜੋ ਪਰਮਿਸ਼ਨ ਤੋਂ ਬਿਨਾ ਬੋਲਿਆ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

** Expunged as ordered by the Chair.

ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ : ਚੇਅਰਮੈਨ ਸਾਹਿਬ, ਇਸ ਮੁੱਦੇ ਬਾਰੇ ਨੀਤੀ ਬਣਾਉਣ ਦੀ ਲੋੜ ਹੈ। ਗੱਲ ਕੇਵਲ ਵਿਧਾਨ ਸਭਾ ਅੰਦਰ ਡਿਸਕਸ਼ਨ ਤੱਕ ਹੀ ਸੀਮਤ ਨਹੀਂ ਰਹਿਣੀ ਚਾਹੀਦੀ। ਇੱਥੇ ਕਈ ਮਤੇ ਆਉਂਦੇ ਹਨ। ਇਸ ਤੋਂ ਅਗਲਾ ਮਤਾ ਵੀ ਆਉਣਾ ਹੈ, ਜਿਹੜਾ ਵਿਚਾਰੇ ਕੁੱਤਿਆਂ ਬਾਰੇ ਹੈ, ਉਨ੍ਹਾਂ ਨਾਲ ਵੀ ** ** ** ਹੋਣੀ ਹੈ ਅਤੇ ਇਹ ** ** ਤੱਕ ਹੀ ਸੀਮਤ ਨਾ ਰਹਿ ਜਾਵੇ।

ਸ਼੍ਰੀ ਸਭਾਪਤੀ : ** ** ਲਫ਼ਜ਼ ਐਕਸਪੰਜ ਕੀਤਾ ਜਾਵੇ।

ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ : ਸਾਡੀ ਵਿਧਾਨ ਸਭਾ ਨੂੰ ਦੇਸ਼ ਪੱਧਰ ਤੇ ਅਜਿਹੀ ਨੀਤੀ ਬਣਾਉਣੀ ਚਾਹੀਦੀ ਹੈ। ਮੈਂ ਸਰਦਾਰ ਮਹੇਸ਼ਇੰਦਰ ਸਿੰਘ ਵੱਲੋਂ ਲਿਆਂਦੇ ਮਤੇ ਦੀ ਪੁਰਜ਼ੋਰ ਸ਼ਬਦਾਂ ਵਿੱਚ ਪ੍ਰੋੜ੍ਹਤਾ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਸ ਬਾਰੇ ਠੋਸ ਕਦਮ ਚੁੱਕੇ ਜਾਣ। ਧੰਨਵਾਦ।

ਸਰਦਾਰ ਕੁਲਜੀਤ ਸਿੰਘ ਨਾਗਰਾ : ਚੇਅਰਮੈਨ ਸਾਹਿਬ, ** **

ਸ਼੍ਰੀ ਸਭਾਪਤੀ : ਬੈਠੋ ਜੀ। No point of order.

(ਇਸ ਸਮੇਂ ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ ਅਤੇ ਆਪੋਜੀਸ਼ਨ ਬੈਂਚਿਜ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾ ਇਜ਼ਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ, ਜਿਸ ਕਾਰਨ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

ਸ਼੍ਰੀ ਸਭਾਪਤੀ : ਵਲਟੋਹਾ ਸਾਹਿਬ, ਬੈਠੋ। (ਵਿਘਨ)(ਸ਼ੋਰ) ਸਾਰੇ ਬੈਠੋ ਜੀ। ਸ਼੍ਰੀ ਪ੍ਰਕਾਸ਼ ਚੰਦ ਗਰਗ ਜੀ। ਸਿਰਫ਼ ਪੰਜ ਮਿੰਟ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

ਸ਼੍ਰੀ ਸਭਾਪਤੀ : **ਨਾਅਰੇ ਐਕਸਪੰਜ ਕਰ ਦਿੱਤੇ ਜਾਣ।

** Expunged as ordered by the Chair.

ਮੁੱਖ ਸੰਸਦੀ ਸਕੱਤਰ, ਖੁਰਾਕ ਤੇ ਸਿਵਲ ਸਪਲਾਈ (ਸ਼੍ਰੀ ਪ੍ਰਕਾਸ਼ ਚੰਦ ਗਰਗ): ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਅੱਜ ਪੰਜਾਬ ਦੇ ਇੱਕ ਐਸੇ ਭਖਦੇ ਮਸਲੇ ਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਸਰਦਾਰ ਮਹੇਸ਼ਇੰਦਰ ਸਿੰਘ ਜੀ ਵਲੋਂ ਰਾਜ ਵਿੱਚ ਅਵਾਰਾ ਪਸ਼ੂਆਂ ਦੇ ਸ਼ਹਿਰਾਂ ਵਿੱਚ ਸੜਕਾਂ ਤੇ ਆਮ ਤੁਰੇ ਫਿਰਨ ਕਾਰਨ ਵਾਪਰਦੇ ਭਾਰੀ ਹਾਦਸਿਆਂ ਨੂੰ ਰੋਕਣ ਲਈ ਅਸਰਦਾਰ ਕਦਮ ਚੁੱਕਣ ਲਈ ਜੋ ਗੈਰ ਸਰਕਾਰੀ ਮਤਾ ਲਿਆਂਦਾ ਗਿਆ ਹੈ, ਉਸ ਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਸ ਮਤੇ ਦੇ ਸਬੰਧ ਵਿੱਚ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੇ ਵਿੱਚ ਬੇਸਹਾਰਾ ਗਊਆਂ ਦਾ ਬਹੁਤ ਵੱਡੀ ਗਿਣਤੀ ਵਿੱਚ.....

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ, ਉਹ ਸਦਨ ਵਿੱਚ ਨਸ਼ਿਆਂ ਦੇ ਮੁੱਦੇ ਤੇ ਬਹਿਸ ਕਰਵਾਉਣ ਸਬੰਧੀ ਸਮਾਂ ਮੰਗ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ ਜਿਸ ਕਾਰਨ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

ਸ਼੍ਰੀ ਸਭਾਪਤੀ : ਗਰਗ ਸਾਹਿਬ, ਤੁਸੀਂ ਜੋ ਬੋਲਣਾ ਹੈ, ਬੋਲੋ। ਆਪਾਂ ਮਤਾ ਪਾਸ ਕਰਵਾਈਏ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰਜ਼ ਸਦਨ ਵਿੱਚ ਨਸ਼ਿਆਂ ਦੇ ਮੁੱਦੇ ਤੇ ਬਹਿਸ ਕਰਵਾਉਣ ਲਈ ਸਮਾਂ ਨਾ ਦੇਣ ਕਾਰਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ** ਨਾਅਰੇ ਲਗਾ ਰਹੇ ਸਨ।)

ਸ਼੍ਰੀ ਸਭਾਪਤੀ : ਇਸ ਤੋਂ ਬਾਅਦ ਅਗਲਾ ਮਤਾ ਲੈ ਰਹੇ ਹਾਂ ਜੀ। ਸਾਰੇ ਬੈਠੋ। ਗਰਗ ਸਾਹਿਬ, ਸਮੇਟ ਦਿਉ।

ਮੁੱਖ ਸੰਸਦੀ ਸਕੱਤਰ, ਖੁਰਾਕ ਤੇ ਸਿਵਲ ਸਪਲਾਈ : ਚੇਅਰਮੈਨ ਸਾਹਿਬ, ਬੇਨਤੀ ਹੈ ਕਿ ਇਨ੍ਹਾਂ ਸਾਥੀਆਂ ਨੂੰ ਬਿਠਾਉ ਜੀ।

ਸਰਦਾਰ ਬਲਬੀਰ ਸਿੰਘ ਸਿੱਧੂ : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ ਜੀ।

ਸ਼੍ਰੀ ਸਭਾਪਤੀ : ਸਿੱਧੂ ਸਾਹਿਬ, ਤੁਸੀਂ ਟਾਈਮ ਕਿਉਂ ਵੇਸਟ ਕਰਵਾਉਂਦੇ ਹੋ? ਗਰਗ ਸਾਹਿਬ, ਬੋਲੋ ਜੀ। (ਵਿਘਨ)(ਸ਼ੋਰ)

**Not recorded as ordered by the Chair.

ਮੁੱਖ ਸੰਸਦੀ ਸਕੱਤਰ, ਖੁਰਾਕ ਤੇ ਸਿਵਲ ਸਪਲਾਈ : ਚੇਅਰਮੈਨ ਸਾਹਿਬ, ਰਾਜ ਵਿੱਚ ਅਵਾਰਾ ਪਸ਼ੂਆਂ ਦੇ ਸ਼ਹਿਰਾਂ ਵਿੱਚ ਸੜਕਾਂ ਤੇ ਤੁਰੇ ਫਿਰਨ ਕਾਰਨ ਜੋ ਭਿਆਨਕ ਹਾਦਸੇ ਵਾਪਰ ਰਹੇ ਹਨ, ਉਨ੍ਹਾਂ ਨੂੰ ਰੋਕਣ ਲਈ ਅਸਰਦਾਰ ਕਦਮ ਚੁੱਕਣ ਲਈ ਜੋ ਗੈਰ ਸਰਕਾਰੀ ਮਤਾ ਲਿਆਂਦਾ ਗਿਆ ਹੈ, ਮੈਨੂੰ ਉਸ ਸਬੰਧ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ।

WALK-OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਸਾਹਿਬਾਨ ਅਤੇ ਅਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਸਦਨ ਵਿੱਚ ਨਸ਼ਿਆਂ ਦੇ ਮੁੱਦੇ ਤੇ ਬਹਿਸ ਕਰਵਾਉਣ ਲਈ ਸਮਾਂ ਨਾ ਦੇਣ ਕਾਰਨ ** ** ਨਾਅਰੇ ਲਗਾਉਂਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।)

NON-OFFICIAL RESOLUTION REGARDING RECOMMENDATION TO THE STATE GOVERNMENT TO TAKE EFFECTIVE STEPS TO CHECK THE RISING NUMBER OF NOT ONLY FATAL ACCIDENTS ON ACCOUNT OF ABANDONED/STRAY CATTLE IN THE STATE BUT ALSO CAUSING CONSIDERABLE DAMAGE TO THE CROPS OF THE FARMERS (Resumption)

ਮੁੱਖ ਸੰਸਦੀ ਸਕੱਤਰ, ਖੁਰਾਕ ਤੇ ਸਿਵਲ ਸਪਲਾਈ : ਇਹ ਇੱਕ ਬਹੁਤ ਵੱਡੀ ਸਮੱਸਿਆ ਹੈ ਕਿਉਂਕਿ ਪੰਜਾਬ ਦੇ ਸ਼ਹਿਰਾਂ ਵਿੱਚ ਤੇ ਕਸਬਿਆਂ ਵਿੱਚ ਬੇਸਹਾਰਾ ਗਊਆਂ ਤੇ ਪਸ਼ੂ ਸੜਕਾਂ ਤੇ ਘੁੰਮ ਰਹੇ ਹਨ, ਜਿਸ ਕਾਰਨ ਆਰਥਿਕ ਤੇ ਜਾਨੀ ਨੁਕਸਾਨ ਬਹੁਤ ਹੋ ਰਿਹਾ ਹੈ। ਮੈਂ ਇਨ੍ਹਾਂ ਨੂੰ ਅਵਾਰਾ ਨਹੀਂ ਸਗੋਂ ਬੇਸਹਾਰਾ ਪਸ਼ੂ ਕਹਾਂਗਾ ਕਿਉਂਕਿ ਇਨ੍ਹਾਂ ਵਿਚੋਂ ਅਸੀਂ ਗਊ ਨੂੰ ਆਪਣੀ ਮਾਤਾ ਵਜੋਂ ਮਾਨਤਾ ਦਿੰਦੇ ਹਾਂ। ਇਸ ਨਾਲ ਪੰਜਾਬ ਦੇ ਲੋਕਾਂ ਦੇ ਸੈਂਟੀਮੈਂਟਸ ਵੀ ਜੁੜੇ ਹੋਏ ਹਨ। ਜਿੱਥੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ

** Not recorded as ordered by the Chair.

ਜੀ ਵੱਲੋਂ ਜ਼ਿਲ੍ਹਾ ਪੱਧਰ ਤੇ ਪੱਚੀ ਏਕੜ ਵਿੱਚ ਸਰਕਾਰੀ ਤੌਰ ਤੇ ਗਊਸ਼ਾਲਾਵਾਂ ਚਲਾਉਣ ਦਾ ਫ਼ੈਸਲਾ ਕੀਤਾ ਗਿਆ ਹੈ, ਉਥੇ ਹੀ ਪੰਜਾਬ ਦੀਆਂ ਜੋ ਸਮਾਜਸੇਵੀ ਸੰਸਥਾਵਾਂ ਹਨ, ਉਨ੍ਹਾਂ ਵਲੋਂ ਵੀ ਗਊਸ਼ਾਲਾਵਾਂ ਚਲਾਈਆਂ ਜਾ ਰਹੀਆਂ ਹਨ। ਮੈਂ ਇਸ ਸਬੰਧ ਵਿੱਚ ਇੱਕੋ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਭਾਵੇਂ ਸਰਕਾਰ ਨੇ ਬਹੁਤ ਵੱਡਾ ਉਪਰਾਲਾ ਕਰਕੇ ਬੇਸਹਾਰਾ ਪਸ਼ੂਆਂ ਦੀ ਸਾਂਭ ਸੰਭਾਲ ਲਈ ਸਰਕਾਰੀ ਤੌਰ ਤੇ ਗਊਸ਼ਾਲਾਵਾਂ ਖੋਲ੍ਹ ਕੇ ਉਚੇਚਾ ਕਦਮ ਚੁੱਕਿਆ ਹੈ। (ਵਿਘਨ)

ਸ਼੍ਰੀ ਸਭਾਪਤੀ : ਗਰਗ ਸਾਹਿਬ, ਬੈਂਸ ਸਾਹਿਬ ਨੂੰ ਬੋਲ ਲੈਣ ਦਿਉ।

ਸਰਦਾਰ ਬਲਵਿੰਦਰ ਸਿੰਘ ਬੈਂਸ : ਚੇਅਰਮੈਨ ਸਾਹਿਬ, ਪੁਆਇੰਟ ਆਫ਼ ਆਰਡਰ। ਚੇਅਰਮੈਨ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ** ** **

Mr. Chairman : No point of order. ਬੈਠ ਜਾਓ। ਹਾਂ ਜੀ, ਗਰਗ ਸਾਹਿਬ।

ਮੁੱਖ ਸੰਸਦੀ ਸਕੱਤਰ, ਖੁਰਾਕ ਤੇ ਸਿਵਲ ਸਪਲਾਈ : ਚੇਅਰਮੈਨ ਸਾਹਿਬ, ਸਰਕਾਰੀ ਗਊਸ਼ਾਲਾਵਾਂ ਖੋਲ੍ਹਣ ਦਾ ਫ਼ੈਸਲਾ ਕੀਤਾ ਗਿਆ ਹੈ। ਮੈਂ ਇਸ ਦੀ ਸਰਾਹਣਾ ਕਰਦਾ ਹਾਂ। ਸਰਕਾਰ ਨੇ ਨਵੀਆਂ ਗਊਸ਼ਾਲਾਵਾਂ ਖੋਲ੍ਹਣ ਲਈ ਬਜਟ ਵਿਚ ਵੀ ਫੰਡਾਂ ਦਾ ਪ੍ਰਬੰਧ ਕੀਤਾ ਹੈ ਪਰ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਬਹੁਤ ਵੱਡੀ ਸਮੱਸਿਆ ਹੈ ਕਿਉਂਕਿ ਇਸ ਨਾਲ ਜਿਥੇ ਕਿਸਾਨਾਂ ਦਾ ਆਰਥਿਕ ਨੁਕਸਾਨ ਹੋ ਰਿਹਾ ਹੈ, ਉਥੇ ਵੱਡੀ ਗਿਣਤੀ ਵਿਚ ਜਾਨੀ ਨੁਕਸਾਨ ਵੀ ਹੋ ਰਿਹਾ ਹੈ। ਮੈਂ ਇਸ ਸਬੰਧ ਵਿਚ ਸੰਗਰੂਰ ਸ਼ਹਿਰ ਦੀ ਉਦਾਹਰਣ ਦੇਣਾ ਚਾਹੁੰਦਾ ਹਾਂ। ਸੰਗਰੂਰ ਵਿਚ ਸ਼ਾਹੀ ਸਮਾਧਾਂ ਗੁਰਦੁਆਰਾ ਸਾਹਿਬ ਦੇ ਕੋਲ ਇਕ ਨੌਜੁਆਨ ਨੂੰ ਇਕ ਪਸ਼ੂ ਨੇ ਆਪਣੇ ਸਿੰਙਾਂ ਤੇ ਚੁੱਕ ਕੇ ਹੇਠਾਂ ਪਟਕਾ ਕੇ ਮਾਰਿਆ ਅਤੇ ਉਸ ਦੀ ਮੌਕੇ ਤੇ ਮੌਤ ਹੋ ਗਈ। ਜਿਨ੍ਹਾਂ ਘਰਾਂ ਦੇ ਚਿਰਾਗ ਬੁਝ ਗਏ, ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਇਨ੍ਹਾਂ ਅਵਾਰਾ ਪਸ਼ੂਆਂ ਕਾਰਨ ਕਿੰਨਾ ਨੁਕਸਾਨ ਹੋ ਰਿਹਾ ਹੈ। ਇਸ ਲਈ ਸਰਕਾਰ ਵਲੋਂ ਇਸ ਵਾਸਤੇ ਜਿਹੜਾ ਪ੍ਰਬੰਧ ਕੀਤਾ ਗਿਆ ਹੈ, ਇਹ ਬਹੁਤ ਚੰਗੀ ਗੱਲ ਹੈ।

ਸਾਡੀਆਂ ਸਮਾਜਿਕ ਸੰਸਥਾਵਾਂ ਵਲੋਂ ਵੀ ਵੱਡੀ ਗਿਣਤੀ ਵਿਚ ਗਊਸ਼ਾਲਾਵਾਂ ਚਲਾਈਆਂ ਜਾ ਰਹੀਆਂ ਹਨ। ਪੰਜਾਬ ਵਿਚ ਤਕਰੀਬਨ 415 ਗਊਸ਼ਾਲਾਵਾਂ

** Expunged as ordered by the Chair.

ਪ੍ਰਾਈਵੇਟ ਸੰਸਥਾਵਾਂ ਵਲੋਂ ਚਲਾਈਆਂ ਜਾ ਰਹੀਆਂ ਹਨ। ਜਦੋਂ ਅਸੀਂ ਇਸ ਮਤੇ ਤੇ ਆਪਣੇ ਵਿਚਾਰ ਰੱਖ ਰਹੇ ਹਾਂ ਤਾਂ ਮੈਂ ਵੀ ਆਪਣੇ ਵਲੋਂ ਇਕ ਸੁਝਾਅ ਦੇਣਾ ਚਾਹੁੰਦਾ ਹਾਂ। ਅਵਾਰਾ ਪਸ਼ੂਆਂ ਨਾਲ ਟ੍ਰੈਫਿਕ ਵਿਚ ਵਿਘਨ ਪੈ ਰਿਹਾ ਹੈ ਅਤੇ ਕਿਸੇ ਸਮੇਂ ਵੀ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ। ਇਸ ਨਾਲ ਜਿਹੜਾ ਜਾਨੀ ਨੁਕਸਾਨ ਹੁੰਦਾ ਹੈ, ਉਸ ਦੀ ਕੀਮਤ ਨਹੀਂ ਉਤਾਰੀ ਜਾ ਸਕਦੀ। ਇਸ ਕਰਕੇ ਸਾਡੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਇਸ ਗੱਲ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਪਰ ਇਹ ਇਸ ਨੂੰ ਬਹੁਤ ਹੀ ਹਲਕੇਪਣ ਵਿਚ ਲੈ ਰਹੇ ਹਨ ਜਦਕਿ ਅਸੀਂ ਇਸ ਮਾਮਲੇ ਪ੍ਰਤੀ ਬਹੁਤ ਗੰਭੀਰ ਹਾਂ। ਮੈਂ ਆਪਣੇ ਵਲੋਂ ਇਕ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਗਊਸ਼ਾਲਾਵਾਂ ਨੂੰ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਵਲੋਂ ਮਦਦ ਫਿਕਸ ਹੋਣੀ ਚਾਹੀਦੀ ਹੈ। ਮੇਰੇ ਸਾਥੀ ਸਰਦਾਰ ਰਣਜੀਤ ਸਿੰਘ ਢਿਲੋਂ ਨੇ ਦੱਸਿਆ ਹੈ ਕਿ ਲੁਧਿਆਣਾ ਨਗਰ ਨਿਗਮ ਵਲੋਂ ਗਊਸ਼ਾਲਾਵਾਂ ਨੂੰ ਪ੍ਰਤੀ ਦਿਨ ਪ੍ਰਤੀ ਪਸ਼ੂ 30 ਰੁਪਏ ਦਿੱਤਾ ਜਾ ਰਿਹਾ ਹੈ ਪਰ ਸਾਰੇ ਪੰਜਾਬ ਵਿਚ ਅਜਿਹਾ ਨਹੀਂ ਹੈ। ਮੈਨੂੰ ਉਮੀਦ ਹੈ ਕਿ ਅੱਜ ਦੀ ਇਸ ਵਿਚਾਰ ਚਰਚਾ ਤੋਂ ਬਾਅਦ ਜੋ ਵੀ ਗਊਸ਼ਾਲਾਵਾਂ ਪ੍ਰਾਈਵੇਟ ਤੌਰ ਤੇ ਚੱਲ ਰਹੀਆਂ ਹਨ, ਉਨ੍ਹਾਂ ਨੂੰ 30 ਰੁਪਏ ਪ੍ਰਤੀ ਪਸ਼ੂ ਪ੍ਰਤੀ ਦਿਨ ਦੇ ਹਿਸਾਬ ਨਾਲ ਮਾਲੀ ਮਦਦ ਦਿੱਤੀ ਜਾਵੇਗੀ। ਗਊਸ਼ਾਲਾਵਾਂ ਵਿਚ ਜਿੰਨਾ ਵੀ ਕੋਈ ਸਮਾਨ ਆਉਂਦਾ ਹੈ, ਉਸ ਤੇ ਵੈਟ ਮੁਆਫ਼ ਹੋਣਾ ਚਾਹੀਦਾ ਹੈ। ਮੈਂ ਪਿਛਲੇ ਸੈਸ਼ਨ ਵਿਚ ਵੀ ਗੱਲ ਕੀਤੀ ਸੀ ਕਿ ਪੰਜਾਬ ਸਰਕਾਰ ਵਲੋਂ ਨੋਟੀਫ਼ਿਕੇਸ਼ਨ ਨੰ: 4/LGE/98 ਮਿਤੀ 29.01.1998 ਨੂੰ Punjab Religious Premises Land and Rent Act, 1997 ਲਾਗੂ ਕੀਤਾ ਗਿਆ ਸੀ, ਉਸ ਵਿਚ ਪਿੱਛੇ ਜਿਹੇ ਅਮੈਂਡਮੈਂਟ ਕਰਕੇ ਧਾਰਮਿਕ ਅਦਾਰਿਆਂ ਨੂੰ ਰੈਂਟ ਕੰਟਰੋਲ ਐਕਟ ਤੋਂ ਬਾਹਰ ਰੱਖਿਆ ਗਿਆ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਜਿਹੜੀਆਂ ਰਜਿਸਟਰਡ ਸੋਸਾਇਟੀਆਂ ਹਨ ਜਾਂ ਸਮਾਜਿਕ ਸੰਸਥਾਵਾਂ ਹਨ, ਉਨ੍ਹਾਂ ਨੂੰ ਵੀ ਰੈਂਟ ਕੰਟਰੋਲ ਐਕਟ ਤੋਂ ਬਾਹਰ ਕੀਤਾ ਜਾਵੇ ਤਾਂ ਕਿ ਗਊਸ਼ਾਲਾਵਾਂ ਦੀ ਮਾਇਕ ਸਹਾਇਤਾ ਹੋ ਸਕੇ। ਉਹ ਆਪਣੀਆਂ ਦੁਕਾਨਾਂ ਅਤੇ ਪ੍ਰਾਪਰਟੀ ਨੂੰ ਮਾਰਕੀਟ ਰੇਟ ਤੇ ਕਿਰਾਏ ਤੇ ਦੇ ਸਕਣ। ਮੈਂ ਸਮਝਦਾ ਹਾਂ ਕਿ ਅਜਿਹਾ ਕਰਨ ਨਾਲ ਉਨ੍ਹਾਂ ਦੀ ਬਹੁਤ ਵੱਡੀ ਮਦਦ ਹੋਵੇਗੀ।

ਧਾਰਮਿਕ ਸਥਾਨਾਂ, ਜਿਵੇਂ ਕਿ ਗੁਰਦੁਆਰਾ, ਮੰਦਿਰ ਜਾਂ ਚਰਚ ਨਾਲ

ਗਊਸ਼ਾਲਾਵਾਂ ਨੂੰ ਵੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਜਿਹੜੀਆਂ ਪ੍ਰਾਈਵੇਟ ਸੰਸਥਾਵਾਂ ਗਊਸ਼ਾਲਾਵਾਂ ਨੂੰ ਚਲਾ ਰਹੀਆਂ ਹਨ, ਉਨ੍ਹਾਂ ਦਾ ਬਿਜਲੀ ਅਤੇ ਪਾਣੀ ਦਾ ਬਿੱਲ ਵੀ ਮੁਆਫ਼ ਕਰ ਦਿੱਤਾ ਜਾਣਾ ਚਾਹੀਦਾ ਹੈ। ਟਿਊਬਵੈੱਲਾਂ ਦੇ ਕੁਨੈਕਸ਼ਨ ਵੀ ਪਹਿਲ ਦੇ ਅਧਾਰ ਤੇ ਉਨ੍ਹਾਂ ਨੂੰ ਦਿੱਤੇ ਜਾਣੇ ਚਾਹੀਦੇ ਹਨ। ਇਸ ਨਾਲ ਉਨ੍ਹਾਂ ਦੀ ਸਾਂਭ-ਸੰਭਾਲ ਕਰਨ ਵਿੱਚ ਮਦਦ ਹੋਵੇਗੀ ਅਤੇ ਨਵੀਆਂ ਗਊਸ਼ਾਲਾਵਾਂ ਖੋਲ੍ਹਣ ਲਈ ਲੋਕਾਂ ਨੂੰ ਉਤਸ਼ਾਹਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸਾਡੇ ਧਾਰਮਿਕ ਅਸਥਾਨਾਂ ਦੇ ਵਾਂਗ ਗਊਸ਼ਾਲਾਵਾਂ ਦੀ ਪ੍ਰਾਪਰਟੀ, ਭਾਵੇਂ ਉਹ ਐਗਰੀਕਲਚਰਲ ਹੈ, ਭਾਵੇਂ ਕਮਰਸ਼ੀਅਲ ਹੈ, ਉਨ੍ਹਾਂ ਨੂੰ ਖਾਲੀ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਦੂਸਰਾ, ਮੈਂ ਇਨ੍ਹਾਂ ਪਸ਼ੂਆਂ ਨੂੰ ਬੇਸਹਾਰਾ ਕਹਾਂਗਾ, ਅਵਾਰਾ ਨਹੀਂ ਕਹਾਂਗਾ ਕਿਉਂਕਿ ਇਸ ਨਾਲ ਸਾਡੇ ਸੈਂਟੀਮੈਂਟਸ hurt ਹੁੰਦੇ ਹਨ। ਇਹ ਬੇਸਹਾਰਾ ਹਨ ਕਿਉਂਕਿ ਅਸੀਂ ਇਨ੍ਹਾਂ ਤੋਂ ਦੁੱਧ ਲੈ ਕੇ ਫੇਰ ਬਾਹਰ ਛੱਡ ਆਉਂਦੇ ਹਾਂ। ਮੈਂ ਇਹ ਵੀ ਬੇਨਤੀ ਕਰਾਂਗਾ ਕਿ ਜਿਥੇ ਗਊ ਦਾ ਦੁੱਧ ਸਿਹਤ ਵਾਸਤੇ ਬਹੁਤ ਲਾਹੇਵੰਦ ਹੈ, ਉਥੇ ਬਿਮਾਰੀ ਵਿੱਚ ਵੀ ਡਾਕਟਰ ਗਊ ਦਾ ਦੁੱਧ ਪੀਣ ਨੂੰ ਕਹਿੰਦੇ ਹਨ। ਮੈਂ ਸਮਝਦਾ ਹਾਂ ਕਿ ਜੋ ਗਊ ਦਾ ਮੂਤਰ ਅਤੇ ਗੋਬਰ ਹੈ, ਉਸ ਉੱਪਰ ਖੋਜ ਲਈ ਵੀ ਕੋਈ ਰਿਸਰਚ ਸੈਂਟਰ ਬਣਨਾ ਚਾਹੀਦਾ ਹੈ।

ਸ਼੍ਰੀ ਸਭਾਪਤੀ : ਗਰਗ ਸਾਹਿਬ, ਸਮ-ਅਪ ਕਰੋ ਜੀ।

ਮੁੱਖ ਸੰਸਦੀ ਸਕੱਤਰ, ਖੁਰਾਕ ਤੇ ਸਿਵਲ ਸਪਲਾਈ : ਚੇਅਰਮੈਨ ਸਾਹਿਬ, ਗੋਬਰ ਤੋਂ ਬਹੁਤ ਜ਼ਿਆਦਾ ਦਵਾਈਆਂ ਬਣ ਸਕਦੀਆਂ ਹਨ, ਜਿਹੜੀਆਂ ਕਿ ਬਿਮਾਰੀਆਂ ਦੇ ਇਲਾਜ ਲਈ ਬਹੁਤ ਜ਼ਿਆਦਾ ਲਾਹੇਵੰਦ ਹਨ। ਇਹ scientific ਹੈ। ਬਹੁਤੀਆਂ ਇੰਡਸਟ੍ਰੀਆਂ ਵਿੱਚ ਤੂੜੀ ਨੂੰ ਫੂਕਿਆ ਜਾਂਦਾ ਹੈ ਜਿਸ ਨਾਲ ਤੂੜੀ ਦੀ ਘਾਟ ਹੋ ਜਾਂਦੀ ਹੈ। ਇਸ ਨੂੰ ਜਲਾਉਣ ਤੇ ਪਾਬੰਦੀ ਲੱਗਣੀ ਚਾਹੀਦੀ ਹੈ ਤਾਂ ਕਿ ਬੇਸਹਾਰਾ ਪਸ਼ੂਆਂ ਨੂੰ ਤੂੜੀ ਦੀ ਕੋਈ ਘਾਟ ਨਾ ਰਹੇ।

ਸ਼੍ਰੀ ਸਭਾਪਤੀ : ਗਰਗ ਸਾਹਿਬ, ਸਮਾਪਤੀ ਕਰੋ ਜੀ।

ਮੁੱਖ ਸੰਸਦੀ ਸਕੱਤਰ, ਖੁਰਾਕ ਤੇ ਸਿਵਲ ਸਪਲਾਈ : ਸਰਕਾਰ ਇਸ ਪਾਸੇ ਬਹੁਤ ਯਤਨਸ਼ੀਲ ਹੈ। ਜਿਹੜੀਆਂ ਸਮਾਜਸੇਵੀ ਪ੍ਰਾਈਵੇਟ ਸੰਸਥਾਵਾਂ ਹਨ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਦਿੱਤੀ ਜਾਵੇ ਤਾਂ ਕਿ ਬੇਸਹਾਰਾ ਪਸ਼ੂਆਂ ਦੀ ਅੱਜ ਪੰਜਾਬ ਦੇ ਅੰਦਰ ਜਿਹੜੀ ਬਹੁਤ ਵੱਡੀ ਸਮੱਸਿਆ ਬਣੀ ਹੋਈ ਹੈ, ਉਸ ਦਾ ਹੱਲ ਹੋ ਸਕੇ।

ਸ਼੍ਰੀ ਸਭਾਪਤੀ : ਗਰਗ ਸਾਹਿਬ, ਤੁਸੀਂ ਬੈਠੋ ਜੀ।

ਮੁੱਖ ਸੰਸਦੀ ਸਕੱਤਰ, ਖੁਰਾਕ ਤੇ ਸਿਵਲ ਸਪਲਾਈ : ਮੈਨੂੰ ਇਸ ਗੱਲ ਦੀ ਹੈਰਾਨਗੀ ਹੈ ਕਿ ਜਿਹੜੇ ਸਾਡੇ ਸਾਹਮਣੇ ਸਾਥੀ ਬੈਠੇ ਹਨ ਉਹ ਇਸ ਮਸਲੇ ਦੀ ਗੰਭੀਰਤਾ ਨੂੰ ਸਮਝ ਹੀ ਨਹੀਂ ਰਹੇ। ਅੱਜ ਇਨ੍ਹਾਂ ਬੇਸਹਾਰਾ ਪਸ਼ੂਆਂ ਕਾਰਨ ਪੰਜਾਬ ਵਿੱਚ ਕਿਸ ਤਰ੍ਹਾਂ ਦੇ ਹਾਲਾਤ ਬਣੇ ਹੋਏ ਹਨ। ਕਿੰਨੇ ਲੜਾਈ-ਝਗੜੇ ਹੋ ਰਹੇ ਹਨ। ਕਿੰਨਾ ਆਰਥਿਕ ਅਤੇ ਜਾਨੀ ਨੁਕਸਾਨ ਹੋ ਰਿਹਾ ਹੈ। ਮੈਂ ਸਰਦਾਰ ਮਹੇਸ਼ਇੰਦਰ ਸਿੰਘ ਜੀ ਵਲੋਂ ਜਿਹੜਾ ਸਰਕਾਰੀ ਮਤਾ ਲਿਆਂਦਾ ਗਿਆ ਹੈ ਉਸ ਦੀ ਪ੍ਰੋੜ੍ਹਤਾ ਕਰਦਾ ਹਾਂ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਸ ਮਤੇ ਪ੍ਰਤੀ ਪੂਰੀ ਗੰਭੀਰਤਾ ਜ਼ਾਹਿਰ ਕਰਦਾ ਹਾਂ। ਇਹ ਕੋਈ ਸਧਾਰਨ ਮਤਾ ਨਹੀਂ ਹੈ। ਮੈਂ ਸਮਝਦਾ ਹਾਂ ਕਿ ਇਹ ਹਰ ਸ਼ਹਿਰ, ਹਰ ਕਸਬੇ ਦੀ ਸਮੱਸਿਆ ਹੈ ਜੋ ਸਾਡੇ ਲਈ ਚੁਣੌਤੀ ਬਣੀ ਹੋਈ ਹੈ। ਇਹ ਆਵਾਰਾ ਪਸ਼ੂ ਨਹੀਂ ਹਨ, ਇਹ ਬੇਸਹਾਰਾ ਪਸ਼ੂ ਹਨ। ਸਾਡੇ ਸੈਂਟੀਮੈਂਟਸ ਇਸ ਦੇ ਨਾਲ ਜੁੜੇ ਹਨ। ਇਸ ਕਰਕੇ ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ। ਮੈਂ ਆਸ ਕਰਦਾ ਹਾਂ ਕਿ ਜੋ ਮਤਾ ਅੱਜ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ, ਇਸ ਬਾਰੇ ਰਾਜ ਸਰਕਾਰ ਵੱਲੋਂ ਕੇਂਦਰ ਸਰਕਾਰ ਨੂੰ ਲਿਖਿਆ ਜਾਵੇ। ਬਹੁਤ ਬਹੁਤ ਧੰਨਵਾਦ।

ਸੋਧਨਾ

ਸ਼੍ਰੀ ਸਭਾਪਤੀ : ਪ੍ਰਸ਼ਨ ਹੈ -

> "ਕਿ ਮਤੇ ਦੀ ਚੌਥੀ ਲਾਈਨ ਵਿਚ ਲੱਖਾਂ ਭਿਆਨਕ ਹਾਦਸਿਆਂ ਤੋਂ ਬਾਅਦ ਹੇਠ ਲਿਖੇ ਅੱਖਰ ਜੋੜ ਦਿੱਤੇ ਜਾਣ :-
>
> "ਅਤੇ ਇਨ੍ਹਾਂ ਦੁਆਰਾ ਕਿਸਾਨਾਂ ਦੀਆਂ ਫ਼ਸਲਾਂ ਦੇ ਕੀਤੇ ਜਾਂਦੇ ਭਾਰੀ ਨੁਕਸਾਨ"

ਮਤਾ ਸੋਧਨਾ ਸਮੇਤ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਸੰਸਦੀ ਮਾਮਲੇ ਮੰਤਰੀ : ਸਭਾਪਤੀ ਜੀ, ਮੈਂ ਇਸ ਮਤੇ ਦੇ ਨਾਲ ਇਹ ਸੋਧਨਾ ਵੀ ਪੇਸ਼ ਕਰਦਾ ਹਾਂ :

"ਕਿ ਅਵਾਰਾ ਸ਼ਬਦ ਦੀ ਜਗ੍ਹਾ ਬੇਸਹਾਰਾ ਕਰ ਲਿਆ ਜਾਵੇ ਜੀ।"

ਸ਼੍ਰੀ ਸਭਾਪਤੀ : ਠੀਕ ਹੈ, ਅਵਾਰਾ/ਬੇਸਹਾਰਾ ਕਰ ਦਿਓ ਜੀ। ਸਰਦਾਰ

[ਸ਼੍ਰੀ ਸਭਾਪਤੀ]

ਮਹੇਸ਼ਇੰਦਰ ਸਿੰਘ ਜੀ ਵੱਲੋਂ ਜੋ ਮਤਾ ਪੜ੍ਹਿਆ ਗਿਆ ਸੀ, ਉਸ ਵਿਚ ਹੋਰ ਸੋਧਨਾ ਕਰਨ ਦਾ ਨੋਟਿਸ ਸੰਸਦੀ ਮਾਮਲੇ ਮੰਤਰੀ ਵੱਲੋਂ ਦਿੱਤਾ ਗਿਆ ਹੈ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਸ ਨੂੰ ਪੜ੍ਹਿਆ ਅਤੇ ਪ੍ਰਸਤਾਵ ਕੀਤਾ ਗਿਆ ਸਮਝਿਆ ਜਾਵੇ।

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

ਸ਼੍ਰੀ ਸਭਾਪਤੀ : ਪ੍ਰਸਤਾਵ ਕੀਤਾ –

"ਕਿ ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫ਼ਾਰਸ਼ ਕਰਦਾ ਹੈ ਕਿ ਰਾਜ ਵਿਚ ਅਵਾਰਾ/ਬੇਸਹਾਰਾ ਪਸ਼ੂਆਂ ਦੇ ਸ਼ਹਿਰਾਂ ਵਿਚ ਅਤੇ ਸੜਕਾਂ ਤੇ ਆਮ ਤੁਰੇ ਫਿਰਨ ਕਾਰਨ ਭਾਰੀ ਗਿਣਤੀ ਵਿਚ ਵਾਪਰਦੇ ਭਿਆਨਕ ਹਾਦਸਿਆਂ ਨੂੰ ਅਤੇ ਇਨ੍ਹਾਂ ਦੁਆਰਾ ਕਿਸਾਨਾਂ ਦੀਆਂ ਫ਼ਸਲਾਂ ਦੇ ਕੀਤੇ ਜਾਂਦੇ ਭਾਰੀ ਨੁਕਸਾਨ ਨੂੰ ਰੋਕਣ ਲਈ ਅਸਰਦਾਰ ਕਦਮ ਚੁੱਕੇ ਜਾਣ।"

ਸ਼੍ਰੀ ਸਭਾਪਤੀ : ਪ੍ਰਸ਼ਨ ਹੈ –

"ਕਿ ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫ਼ਾਰਸ਼ ਕਰਦਾ ਹੈ ਕਿ ਰਾਜ ਵਿਚ ਅਵਾਰਾ/ਬੇਸਹਾਰਾ ਪਸ਼ੂਆਂ ਦੇ ਸ਼ਹਿਰਾਂ ਵਿਚ ਅਤੇ ਸੜਕਾਂ ਤੇ ਆਮ ਤੁਰੇ ਫਿਰਨ ਕਾਰਨ ਭਾਰੀ ਗਿਣਤੀ ਵਿਚ ਵਾਪਰਦੇ ਭਿਆਨਕ ਹਾਦਸਿਆਂ ਨੂੰ ਅਤੇ ਇਨ੍ਹਾਂ ਦੁਆਰਾ ਕਿਸਾਨਾਂ ਦੀਆਂ ਫ਼ਸਲਾਂ ਦੇ ਕੀਤੇ ਜਾਂਦੇ ਭਾਰੀ ਨੁਕਸਾਨ ਨੂੰ ਰੋਕਣ ਲਈ ਅਸਰਦਾਰ ਕਦਮ ਚੁੱਕੇ ਜਾਣ।"

ਮਤਾ ਸੋਧਨਾ ਸਮੇਤ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

-----

2. NON OFFICIAL RESOLUTION REGARDING RECOMMENDATION TO THE STATE GOVERNMENT TO TAKE EFFECTIVE STEPS TO CONTROL THE EVER INCREASING POPULATION OF STRAY DOGS IN ORDER TO PUT A CURB ON THE FORMIDABLE DAMAGE BEING CAUSED BY THEM.

ਬੀਬੀ ਜਗੀਰ ਕੌਰ : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦੀ ਹਾਂ –

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ ਅਵਾਰਾ ਕੁੱਤਿਆਂ ਦੁਆਰਾ ਕੀਤੇ ਜਾਂਦੇ ਭਾਰੀ ਨੁਕਸਾਨ ਤੋਂ ਬਚਾਉਣ ਅਤੇ ਇਨ੍ਹਾਂ ਦੀ ਤੇਜ਼ੀ ਨਾਲ ਹੋਰ ਵਧਦੀ ਸੰਖਿਆ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਉਪਰਾਲੇ ਕੀਤੇ ਜਾਣ।"

ਸ਼੍ਰੀ ਸਭਾਪਤੀ : ਪ੍ਰਸਤਾਵ ਕੀਤਾ –

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ ਅਵਾਰਾ ਕੁੱਤਿਆਂ ਦੁਆਰਾ ਕੀਤੇ ਜਾਂਦੇ ਭਾਰੀ ਨੁਕਸਾਨ ਤੋਂ ਬਚਾਉਣ ਅਤੇ ਇਨ੍ਹਾਂ ਦੀ ਤੇਜ਼ੀ ਨਾਲ ਹੋਰ ਵਧਦੀ ਸੰਖਿਆ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਉਪਰਾਲੇ ਕੀਤੇ ਜਾਣ।"

ਬਹਿਸ, ਜੇਕਰ ਕੋਈ ਹੋਵੇ?

ਅਵਾਜ਼ਾਂ : ਇਸ ਨੂੰ ਸਰਬਸੰਮਤੀ ਨਾਲ ਪ੍ਰਵਾਨ ਕਰ ਦਿੱਤਾ ਜਾਵੇ ਜੀ। (ਸ਼ੋਰ)

ਬੀਬੀ ਜਗੀਰ ਕੌਰ (ਭੁਲੱਥ) : ਪਰ ਅਸੀਂ ਇਸ ਮਤੇ ਤੇ ਬੋਲਣਾ ਹੈ। ਚੇਅਰਮੈਨ ਸਾਹਿਬ, ਸਭ ਤੋਂ ਪਹਿਲਾਂ ਤਾਂ ਤੁਹਾਡਾ ਧੰਨਵਾਦ ਕਿ ਤੁਸੀਂ ਮਤੇ ਦੀ ਅਹਿਮੀਅਤ ਨੂੰ ਸਮਝਦੇ ਹੋਏ ਅਤੇ ਸਮਾਜ ਦੀ ਗੰਭੀਰ ਅਤੇ ਭਾਰੀ ਨੁਕਸਾਨ ਕਰਨ ਵਾਲੀ ਸਮੱਸਿਆ ਸਬੰਧੀ ਮਤਾ ਪੇਸ਼ ਕਰਕੇ ਬੋਲਣ ਦੀ ਆਗਿਆ ਦਿੱਤੀ ਹੈ, ਮੈਂ ਤੁਹਾਡਾ ਧੰਨਵਾਦ ਕਰਦੀ ਹਾਂ। ਹੁਣੇ ਹੀ ਬੇਸਹਾਰਾ ਅਤੇ ਅਵਾਰਾ ਪਸ਼ੂਆਂ ਦੁਆਰਾ ਕੀਤੇ ਜਾ ਰਹੇ ਨੁਕਸਾਨ ਅਤੇ ਕੀਮਤੀ ਜਾਨਾਂ ਜਾਣ ਸਬੰਧੀ ਮਤਾ ਪਾਸ ਕੀਤਾ ਗਿਆ ਹੈ। ਸਾਨੂੰ ਸਮਾਜ ਵਿੱਚ ਕਿੰਨੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਮੇਸ਼ਾ ਅਵਾਰਾ ਜਾਂ ਬੇਸਹਾਰਾ, ਬੇਲਗਾਮ ਜਾਨਵਰ ਹੀ ਸਮਾਜ ਵਿੱਚ ਨੁਕਸਾਨ ਕਰਦੇ ਹਨ। ਵੈਸੇ ਤਾਂ ਬਾਣੀ ਵਿੱਚ ਵੀ ਪਸ਼ੂਆਂ ਅਤੇ ਕੁੱਤਿਆਂ ਨੂੰ ਚੰਗੇ ਵਫ਼ਾਦਾਰ ਕਿਹਾ ਗਿਆ ਹੈ ਅਤੇ ਬੜਾ ਸਨਮਾਨ ਦਿੱਤਾ ਹੈ।

ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ : ਕੁਤਾ ਰਾਜ ਬਹਾਲੀਐ ਚਕੀ ਚਟਣ ਜਾਇ ਅਨ੍ਹੇਰੇ ॥

ਬੀਬੀ ਜਗੀਰ ਕੌਰ : ਉਹ ਤਾਂ ਰਾਜ ਦੀ ਗੱਲ ਹੈ ਜੀ। ਜਿਹੜੇ ਰਾਜ ਕਰਦੇ ਹੋਏ ਲੋਕਾਂ ਨਾਲ ਮਾੜਾ ਕਰਦੇ ਹਨ। ਜਦੋਂ ਹਰਿਮੰਦਰ ਸਾਹਿਬ ਵਿੱਚ ਇਹ ਸ਼ਬਦ ਚੱਲਦਾ ਸੀ ਉਦੋਂ ਵੀ ਬੜੀ ਪੀੜ ਹੋਈ ਸੀ, ਮੈਂ ਇਹ ਗੱਲ ਨਹੀਂ ਕਰਨੀ ਚਾਹੁੰਦੀ। ਚੇਅਰਮੈਨ ਸਾਹਿਬ, ਪਸ਼ੂਆਂ ਬਾਰੇ ਵੀ ਮੇਰੇ ਪਾਤਸ਼ਾਹ ਨੇ ਆਖਿਆ ਹੈ ਕਿ –

ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥

ਜਿਹੜੇ ਮਨੁੱਖ ਮਾੜੇ ਕੰਮ ਕਰਦੇ ਹਨ ਉਨ੍ਹਾਂ ਨੂੰ ਪਸ਼ੂਆਂ ਨਾਲੋਂ ਵੀ ਮਾੜੇ ਕਿਹਾ ਗਿਆ ਹੈ।

ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ : ਪੁਆਇੰਟ ਆਫ਼ ਆਰਡਰ। ** ** **

Mr. Chairman : No point of order.

ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ : ਇਸ ਮਤੇ ਨੂੰ ਪਾਸ ਕਰ ਦਿਉ। ਸਾਰਾ ਪੈਸਾ ਇੱਧਰ ਲਗਾ ਦਿਉ। ਕੁੱਤਿਆਂ ਨੂੰ ਸਾਂਭੋ, ਹੋਰ ਤਾਂ ਕੋਈ ਸਾਂਭਦਾ ਨਹੀਂ ਹੈ।

ਬੀਬੀ ਜਗੀਰ ਕੌਰ : ਚੇਅਰਮੈਨ ਸਾਹਿਬ, ਇਹ ਮੇਰੇ ਵੀਰ ਬੜੇ ਸਤਿਕਾਰਯੋਗ ਹਨ, ਟਾਈਮ ਵਧਾ ਕੇ ਇਨ੍ਹਾਂ ਨੂੰ ਵੀ ਇੱਕ ਘੰਟਾ ਬੋਲਣ ਲਈ ਦੇ ਦਿਉ ਅਤੇ ਮੇਰੇ ਬੋਲਣ ਤੋਂ ਬਾਅਦ ਇਹ ਮਤੇ ਦੀ ਪ੍ਰੋੜ੍ਹਤਾ ਕਰ ਦੇਣ। ਜਿਹੜੇ ਕੁੱਤੇ ਹਨ.... (ਹਾਸਾ) ਦੱਸੋ ਭਲਾ ਤੁਸੀਂ ਕੁੱਤੇ ਸ਼ਬਦ ਤੋਂ ਹੱਸਦੇ ਕਿਉਂ ਹੋ? (ਸ਼ੋਰ, ਵਿਘਨ) ਇਹ ਬੜਾ ਸੀਰੀਅਸ ਮਸਲਾ ਹੈ, ਤੁਸੀਂ ਹੱਸੋ ਨਾ, ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। (ਸ਼ੋਰ, ਵਿਘਨ) ਕੁੱਤੇ ਬੜੀ ਕਿਸਮ ਦੇ ਹੁੰਦੇ ਹਨ।

ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ : ਪੁਆਇੰਟ ਆਫ਼ ਆਰਡਰ। ** ** **

Mr. Chairman : No point of order.

ਬੀਬੀ ਜਗੀਰ ਕੌਰ : ਕੁਝ ਕੁੱਤੇ ਜਿਹੜੇ ਪਾਲਤੂ ਹੁੰਦੇ ਹਨ, ਉਹ ਬੜੇ ਵਫ਼ਾਦਾਰ ਹੁੰਦੇ ਹਨ। ਕੁੱਤਿਆਂ ਨੂੰ ਪਾਲਣ ਵਾਸਤੇ ਲੋਕ ਬੜਾ ਖਰਚ ਕਰਦੇ ਹਨ

** Expunged as ordered by the Chair.

ਕਿਉਂਕਿ ਉਸ ਦੀ ਵਫ਼ਾਦਾਰੀ...(ਸ਼ੋਰ, ਵਿਘਨ) ਇਹ ਬੜਾ ਗੰਭੀਰ ਮਸਲਾ ਹੈ। (ਵਿਘਨ, ਸ਼ੋਰ) ਮੇਰੇ ਆਪਣੇ ਵਿਚਾਰ ਮੈਨੂੰ ਕਹਿ ਲੈਣ ਦਿਉ। ਕਿਸੇ ਵੀ ਮਸਲੇ ਤੇ ਬੋਲਣ ਲਈ ਮੈਨੂੰ ਤੁਸੀਂ ਰੋਕਦੇ ਕਿਉਂ ਹੋ?

ਸਿੱਖਿਆ ਮੰਤਰੀ (ਡਾਕਟਰ ਦਲਜੀਤ ਸਿੰਘ ਚੀਮਾ) : ਚੇਅਰਮੈਨ ਸਾਹਿਬ, ਬੇਨਤੀ ਹੈ ਕਿ ਪਹਿਲਾਂ ਬਿਨਾ ਡਿਸਕਸ ਕੀਤਿਆਂ ਹੀ ਮਤੇ ਪਾਸ ਹੁੰਦੇ ਸਨ ਇਸੇ ਲਈ ਹੀ ਇਨ੍ਹਾਂ ਦਾ ਕੋਈ ਹੱਲ ਨਹੀਂ ਸੀ ਨਿਕਲਦਾ। ਵਿਧਾਨ ਸਭਾ ਇਸ ਵਾਸਤੇ ਹੀ ਹੈ ਕਿ ਹਰ ਸਮੱਸਿਆ ਨੂੰ ਡਿਸਕਸ ਕੀਤਾ ਜਾਵੇ ਅਤੇ ਉਸ ਮਸਲੇ ਦਾ ਕੋਈ ਹੱਲ ਲੱਭਿਆ ਜਾਵੇ ਅਤੇ ਉਸ ਮੁਤਾਬਕ ਕੋਈ ਫੈਸਲਾ ਲਿਆ ਜਾ ਸਕੇ। (ਵਿਘਨ, ਸ਼ੋਰ)

ਸ਼੍ਰੀ ਸਭਾਪਤੀ : ਪਲੀਜ਼ ਉਨ੍ਹਾਂ ਨੂੰ ਬੋਲਣ ਦਿਉ।

ਬੀਬੀ ਜਗੀਰ ਕੌਰ : ਜਿਹੜੇ ਵਫ਼ਾਦਾਰ ਕੀਮਤੀ ਕੁੱਤੇ ਹੁੰਦੇ ਹਨ, ਜਿਸ ਤਰ੍ਹਾਂ ਪਗ ਕੁੱਤਾ ਹੋਵੇ, ਬੱਚੇ ਉਸ ਨੂੰ ਬੜਾ ਪਿਆਰ ਕਰਦੇ ਹਨ। ਜਰਮਨ ਸ਼ੈਫਰਡ ਹੋਵੇ ਜਾਂ ਲੈਬਰੇ ਹੋਵੇ ....(ਵਿਘਨ)

ਸਰਦਾਰ ਬਲਬੀਰ ਸਿੰਘ ਸਿੱਧੂ : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ। ਬੀਬੀ ਜੀ ਤਾਂ ਬੜਾ ਲੰਮਾ ਸਮਾਂ ਖਰਾਬ ਕਰਨਗੇ, ਕੱਲ੍ਹ ਮੋਹਾਲੀ ਦੇ ਨਗਰ ਨਿਗਮ ਦੇ ਕਮਿਸ਼ਨਰ ਦਾ ਬਿਆਨ ਆਇਆ ਹੈ ਕਿ ਉਨ੍ਹਾਂ ਨੇ ਪ੍ਰਾਈਵੇਟ ਕੰਪਨੀ ਨਾਲ ਕੰਟਰੈਕਟ ਕੀਤਾ ਹੈ ਜੋ ਹਰ ਰੋਜ਼ 12 ਕੁੱਤਿਆਂ ਦੀ ਨਸਬੰਦੀ ਕਰਿਆ ਕਰਨਗੇ। ਇਸ ਸਿਸਟਮ ਨੂੰ ਸਾਰੇ ਪੰਜਾਬ ਵਿਚ ਹੀ ਅਡਾਪਟ ਕਰ ਲਿਆ ਜਾਵੇ। ਆਪਾਂ ਕਿਸ ਗੱਲ ਤੋਂ ਇੰਨਾ ਕੀਮਤੀ ਟਾਈਮ ਜ਼ਾਇਆ ਕਰ ਰਹੇ ਹਾਂ?

ਸ਼੍ਰੀ ਸਭਾਪਤੀ : ਬੈਠੋ ਜੀ। ਬੀਬੀ ਜੀ, ਤੁਸੀਂ ਜਾਰੀ ਰੱਖੋ।

ਬੀਬੀ ਜਗੀਰ ਕੌਰ : ਤੁਹਾਡਾ ਸੁਝਾਓ ਠੀਕ ਹੈ। ਚੇਅਰਮੈਨ ਸਾਹਿਬ, ਬੜਾ ਅਫ਼ਸੋਸ ਹੈ ਕਿ ਜੇ ਹਾਊਸ ਵਿਚ ਬੋਲਣ ਦਾ ਟਾਈਮ ਨਾ ਦਿੱਤਾ ਜਾਵੇ ਤਾਂ ਵੀ ਸਾਨੂੰ ਤਕਲੀਫ਼ ਹੈ। ਜੇਕਰ ਸਾਨੂੰ ਐਮ.ਐਲ.ਏਜ਼ ਨੂੰ ਬੋਲਣ ਦਾ ਟਾਈਮ ਮਿਲਦਾ ਹੈ, ਅਸੀਂ ਤਾਂ ਵੀ ਤਕਲੀਫ਼ ਵਿਚ ਹਾਂ। ਮੈਨੂੰ ਬੋਲਣ ਲਈ ਟਾਈਮ ਮਿਲਿਆ ਹੈ, ਮੈਂ ਤਾਂ ਬੋਲਾਂਗੀ। ਜਦੋਂ ਤੁਹਾਨੂੰ ਟਾਈਮ ਮਿਲੇਗਾ ਤੁਸੀਂ ਬੋਲ ਲੈਣਾ।

[ਬੀਬੀ ਜਗੀਰ ਕੌਰ]

ਚੇਅਰਮੈਨ ਸਾਹਿਬ, ਮੇਰੇ ਵੱਲੋਂ ਭਾਵੇਂ ਹਾਊਸ ਦਾ ਟਾਈਮ ਵਧਾ ਲਵੋ ਤੇ ਇਨ੍ਹਾਂ ਨੂੰ ਬੋਲਣ ਦਾ ਟਾਈਮ ਦੇ ਦਿਉ। ਤੁਸੀਂ ਮੇਰਾ ਟਾਈਮ ਕਿਉਂ ਖਰਾਬ ਕਰ ਰਹੇ ਹੋ?

ਚੇਅਰਮੈਨ ਸਾਹਿਬ, ਜਿਹੜੇ ਵਫ਼ਾਦਾਰ ਕੁੱਤੇ ਹੁੰਦੇ ਹਨ, ਉਨ੍ਹਾਂ ਦੀਆਂ ਦੋ ਕਿਸਮਾਂ ਹੁੰਦੀਆਂ ਹਨ। ਇਕ ਜਰਮਨ ਸ਼ੈਫਰਡ ਅਤੇ ਦੂਜਾ ਲੈਬਰੇ, ਜਿਨ੍ਹਾਂ ਨੂੰ ਪੁਲਿਸ ਵੀ ਵਰਤਦੀ ਹੈ। ਜੰਗਲਾਂ ਵਿਚੋਂ ਕੋਈ ਮਾੜੇ ਅਨਸਰ ਲੱਭਣੇ ਹੋਣ ਜਾਂ ਡਰੱਗਜ਼ ਲੱਭਣੇ ਹੋਣ ਜਾਂ ਕੋਈ ਹੋਰ ਇਹੋ ਜਿਹੀ ਖੋਜ ਕਰਨੀ ਹੋਵੇ ਤਾਂ ਫਿਰ ਇਹ ਕੀਮਤੀ ਕੁੱਤੇ ਬਹੁਤ ਕੰਮ ਆਉਂਦੇ ਹਨ। ਪੁਲਿਸ ਇਨ੍ਹਾਂ ਕੁੱਤਿਆਂ ਦੀ ਵਰਤੋਂ ਕਰਦੀ ਹੈ ਪਰ ਅੱਜ ਦਾ ਵਿਸ਼ਾ ਅਵਾਰਾ ਕੁੱਤਿਆਂ ਦਾ ਹੈ। ਇਕ ਅਵਾਰਾ ਕੁੱਤੇ ਹੁੰਦੇ ਹਨ ਤੇ ਇਕ ਹਲਕਾਏ ਕੁੱਤੇ ਹੁੰਦੇ ਹਨ। ਅਵਾਰਾ ਕੁੱਤੇ ਬਹੁਤ ਭੌਂਕਦੇ ਹਨ, (ਹਾਸਾ) ਗਲੀਆਂ ਵਿਚ ਵੀ ਬਹੁਤ ਭੌਂਕਦੇ ਹਨ ਅਤੇ ਬਜ਼ਾਰਾਂ ਵਿਚ ਵੀ ਬਹੁਤ ਭੌਂਕਦੇ ਹਨ। ਫਿਰ ਉਨ੍ਹਾਂ ਕੁੱਤਿਆਂ ਨੂੰ ਪਟੇ ਪਾਉਣ ਦੀ ਲੋੜ ਹੁੰਦੀ ਹੈ। ਸੋ, ਜਿਹੜੇ ਇਹ ਅਵਾਰਾ ਕੁੱਤੇ ਹਨ....(ਵਿਘਨ) ਤੁਸੀਂ ਪਤਾ ਨਹੀਂ ਦੁਖੀ ਹੋ ਕਿ ਨਹੀਂ ਪਰ ਮੈਂ ਭੌਂਕਣ ਵਾਲੇ ਕੁੱਤਿਆਂ ਤੋਂ ਬਹੁਤ ਦੁਖੀ ਹਾਂ।.....(ਹਾਸਾ, ਥੰਪਿੰਗ) ਇੰਨੀ ਦੁਖੀ ਹਾਂ ਕਿ ਮੈਂ ਆਪਣੇ ਇਲਾਕੇ ਦੇ ਹਲਕਾਏ ਕੁੱਤਿਆਂ ਦੀ ਐਗਜ਼ਾਂਪਲ ਦਿਆਂਗੀ ਅਤੇ ਅਵਾਰਾ ਕੁੱਤਿਆਂ ਦੀ ਐਗਜ਼ਾਂਪਲ ਦਿਆਂਗੀ। ਸਾਡੇ ਇਲਾਕੇ ਵਿੱਚ ਇਕ ਕੁੱਤਾ ਹਲਕਾਅ ਗਿਆ, ਗਿਲਜੀਆਂ ਸਾਹਿਬ ਵੀ ਜਾਣਦੇ ਹਨ, ਉਥੇ ਇਕ ਡਾਕਟਰ ਹੈ, ਡਾਕਟਰ ਗੁਰਬਚਨ ਸਿੰਘ, ਨਾਂ ਤਾਂ ਨਹੀਂ ਲੈਣਾ ਚਾਹੀਦਾ ਸੀ ਪ੍ਰੰਤੂ ਮੈਂ ਐਗਜ਼ਾਂਪਲ ਦੇਣ ਲੱਗੀ ਹਾਂ। ਕਪੂਰਥਲਾ ਜ਼ਿਲ੍ਹੇ ਵਿਚ ਉਸ ਡਾਕਟਰ ਦਾ ਬਾਪ, ਜੋ ਸੂਬੇਦਾਰ ਰਿਟਾਇਰ ਹੋਇਆ ਸੀ, ਨੂੰ ਉਸ ਹਲਕਾਏ ਕੁੱਤੇ ਨੇ ਕੱਟ ਲਿਆ। ਉਹ ਸੂਬੇਦਾਰ ਮਿੰਟਾਂ-ਸਕਿੰਟਾਂ ਵਿਚ ਹੀ ਮਰ ਗਿਆ। ਉਸ ਪਰਿਵਾਰ ਦਾ ਇੰਨਾ ਵੱਡਾ ਨੁਕਸਾਨ ਹੋਇਆ। ਉਹ ਵਿਚਾਰਾ ਗਰੀਬ ਸੀ, ਸੂਬੇਦਾਰੀ ਵਿਚੋਂ ਹੀ ਆਪਣੇ ਬੱਚਿਆਂ ਨੂੰ ਮੈਡੀਕਲ ਵਿਚ ਪੜ੍ਹਾ ਰਿਹਾ ਸੀ। ਅਖ਼ੀਰ ਨੂੰ ਉਹ ਲੜਕਾ ਡਾਕਟਰ ਬਣ ਗਿਆ।......(ਵਿਘਨ) ਮੈਂ ਐਗਜ਼ਾਂਪਲ ਦੇ ਰਹੀ ਹਾਂ। ਵੇਖੋ, ਕਿੰਨਾ ਸੀਰੀਅਸ ਮਸਲਾ ਹੈ ਅਤੇ ਅਸੀਂ ਇਸ ਮਸਲੇ ਨੂੰ ਹਾਸੇ ਵਿਚ ਪਾ ਰਹੇ ਹਾਂ।

ਸਾਡੇ ਹਲਕੇ ਵਿੱਚ ਇਕ ਹੋਰ ਵੀ ਬੜਾ ਵੱਡਾ ਕੁੱਤਾ ਹੈ......(ਮੈਂਬਰ ਸਾਹਿਬਾ ਵੱਲੋਂ ਹਾਸਾ ਅਤੇ ਸਦਨ ਵਿਚ ਹਾਸਾ) ਨਹੀਂ ਕੁੱਤੇ ਹਨ। ਦੇਖੋ ਜੀ, ਮੇਰੇ ਟਾਪਿਕ ਵਿਚ ਹੱਸਣਾ ਨਹੀਂ ਹੈ। ਇਕ ਵਾਰੀ ਮੁੱਖ ਮੰਤਰੀ, ਸਰਦਾਰ

ਪਰਕਾਸ਼ ਸਿੰਘ ਬਾਦਲ ਉਥੇ ਸਬ-ਡਵੀਜ਼ਨ ਦਾ ਨੀਂਹ ਪੱਥਰ ਰੱਖਣ ਗਏ ਸਨ। ਕੁੱਤਿਆਂ ਨੇ ਅੱਗੋਂ ਗੱਡੀ ਨੂੰ ਘੇਰ ਲਿਆ। ਇਕ ਜਿਹੜਾ ਵੱਡਾ ਕੁੱਤਾ ਸੀ, ਪੁਲਿਸ ਉਸ ਨੂੰ ਭਜਾਉਣ ਵਾਸਤੇ ਪਿੱਛੇ ਲੱਗ ਗਈ। ਉਨ੍ਹਾਂ ਵਿਚੋਂ ਕੁਝ ਤਾਂ ਫੜ ਲਏ ਗਏ ਅਤੇ ਕੁਝ ਭੱਜ ਗਏ। ਗੱਲ ਇਹ ਹੋਈ ਕਿ ਚਾਰ ਪੁਲਿਸ ਮੁਲਾਜ਼ਮ, ਜਿਨ੍ਹਾਂ ਵਿਚ ਇਕ ਐਸ.ਐਚ.ਓ. ਸੀ ਤੇ ਦੂਜੇ ਕਾਂਸਟੇਬਲ ਇਸ ਕਰਕੇ ਸਸਪੈਂਡ ਕਰ ਦਿੱਤੇ ਗਏ ਕਿ ਉਹ ਕੁੱਤੇ ਗੱਡੀ ਦੇ ਲਾਗੇ ਕਿਸ ਤਰ੍ਹਾਂ ਆ ਗਏ। ਉਥੇ ਕੁੱਤੇ ਹੈ ਹੀ ਭੌਂਕਣ ਵਾਲੇ ਸਨ ਅਤੇ ਉਨ੍ਹਾਂ ਕੋਲੋਂ ਗੱਡੀ ਬਚਾਉਣੀ ਔਖੀ ਹੋ ਗਈ।

ਚੇਅਰਮੈਨ ਸਾਹਿਬ, ਸਾਡੇ ਇਲਾਕੇ ਵਿੱਚ ਬੜਾ ਨਾਮੀ ਬੰਦਾ ਸੀ, ਵਧੀਆ ਬੰਦਾ ਸੀ, ਮੈਂ ਉਸ ਨੂੰ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਵੀ ਲੜਵਾਈ ਸੀ। ਉਸ ਨੇ ਆਪਣੇ ਘਰ ਵਿਚ ਬੜੇ ਕੁੱਤੇ ਰੱਖੇ ਹੋਏ ਸਨ। ਜਰਮਨ ਸ਼ੈਫਰਡ, ਲੈਬਰੇ ਤੇ ਪਗ ਕੁੱਤੇ ਪਾਲੇ ਹੋਏ ਸਨ। ਉਸ ਦੇ ਘਰ ਕੋਈ ਵੜ ਨਹੀਂ ਸੀ ਸਕਦਾ ਕਿਉਂਜੋ ਉਸ ਦੇ ਘਰ ਨੂੰ ਵੱਡੇ ਗੇਟ ਲੱਗੇ ਹੋਏ ਸਨ। ਲੋਕ ਗੱਲਾਂ ਕਰਦੇ ਹੁੰਦੇ ਸਨ ਕਿ ਬੜਾ ਕੰਟ੍ਰੋਲ ਕੀਤਾ ਹੋਇਆ ਹੈ ਅਤੇ ਕੋਈ ਵੀ ਉਸ ਦੇ ਘਰ ਵੜ ਨਹੀਂ ਸਕਦਾ। ਕੁਦਰਤੀ ਇਕ ਵਾਰੀ ਉਸ ਦੇ ਘਰ ਇਕ ਹਲਕਿਆ ਹੋਇਆ ਕੁੱਤਾ ਵੜ ਗਿਆ। ਉਹ ਉਸ ਦੇ ਕੁੱਤਿਆਂ ਵਿਚੋਂ ਇਕ ਕੁੱਤੇ ਨੂੰ ਕੱਟ ਗਿਆ। ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਹਲਕਾਇਆ ਕੁੱਤਾ ਜੇ ਕਿਸੇ ਬੰਦੇ ਨੂੰ ਕੱਟ ਜਾਵੇ ਤਾਂ ਉਹ ਵੀ ਹਲਕਾਅ ਜਾਂਦਾ ਹੈ। ਇਹ ਤਾਂ ਸੱਚਾਈ ਹੈ ਕਿ ਗਲਤ ਹੈ? ਕਿਉਂ ਸੇਖੜੀ ਸਾਹਿਬ, ਮੈਂ ਸਹੀ ਗੱਲ ਕਰ ਰਹੀ ਹਾਂ ਜਾਂ ਗਲਤ ਕਰ ਰਹੀ ਹਾਂ? ਚੇਅਰਮੈਨ ਸਾਹਿਬ, ਉਹ ਕੁੱਤਾ ਬੜਾ ਪਿਆਰਾ ਸੀ, ਪਾਲਤੂ ਸੀ..........

ਸਰਦਾਰ ਚਰਨਜੀਤ ਸਿੰਘ ਚੰਨੀ : ** ** **

ਸ਼੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

ਬੀਬੀ ਜਗੀਰ ਕੌਰ : ਇਸ ਨਾਲ ਬਹੁਤ ਨੁਕਸਾਨ ਹੋਇਆ, ਉਸ ਵਿਅਕਤੀ ਦੇ ਅੰਦਰ ਵੀ ਹਲਕਾਅ ਦੇ ਜਰਮ ਆ ਗਏ। ਇਨ੍ਹਾਂ ਜਰਮਾਂ ਨੇ ਉਸ ਵਿਚਾਰੇ ਦਾ ਇੰਨਾ ਨੁਕਸਾਨ ਕੀਤਾ ਕਿ ਸਾਡੇ ਲੋਕੀਂ ਕਹਿਣ ਲੱਗ ਗਏ ਕਿ ਇਸ ਨੂੰ ਆਪਣੇ ਵਿੱਚ ਬੈਠਣ ਨਹੀਂ ਦੇਣਾ। ਇਸ ਨੂੰ ਮੀਟਿੰਗ ਵਿੱਚ ਨਹੀਂ ਆਉਣ ਦੇਣਾ। ਇੰਨਾ ਨੁਕਸਾਨ ਹੋਇਆ। ਚਲੋ ਖੈਰ, ਉਹ ਚਲਾ ਗਿਆ। ਉਸ ਤੋਂ

** Expunged as ordered by the Chair.

[ਬੀਬੀ ਜਗੀਰ ਕੌਰ]

ਬਾਅਦ ਅੱਜ ਅਸੀਂ ਦੇਖਦੇ ਹਾਂ ਛੋਟੇ ਛੋਟੇ ਬੱਚੇ ਗਲੀਆਂ ਵਿੱਚ ਜਾਣ ਤੇ ਡਰ ਲੱਗਿਆ ਰਹਿੰਦਾ ਹੈ ਕਿ ਪਤਾ ਨਹੀਂ ਕਦੋਂ ਨੋਚ ਨੋਚ ਕੇ ਬੱਚੇ ਨੂੰ ਮਾਰ ਦੇਣਾ ਹੈ। ਸਾਡੀਆਂ ਵੀ ਦੋ ਮੱਝਾਂ ਸਨ। ਉਨ੍ਹਾਂ ਵਿਚੋਂ ਇੱਕ ਨੇ ਕੱਟਾ ਤੇ ਇੱਕ ਨੇ ਕੱਟੀ ਨੂੰ ਜਨਮ ਦਿੱਤਾ। ਤੁਸੀਂ ਸੱਚ ਜਾਣਿਓ, ਮੇਰੀ ਹਵੇਲੀ ਵਿੱਚ ਹੀ ਦੋ ਅਵਾਰਾ ਕੁੱਤੇ ਆਏ ਤੇ ਉਨ੍ਹਾਂ ਨੂੰ ਨੋਚ ਨੋਚ ਕੇ ਖਾ ਗਏ। ਉਨ੍ਹਾਂ ਦੀ ਹਾਲਤ ਦੇਖ ਕੇ ਮੈਂ ਆਪ ਰੋ ਪਈ। ਸਾਡੇ ਬੱਚੇ ਰੋ ਪਏ ਕਿ ਸਾਡੀ ਕੱਟੀ ਨੂੰ ਕੀ ਹੋ ਗਿਆ। ਇਸ ਕਰਕੇ ਮੈਂ ਕਹਿ ਰਹੀ ਹਾਂ ਕਿ ਇਹ ਬੜਾ ਸੀਰੀਅਸ ਮਸਲਾ ਹੈ।

ਮੇਰੀ ਬੇਨਤੀ ਹੈ ਕਿ ਡਬਲਿਊ.ਐਚ.ਓ. ਨੇ ਗਿਣਤੀ ਦੱਸੀ ਹੈ ਕਿ 55,000 ਮੌਤਾਂ ਅਵਾਰਾ ਕੁੱਤਿਆਂ ਕਾਰਨ ਹੋਈਆਂ ਹਨ ਤੇ ਮੇਰਾ ਖਿਆਲ ਹੈ ਕਿ ਇਕੱਲੇ ਭਾਰਤ ਵਿੱਚ ਇਹ ਗਿਣਤੀ ਤਕਰੀਬਨ 20,000 ਦੇ ਕਰੀਬ ਹੈ। 20,000 ਦੇ ਕਰੀਬ ਮੌਤਾਂ ਹਲਕਾਏ ਕੁੱਤਿਆਂ ਅਤੇ ਅਵਾਰਾ ਕੁੱਤਿਆਂ ਕਾਰਨ ਹੋਈਆਂ। ਇਹ ਜਿਹੜੀ ਇੰਨੀ ਵੱਡੀ ਗਿਣਤੀ ਹੈ, ਇਹ ਸਰਕਾਰੀ ਤੌਰ ਤੇ ਹੈ। ਜੇਕਰ ਗੈਰ ਸਰਕਾਰੀ ਅੰਕੜੇ ਦੇਖੇ ਜਾਣ ਤਾਂ ਇਹ ਗਿਣਤੀ ਦੋ-ਤਿੰਨ ਗੁਣਾਂ ਜ਼ਿਆਦਾ ਹੈ। ਕੋਈ ਪੈਦਲ ਤੁਰਿਆ ਜਾਂਦਾ ਬੰਦਾ ਹੋਵੇ, ਕੋਈ ਬਜ਼ੁਰਗ ਹੋਵੇ, ਕੋਈ ਬੱਚਾ ਹੋਵੇ, ਜਦੋਂ ਉਸ ਨੂੰ ਕੁੱਤੇ ਘੇਰ ਲੈਣ, ਮੇਰਾ ਖਿਆਲ ਹੈ ਕਿ ਉਸ ਦੀ ਜ਼ਿੰਦਗੀ ਨੂੰ ਖ਼ਤਰਾ ਪੈਦਾ ਹੋ ਜਾਂਦਾ ਹੈ। ਇਸ ਕਾਰਨ ਅੱਜ ਸੜਕ ਤੇ ਚੜ੍ਹਨਾ ਵੀ ਔਖਾ ਹੈ, ਸੜਕ ਤੇ ਚੱਲਣਾ ਵੀ ਔਖਾ ਹੈ।

ਚੇਅਰਮੈਨ ਸਾਹਿਬ, ਹੁਣੇ ਮੇਰੇ ਲੁਧਿਆਣੇ ਦੇ ਵੀਰ ਬੈਂਸ ਸਾਹਿਬ ਬੋਲ ਰਹੇ ਸਨ, ਮੈਂ ਪਿੱਛੇ ਪੜ੍ਹ ਰਹੀ ਸੀ, ਮੈਂ ਕਿਹਾ ਕਿ ਮਸਲਾ ਬੜਾ ਗੰਭੀਰ ਆਉਣਾ ਹੈ, ਆਪਾਂ ਇਸ ਨੂੰ ਸ਼ਿੱਦਤ ਨਾਲ ਲਈਏ। ਸਰਕਾਰ ਤੋਂ ਤਾਂ ਅਸੀਂ ਜੋ ਮਰਜ਼ੀ ਕਰਵਾਈ ਜਾਈਏ। ਆਪਾਂ ਅੰਦਰ ਬੋਲਾਂਗੇ ਤਾਂ ਹੀ ਸਾਡੀ ਅਵਾਜ਼ ਸਰਕਾਰ ਤੱਕ ਜਾਵੇਗੀ, ਤੁਹਾਡੀ ਵੀ ਜਾਵੇਗੀ। ਤੁਸੀਂ ਵੀ ਇਸ ਮਸਲੇ ਤੇ ਜਿੰਨਾ ਮਰਜ਼ੀ ਬੋਲੋ। ਚੇਅਰਮੈਨ ਸਾਹਿਬ, ਲੁਧਿਆਣੇ ਜ਼ਿਲ੍ਹੇ ਵਿੱਚ ਪੱਖੋਵਾਲ ਰੋਡ ਤੇ ਜਰਨੈਲ ਸਿੰਘ ਨਾਂ ਦਾ 40-45 ਸਾਲ ਦਾ ਨੌਜਵਾਨ, ਉਸ ਨੂੰ ਕੁੱਤਿਆਂ ਨੇ ਪਾੜ ਪਾੜ ਕੇ ਮਾਰ ਦਿੱਤਾ। ਇੱਕ ਮੁਖਤਿਆਰ ਸਿੰਘ ਨਾਂ ਦਾ ਨੌਜਵਾਨ ਕੁੱਤਿਆਂ ਨੇ ਪਾੜ ਪਾੜ ਕੇ, ਨੋਚ ਨੋਚ ਕੇ ਖਾ ਲਿਆ।

*2.23 ਵਜੇ ਬਾਅਦ ਦੁਪਹਿਰ (*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਜਵਾਨੀ ਵਿੱਚ ਹੀ ਉਸ ਦੀ ਜ਼ਿੰਦਗੀ ਖ਼ਤਮ ਹੋ ਗਈ। ਮੈਂ ਸਮਝਦੀ ਹਾਂ ਕਿ ਇਹ ਬੜਾ ਗੰਭੀਰ ਮਸਲਾ ਹੈ ਤੇ ਗੰਭੀਰ ਸਮੱਸਿਆ ਹੈ। ਮੇਰੇ ਪਾਤਸ਼ਾਹ ਨੇ ਵਫ਼ਾਦਾਰ ਕੁੱਤਿਆਂ ਵਾਸਤੇ ਤਾਂ ਬਾਣੀ ਵਿੱਚ ਵੀ ਕਿਹਾ ਹੈ, ਉਦਾਹਰਣਾਂ ਦਿੱਤੀਆਂ ਹਨ :

ਹਮ ਕੂਕਰ ਤੇਰੇ ਦਰਬਾਰਿ ॥ ਭਉਕਹਿ ਆਗੈ ਬਦਨੁ ਪਸਾਰਿ ॥

ਜਿਹੜਾ ਵਫ਼ਾਦਾਰ ਕੁੱਤਾ ਹੈ, ਉਹ ਤਾਂ ਭੌਂਕਦਾ ਹੈ ਜੇ ਮਾਲਕ ਆਵੇ। ਖੁਸ਼ ਹੁੰਦਾ ਹੈ, ਪੂੰਛ ਹਿਲਾਉਂਦਾ ਹੈ ਤੇ ਅੱਗੇ ਲੰਮਾ ਪੈ ਪੈ ਕੇ ਉਸ ਨੂੰ ਖੁਸ਼ ਕਰਦਾ ਹੈ ਪਰ ਜਿਹੜੇ ਅਵਾਰਾ ਕੁੱਤੇ ਹਨ, ਬਿਨਾ ਪਟੇ ਵਾਲੇ ਕੁੱਤੇ ਹਨ, ਉਨ੍ਹਾਂ ਵਾਸਤੇ ਅਸੀਂ ਦੇਖਣਾ ਹੈ ਕਿ ਉਨ੍ਹਾਂ ਲੋਕਾਂ ਨੂੰ .... (ਹਾਸਾ) ਉਨ੍ਹਾਂ ਕੁੱਤਿਆਂ ਨੂੰ ਕਿਵੇਂ ਸੰਭਾਲਣਾ ਹੈ। ਜ਼ਬਾਨ ਵਿੱਚੋਂ ਨਿਕਲ ਜਾਂਦਾ ਹੈ, ਮੈਂ ਮਾਫ਼ੀ ਮੰਗਦੀ ਹਾਂ। ਮੈਂ ਸਵੇਰੇ ਪੜ੍ਹ ਰਹੀ ਸੀ, ਬਾਣੀ ਵਿੱਚ ਲਿਖਿਆ ਹੈ :

ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥

ਇਹ ਮਤ ਸੋਚੀਏ ਕਿ ਜਾਨਵਰ, ਕਈ ਵਾਰ ਵਿਅਕਤੀ ਇਸ ਜਾਮੇ ਵਿੱਚ ਵੀ ਐਸੇ ਕਰਮ ਕਰਦਾ ਹੈ, ਲੋਭ ਨੂੰ ਕੁੱਤਾ ਕਿਹਾ ਹੈ। ਜਿਹੜਾ ਮਨੁੱਖ ਲੋਭੀ ਹੋਵੇ, ਹੰਕਾਰਿਆ ਹੋਵੇ, ਵਾਸਤਵ ਵਿੱਚ ਉਸ ਨੂੰ ਬਾਣੀ ਵਿੱਚ ਕੁੱਤਾ ਹੀ ਕਿਹਾ ਗਿਆ ਹੈ। ਸਾਨੂੰ ਵੀ ਦੇਖਣਾ ਪਵੇਗਾ – ਕਰਤੂਤ ਪਸੂ ਕੀ ਮਾਨਸ ਜਾਤਿ। ਕੋਈ ਜ਼ਰੂਰੀ ਤਾਂ ਨਹੀਂ ਕਿ ਅਸੀਂ ਇਸ ਜਾਮੇ ਵਿੱਚ ਹੀ ਸਾਰੇ ਸੰਪੂਰਣ ਹਾਂ। ਕੋਈ ਜ਼ਰੂਰੀ ਤਾਂ ਨਹੀਂ ਕਿ ਅਸੀਂ ਸਾਰੇ ਇਨਸਾਨ ਹੀ ਹਾਂ। ਅਸੀਂ ਤਾਂ ਇਨਸਾਨ ਨੂੰ ਬਚਾਉਣ ਦੀ ਗੱਲ ਕਰ ਰਹੇ ਹਾਂ। ਮੈਂ ਤਾਂ ਕਹਿੰਦੀ ਹਾਂ ਕਿ ਮਨੁੱਖ ਜਿਹੜਾ ਲੋਭੀ ਹੈ, ਜਿਹੜਾ ਇਹੋ ਜਿਹੀ ਸੋਚ ਰੱਖਦਾ ਹੈ, ਉਸ ਤੋਂ ਵੀ ਬਚਣਾ ਚਾਹੀਦਾ ਹੈ। ਉਸ ਦਾ ਵੀ ਸੁਧਾਰ ਕਰਨਾ ਚਾਹੀਦਾ ਹੈ। ਕੁੱਤਾ ਸ਼ਬਦ ਲੋਭੀ ਵਾਸਤੇ ਵੀ ਵਰਤਿਆ ਗਿਆ ਹੈ।

ਮੈਂ ਇਹ ਗੱਲ ਕਹਾਂਗੀ ਕਿ ਇਹ ਮਤਾ ਤਾਂ ਲਿਆਂਦਾ ਗਿਆ ਹੈ ਕਿਉਂਕਿ ਅੱਜ ਇਹ ਸਾਡੇ ਲਈ ਬੜੀ ਵੱਡੀ ਮੁਸੀਬਤ ਹੈ। ਗਲੀਆਂ ਵਿੱਚ, ਬਜ਼ਾਰਾਂ ਵਿੱਚ, ਸੜਕਾਂ ਉਤੇ ਜਾਂ ਕਿਸਾਨ ਖੇਤ ਵਿੱਚ ਇਕੱਲਾ ਨਹੀਂ ਜਾ ਸਕਦਾ। ਕਿਤੇ

[ਬੀਬੀ ਜਗੀਰ ਕੌਰ]

ਰਸਤੇ ਵਿੱਚ, ਖੇਤਾਂ ਵਿੱਚ ਅਵਾਰਾ ਕੁੱਤਾ ਘੇਰ ਲਵੇ ਤਾਂ ਮੇਰਾ ਖਿਆਲ ਹੈ ਕਿਸਾਨ ਘਰ ਨੂੰ ਮੁੜ ਨਹੀਂ ਸਕਦਾ। ਸੋ, ਇਸੇ ਤਰ੍ਹਾਂ ਸਕੂਲਾਂ ਵਿੱਚ ਬੱਚੇ ਜਾਂਦੇ ਹਨ। ਮਾਂ-ਪਿਓ ਚਿੰਤਾ ਹੀ ਕਰਦੇ ਰਹਿੰਦੇ ਹਨ ਕਿ ਬੱਚਾ ਅਸੀਂ ਸਕੂਲ ਭੇਜਿਆ ਹੈ, ਕਿਤੇ ਰਸਤੇ ਵਿੱਚ ਅਵਾਰਾ ਕੁੱਤੇ ਨਾ ਘੇਰ ਲੈਣ। ਅੱਜ ਅਵਾਰਾ ਜਾਂ ਖੂੰਖਾਰ ਕੁੱਤਿਆਂ ਦੀ ਗਿਣਤੀ, ਸਾਡੇ ਪੰਜਾਬ ਵਿੱਚ, ਵੈਸੇ ਤਾਂ ਸਾਰੇ ਦੇਸ਼ ਵਿੱਚ ਹੀ ਹੈ ਪਰ ਸਾਡੇ ਪੰਜਾਬ ਵਿੱਚ ਤਿੰਨ ਲੱਖ ਦੇ ਕਰੀਬ ਦੱਸੀ ਹੈ। ਮੇਰਾ ਖਿਆਲ ਹੈ ਜੇਕਰ ਗੈਰ ਸਰਕਾਰੀ ਤੌਰ ਤੇ ਦੇਖੀਏ ਤਾਂ ਇਹ ਦੋ-ਤਿੰਨ ਗੁਣਾ ਵੱਧ ਹੋਵੇਗੀ। ਇਹ ਬੜਾ ਗੰਭੀਰ ਅਤੇ ਅਹਿਮ ਵਿਸ਼ਾ ਹੈ। ਇਸ ਲਈ ਮੈਂ ਸਮਝਦੀ ਹਾਂ ਕਿ ਸਾਨੂੰ ਸਾਰਿਆਂ ਨੂੰ ਇਸ ਵਿਸ਼ੇ ਤੇ ਬੜੀ ਗੰਭੀਰਤਾ ਨਾਲ ਸੋਚਣਾ ਪਵੇਗਾ। ਅੱਜ ਅਸੀਂ ਆਪਣੇ ਬਚਾਅ ਵਾਸਤੇ, ਬੱਚਿਆਂ ਦੇ ਬਚਾਅ ਵਾਸਤੇ ਜਾਂ ਖੇਤਾਂ ਵਿੱਚ ਕੰਮ ਕਰਨ ਵਾਲੇ ਜ਼ਿੰਮੀਦਾਰਾਂ ਵਾਸਤੇ ਜਾਂ ਛੋਟੇ ਛੋਟੇ ਬੱਚੇ ਜੋ ਸਕੂਲਾਂ ਵਿੱਚ ਜਾਂਦੇ ਹਨ, ਉਨ੍ਹਾਂ ਵਾਸਤੇ ਜਾਂ ਜਿਹੜੇ ਲੋਕ ਇਕੱਲੇ-ਦੁਕੱਲੇ ਰਾਤ ਨੂੰ ਘਰਾਂ ਤੋਂ ਬਾਹਰ ਜਾਂਦੇ ਹਨ, ਉਨ੍ਹਾਂ ਨੂੰ ਬਚਾਉਣ ਲਈ ਇਨ੍ਹਾਂ ਖੂੰਖਾਰ ਅਵਾਰਾ ਕੁੱਤਿਆਂ ਨੂੰ ਸੰਭਾਲਣਾ ਹੈ। ਪਤਾ ਨਹੀਂ ਸ਼ਬਦ ਹੀ ਕਿਸ ਤਰ੍ਹਾਂ ਦਾ ਹੈ, ਕੱਲ੍ਹ ਜਦੋਂ ਇਨ੍ਹਾਂ ਨੇ ਕਿਹਾ ਕਿ ਕੁੱਤਾ-ਖਾਨਾ ਖੋਲ੍ਹਣ ਲੱਗੇ ਹਾਂ....

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ। ਸਪੀਕਰ ਸਾਹਿਬ, ਮੇਰੀ ਪੂਰੇ ਹਾਊਸ ਨੂੰ ਬੇਨਤੀ ਇਹ ਹੈ ਕਿ ਸਿਰਫ਼ ਤਿੰਨ ਮਿੰਟ ਰਹਿੰਦੇ ਹਨ। ਅਗਲਾ ਮਤਾ ਜੇਕਰ ਅਸੀਂ ਚਾਹੀਏ ਵੀ ਤਾਂ ਵੀ ਨਹੀਂ ਆ ਸਕਦਾ ਪਰ ਮੈਂ ਸਾਰੇ ਹਾਊਸ ਨੂੰ ਹੀ ਬੇਨਤੀ ਕਰਦਾ ਹਾਂ, ਖਾਸ ਕਰਕੇ ਉਧਰਲੇ ਬੈਂਚਾਂ ਨੂੰ ....

ਬੀਬੀ ਜਗੀਰ ਕੌਰ : ਸਪੀਕਰ ਸਾਹਿਬ ....

ਸਰਦਾਰ ਚਰਨਜੀਤ ਸਿੰਘ ਚੰਨੀ : ਮੈਨੂੰ ਪੂਰਾ ਬੋਲ ਲੈਣ ਦਿਓ ਜੀ। ** ** ** ਇਸ ਨੂੰ ਤਾਂ ਪਾਸ ਕਰ ਦੇਈਏ ਜੀ, ਹੁਣ ਟਾਈਮ ਨਹੀਂ ਬਚਿਆ। ਇਹ ਮਤਾ ਤਾਂ ਪਾਸ ਕਰ ਦਿਓ ਜੀ।

ਬੀਬੀ ਜਗੀਰ ਕੌਰ : ਕੋਈ ਨਹੀਂ, ਹੋ ਹੀ ਜਾਣਾ ਹੈ ਜੀ ....(ਵਿਘਨ)

ਸਰਦਾਰ ਚਰਨਜੀਤ ਸਿੰਘ ਚੰਨੀ : ਅਗਲਾ ਸ਼ੁਰੂ ਹੋਣ ਨੂੰ ਟਾਈਮ ਲੱਗ ਜਾਵੇਗਾ, ਹੁਣ ਦੋ ਮਿੰਟ ਤਾਂ ਰਹਿ ਗਏ ਹਨ। ਘੱਟ ਤੋਂ ਘੱਟ ਕੁੱਤਿਆਂ ਦਾ ਤਾਂ ਉਧਾਰ ਕਰ ਦਿਓ ....(ਵਿਘਨ)

** Expunged/Not recorded as ordered by the Chair.

ਬੀਬੀ ਜਗੀਰ ਕੌਰ : ਦੇਖੋ, ਇਨਸਾਨ ਦੀ ਜ਼ਿੰਦਗੀ ਨਸ਼ਿਆਂ ਤੋਂ, ਕੁੱਤਿਆਂ ਤੋਂ, ਅਵਾਰਾ ਪਸ਼ੂਆਂ ਤੋਂ ਬਚਾਉਣ ਲਈ ਇਹ ਸਾਰੀ ਡਿਸਕਸ਼ਨ ਬਹੁਤ ਲਾਜ਼ਮੀ ਹੈ।

ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ (ਸਰਦਾਰ ਵਿਰਸਾ ਸਿੰਘ ਵਲਟੋਹਾ) : ਸਪੀਕਰ ਸਾਹਿਬ, ਮੇਰੇ ਸਾਹਮਣੇ ਬੈਠੇ ਵੀਰ ਪਤਾ ਨਹੀਂ ਇਸ ਨੂੰ ਕਿਉਂ ਨਾਨ-ਸੀਰੀਅਸਲੀ ਲੈ ਰਹੇ ਹਨ। ਅੱਜ ਅਵਾਰਾ ਪਸ਼ੂ ਅਤੇ ਅਵਾਰਾ ਕੁੱਤੇ ਪੰਜਾਬ ਦੇ ਅੰਦਰ ਬਹੁਤ ਵੱਡੀ ਸਮੱਸਿਆ ਹਨ। ਉਸ ਸਮੱਸਿਆ ਨੂੰ ਇਹ ਹਾਸੇ ਦੇ ਵਿੱਚ ਲੈ ਰਹੇ ਹਨ, ਨਾਨ-ਸੀਰੀਅਸਲੀ ਲੈ ਰਹੇ ਹਨ। ਕੀ ਇਹ ਕਹਿਣਾ ਚਾਹੁੰਦੇ ਹਨ ਕਿ ਪੰਜਾਬ ਵਿੱਚ ਅਵਾਰਾ ਪਸ਼ੂਆਂ ਦੀ ਸਮੱਸਿਆ ਨਹੀਂ ਹੈ? ਜੇਕਰ ਉਸ ਸਮੱਸਿਆ ਵਾਸਤੇ ਕੋਈ ਸੁਝਾਅ ਆ ਰਹੇ ਹਨ, ਕੀ ਉਹ ਸੁਝਾਅ ਸੁਣਨੇ ਨਹੀਂ ਚਾਹੀਦੇ? ਕੀ ਮੈਂਬਰਾਂ ਨੂੰ ਆਪਣੇ ਵਿਚਾਰ ਜਾਂ ਆਪਣੇ ਜਜ਼ਬਾਤ ਨਹੀਂ ਰੱਖਣੇ ਚਾਹੀਦੇ? ਇਹ ਵਾਰ ਵਾਰ ਉੱਠ ਕੇ ਇਕੋ ਹੀ ਗੱਲ ਕਹੀ ਜਾਂਦੇ ਹਨ।

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਮੈਂ ਸਿਰਫ਼ ਇੱਕ ਮਿੰਟ ਵਿੱਚ ਵਾਈਂਡ ਅੱਪ ਕਰ ਰਹੀ ਹਾਂ। ਸਪੀਕਰ ਸਾਹਿਬ, ਕੱਲ੍ਹ ਜਦੋਂ ਵਿੱਤ ਮੰਤਰੀ ਜੀ ਨੇ ਹਾਊਸ ਵਿੱਚ ਦੱਸਿਆ ਕਿ ਸਾਰੇ ਜ਼ਿਲ੍ਹਿਆਂ ਵਿੱਚ ਕੁੱਤਾ-ਖਾਨੇ ਖੋਲ੍ਹੇ ਜਾ ਰਹੇ ਹਨ ਤਾਂ ਸਾਰੇ ਇਕਦਮ ਹੱਸ ਪਏ ਕਿ ਕੁੱਤਾਖਾਨਾ ਖੋਲ੍ਹਿਆ ਜਾ ਰਿਹਾ ਹੈ। ਪਤਾ ਨਹੀਂ ਇਹ ਸ਼ਬਦ ਹੀ ਇਹੋ ਜਿਹਾ ਲਗਦਾ ਹੈ ਕਿ ਇਸ ਵਿੱਚ ਹਾਸਾ ਆ ਜਾਂਦਾ ਹੈ ਪਰ ਜਿਹੜਾ ਸਾਨੂੰ ਇਨ੍ਹਾਂ ਨੇ ਕੱਲ੍ਹ ਯਕੀਨ ਦਿਵਾਇਆ ਹੈ ਮੈਂ ਇਸ ਵਾਸਤੇ ਧੰਨਵਾਦ ਕਰਦੀ ਹਾਂ। ਮੈਂ ਸਰਕਾਰ ਦਾ ਵੀ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਇਸ ਨੂੰ ਬੜਾ ਸੀਰੀਅਸਲੀ ਲੈ ਕੇ ......

ਮਾਨਯੋਗ ਸਪੀਕਰ : ਬੀਬੀ ਜੀ, ਇੱਕ ਮਿੰਟ। ਕੀ ਤੁਸੀਂ ਚਾਹੁੰਦੇ ਹੋ ਕਿ ਇਸ ਨੂੰ ਯੂਨਾਨੀਮਸਲੀ ਪਾਸ ਕਰ ਦਿੱਤਾ ਜਾਵੇ?

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

ਬੀਬੀ ਜਗੀਰ ਕੌਰ : ਅੰਤ ਵਿੱਚ ਮੈਂ ਅਪੀਲ ਕਰਦੀ ਹਾਂ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। ਬਹੁਤ ਬਹੁਤ ਧੰਨਵਾਦ ਜੀ।

Extension of time of the sitting of the House

ਮਾਨਯੋਗ ਸਪੀਕਰ : ਵੈਸੇ ਤਾਂ ਸਮਾਂ ਖ਼ਤਮ ਹੋ ਗਿਆ ਹੈ, ਜੇਕਰ ਹਾਊਸ ਚਾਹੇ ਤਾਂ ਦੋ ਮਿੰਟ ਲਈ ਸਮਾਂ ਹੋਰ ਵਧਾ ਲੈਂਦੇ ਹਾਂ।

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ (ਸਰਦਾਰ ਵਿਰਸਾ ਸਿੰਘ ਵਲਟੋਹਾ): ਸਪੀਕਰ ਸਾਹਿਬ, ਇਸ ਵਿਚ ਮੈਂ ਥੋੜ੍ਹੀ ਚੇਂਜ ਚਾਹੁੰਦਾ ਹਾਂ, ਉਹ ਇਹ ਕਿ ਇਹ ਮਤਾ ਕੇਂਦਰ ਸਰਕਾਰ ਨੂੰ ਭੇਜਿਆ ਜਾਵੇ।

ਸ਼੍ਰੀ ਸੁਨੀਲ ਜਾਖੜ : ਜੇ ਸਮਾਂ ਐਕਸਟੈਂਡ ਕਰਨਾ ਹੈ ਤਾਂ ਬਿਜ਼ਨਸ ਪੂਰਾ ਹੀ ਕਰ ਲਵੋ ।

ਮਾਨਯੋਗ ਸਪੀਕਰ : ਨਹੀਂ ਹੁਣ ਸਿਰਫ਼ ਮਤਾ ਪਾਸ ਹੋ ਰਿਹਾ ਹੈ। ਸਦਨ ਦਾ ਸਮਾਂ ਦੋ ਮਿੰਟ ਲਈ ਵਧਾਇਆ ਜਾਂਦਾ ਹੈ।

NON OFFICIAL RESOLUTION REGARDING RECOMMENDATION TO THE STATE GOVERNMENT TO TAKE EFFECTIVE STEPS TO CONTROL THE EVER INCREASING POPULATION OF STRAY DOGS IN ORDER TO PUT A CURB ON THE FORMIDABLE DAMAGE BEING CAUSED BY THEM *(Resumption)*

ਮਾਨਯੋਗ ਸਪੀਕਰ : ਪ੍ਰਸ਼ਨ ਹੈ –

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ ਅਵਾਰਾ ਕੁੱਤਿਆਂ ਦੁਆਰਾ ਕੀਤੇ ਜਾਂਦੇ ਭਾਰੀ ਨੁਕਸਾਨ ਤੋਂ ਬਚਾਉਣ ਅਤੇ ਇਨ੍ਹਾਂ ਦੀ ਤੇਜ਼ੀ ਨਾਲ ਹੋਰ ਵਧਦੀ ਸੰਖਿਆ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਉਪਰਾਲੇ ਕੀਤੇ ਜਾਣ।"

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਕਿਸੇ ਨੇ ਨੋਟਿਸ ਦਿੱਤਾ ਨਹੀਂ ਹੈ, ਮੈਂ ਪਿਛਲੀ ਵਾਰੀ ਵੀ ਬੇਨਤੀ ਕੀਤੀ ਸੀ ਕਿ ਜਿਸ ਕਿਸੇ ਵੀਰ ਨੇ ਆਪਣੇ ਹਲਕੇ ਦੀ ਕੋਈ ਗੱਲ ਕਰਨੀ ਹੈ ਤਾਂ ਉਹ ਨੋਟਿਸ ਦੇਣ। ਕਿਸੇ ਨੇ ਨੋਟਿਸ ਨਹੀਂ ਦਿੱਤਾ।

ਆਪੋਜ਼ੀਸ਼ਨ ਪਾਰਟੀ ਵੱਲੋਂ ਅਵਾਜ਼ਾਂ : ਸਪੀਕਰ ਸਾਹਿਬ, ਹੁਣ ਦੇ ਦਿੰਦੇ ਹਾਂ, ਟਾਈਮ ਵਧਾ ਲਵੋ ।

ਮਾਨਯੋਗ ਸਪੀਕਰ : ਨਹੀਂ, ਇਹ ਨਹੀਂ ਹੋ ਸਕਦਾ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਇਨ੍ਹਾਂ ਨੇ ਢਾਈ-ਤਿੰਨ ਘੰਟੇ ਬਰਬਾਦ ਕਰ ਦਿੱਤੇ.....

ਮਾਨਯੋਗ ਸਪੀਕਰ : ਸਦਨ ਸ਼ੁੱਕਰਵਾਰ, ਮਿਤੀ 20 ਮਾਰਚ, 2015 ਦੇ 10.00 ਵਜੇ ਸਵੇਰ ਤੱਕ ਸਥਗਿਤ ਕੀਤਾ ਜਾਂਦਾ ਹੈ।

*2.31 ਵਜੇ ਬਾਅਦ ਦੁਪਹਿਰ — (ਇਸ *ਉਪਰੰਤ ਸਦਨ ਸ਼ੁੱਕਰਵਾਰ, ਮਿਤੀ 20 ਮਾਰਚ, 2015 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

Published under the authority of the Punjab Vidhan Sabha and typesetting & printed by the Controller, Printing & Stationery, Punjab at the Govt. Press, S.A.S. Nagar.

PGP, Mohali/8675/06-2015